
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫ਼ਤਾਵਾਰੀ
# ਦੇਸ਼ ਦੁਆਬਾ

VOL - 6 ISSUE - 22
September 6, 2017
Postal Address
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਵਰਤਮਾਨ ਸਮੱਸਿਆਵਾਂ- ਸਮਾਧਾਨ ਤੇ ਗਿਆਨੀ ਦਿੱਤ ਸਿੰਘ ਜੀ।
(ਡਾ. ਇੰਦਰਜੀਤ ਸਿੰਘ ਗੋਗੋਆਣੀ ਦਾ ਵਿਸ਼ੇਸ਼ ਲੇਖ ਦੇਖੋ ਸਫਾ 15 'ਤੇ)

## ਹਾਈਕੋਰਟ ਦੀ ਨਿਗਰਾਨੀ ਵਿਚ ਹੋਵੇਗੀ ਡੇਰੇ ਦੀ ਤਲਾਸ਼ੀ

**ਸਿਰਸਾ (ਬਿਊਰੋ)-** ਡੇਰਾ ਸੱਚਾ ਸੌਦਾ ਸਿਰਸਾ ਵਿੱਚ ਤਲਾਸ਼ੀ ਮੁਹਿੰਮ ਕਿਸੇ ਵੇਲੇ ਵੀ ਸ਼ੁਰੂ ਹੋ ਸਕਦੀ ਹੈ। ਇਹ ਤਲਾਸ਼ੀ ਰਿਟਾਇਰਡ ਜੱਜ ਦੀ ਅਗਵਾਈ ਵਿੱਚ ਲਈ ਜਾਵੇਗੀ। ਤਲਾਸ਼ੀ ਮੁਹਿੰਮ ਦੇ ਮੱਦੇਨਜ਼ਰ ਪੁਲਿਸ ਨੇ ਚੌਕਸੀ ਵਧਾ ਦਿੱਤੀ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਡੇਰਾ ਸਿਰਸਾ ਵਿੱਚ ਕਿਸੇ ਵੇਲੇ ਵੀ ਤਲਾਸ਼ੀ ਮੁਹਿੰਮ ਚਲਾਈ ਜਾ ਸਕਦੀ ਹੈ। ਇਹ ਤਲਾਸ਼ੀ ਮੁਹਿੰਮ ਸੇਵਾਮੁਕਤ ਜੱਜ ਕੇ. ਐਸ. ਪਵਾਰ ਦੀ ਨਿਗਰਾਨੀ ਹੇਠ ਚਲਾਈ ਜਾਵੇਗੀ। ਤਲਾਸ਼ੀ ਮੁਹਿੰਮ ਦੇ ਮੱਦੇਨਜ਼ਰ ਪੁਲਿਸ ਵੱਲੋਂ ਡੇਰੇ ਦੇ ਆਲੇ-ਦੁਆਲੇ ਸੁਰੱਖਿਆ ਵਧਾ ਦਿੱਤੀ ਗਈ ਹੈ। ਡੇਰਾ ਮੁਖੀ ਦੇ ਜੇਲ੍ਹ ਜਾਣ ਮਗਰੋਂ ਸਿਰਸਾ ਵਿੱਚ ਭੜਕੀ ਹਿੰਸਾ ਦੇ ਮੱਦੇਨਜ਼ਰ ਸੈਨਾ ਦੀਆਂ ਦੋ ਟੁਕੜੀਆਂ ਤੋਂ ਇਲਾਵਾ ਦਸ ਅਰਧ ਸੈਨਿਕ ਬਲ



ਦੀਆਂ ਟੁਕੜੀਆਂ ਤੇ ਪੰਜ ਹਰਿਆਣਾ ਪੁਲਿਸ ਦੀਆਂ ਟੁਕੜੀਆਂ ਤਾਇਨਾਤ ਹਨ। ਪ੍ਰਸ਼ਾਸਨ ਨੇ ਬਹੁਤੇ ਲੋਕਾਂ ਨੂੰ ਨਵੇਂ ਡੇਰੇ 'ਚੋਂ ਕੱਢ ਕੇ ਘਰਾਂ ਨੂੰ ਭੇਜ ਦਿੱਤਾ ਸੀ ਪਰ ਸੈਨਾ ਤੇ ਪੁਲਿਸ ਡੇਰੇ ਦੇ ਅੰਦਰ ਦਾਖ਼ਲ ਨਹੀਂ ਹੋਈ। ਹੁਣ ਅਦਾਲਤੀ ਆਦੇਸ਼ਾਂ 'ਤੇ ਨਵੇਂ ਡੇਰੇ ਤੇ ਪੁਰਾਣੇ ਡੇਰੇ ਵਿੱਚ ਤਲਾਸ਼ੀ ਮੁਹਿੰਮ ਚਲਾਈ ਜਾਵੇਗੀ। ਹਰਿਆਣਾ ਸਰਕਾਰ ਵੱਲੋਂ ਦਾਇਰ ਪਟੀਸ਼ਨ ਉਤੇ ਸੁਣਵਾਈ ਦੌਰਾਨ ਜਸਟਿਸ ਸੂਰਿਆ ਕਾਂਤ, ਜਸਟਿਸ ਅਗਸਟਾਇਨ ਮਸੀਹ ਅਤੇ ਜਸਟਿਸ ਅਵਨੀਸ਼ ਝਿੰਗਣ ਦੇ ਬੈਂਚ ਨੇ ਸਪੱਸ਼ਟ ਕੀਤਾ ਕਿ ਸੱਤ ਸੌ ਏਕੜ ਵਿੱਚ ਫੈਲੇ ਡੇਰੇ ਦੀ ਸਮੁੱਚੀ ਪੁਣਛਾਣ ਅਦਾਲਤੀ ਕਮਿਸ਼ਨਰ ਦੀਆਂ ਹਦਾਇਤਾਂ ਤੇ ਨਿਗਰਾਨੀ ਹੇਠ ਹੋਵੇਗੀ। ਹਰਿਆਣਾ ਸਰਕਾਰ ਨੂੰ ਇਸ ਪੁਣਛਾਣ ਪ੍ਰਕਿਰਿਆ ਵਿੱਚ ਸਹਿਯੋਗ ਲਈ ਇਕ ਡਿਊਟੀ ਮੈਜਿਸਟਰੇਟ ਨਿਯੁਕਤ ਕਰਨ ਦਾ ਵੀ ਆਦੇਸ਼ ਦਿੱਤਾ ਗਿਆ। **(ਬਾਕੀ ਸਫਾ 4 ਤੇ)**

## ਪੱਤਰਕਾਰ ਗੌਰੀ ਲੰਕੇਸ਼ ਦੀ ਗੋਲੀਆਂ ਮਾਰ ਕੇ ਹੱਤਿਆ



ਬੰਗਲੌਰ- ਸੀਨੀਅਰ ਪੱਤਰਕਾਰ ਅਤੇ ਸਮਾਜਿਕ ਕਾਰਕੁਨ ਗੌਰੀ ਲੰਕੇਸ਼ ਦੀ ਅੱਜ ਤਿੰਨ ਨਾਮੀ ਬਦਮਾਸ਼ਾਂ ਵੱਲੋਂ ਗੋਲੀ ਮਾਰ ਦੇ ਹੱਤਿਆ ਕਰ ਦਿੱਤੀ ਗਈ। ਕਰਨਾਟਕ ਦੇ ਗ੍ਰਹਿ ਮੰਤਰੀ ਰਾਮਾਲਿੰਗਾ ਰੈਡੀ ਨੇ ਇਸ ਭਿਆਨਕ ਵਾਰਦਾਤ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਅੱਜ ਤਿੰਨ ਬਦਮਾਸ਼ਾਂ ਨੇ ਗੌਰੀ ਦੇ ਘਰ ਵਿੱਚ ਦਾਖਲ ਹੋ ਕੇ ਸੱਤ ਗੋਲੀਆਂ ਚਲਾਈਆਂ। ਇਨ੍ਹਾਂ ਵਿੱਚੋਂ ਤਿੰਨ ਗੋਲੀਆਂ ਗੌਰੀ ਲੰਕੇਸ਼ ਨੂੰ ਲੱਗੀਆਂ, ਜਿਸ ਕਾਰਨ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਾਲੇ ਹੱਤਿਆ ਪਿਛਲੇ ਕਾਰਨਾਂ ਦਾ ਪਤਾ ਨਹੀਂ ਲਗ ਸਕਿਆ ਹੈ।

## ਮੁੱਖ ਮੰਤਰੀ ਵੱਲੋਂ 27 ਹਜ਼ਾਰ ਨੌਕਰੀਆਂ ਵੰਡਣ ਦਾ ਦਾਅਵਾ

**ਐਸ ਏ ਐਸ ਨਗਰ (ਮੁਹਾਲੀ)-** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 'ਘਰ ਘਰ ਰੁਜ਼ਗਾਰ ਸਕੀਮ' ਤਹਿਤ ਮੁਹਾਲੀ ਵਿੱਚ ਰਾਜ ਪੱਧਰੀ ਰੁਜ਼ਗਾਰ ਮੇਲੇ ਦੌਰਾਨ 27 ਹਜ਼ਾਰ ਨੌਜਵਾਨ ਲੜਕੇ ਲੜਕੀਆਂ ਨੂੰ ਰੁਜ਼ਗਾਰ ਦੇਣ ਦਾ ਦਾਅਵਾ ਕੀਤਾ ਹੈ। ਨੌਜਵਾਨਾਂ ਨੂੰ ਨਿਯੁਕਤੀ ਪੱਤਰ ਮੁੱਖ ਮੰਤਰੀ ਸਮੇਤ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ, ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਸਿਹਤ ਮੰਤਰੀ ਬ੍ਰਹਮ ਮਹਿੰਦਰਾ, ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਤੇ ਸਾਧੂ ਸਿੰਘ ਧਰਮਸੋਤ, ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਵਿਧਾਇਕ ਬਲਬੀਰ ਸਿੰਘ ਸਿੱਧੂ ਨੇ ਵੰਡੇ।



ਇਨ੍ਹਾਂ 27 ਹਜ਼ਾਰ ਨੌਜਵਾਨਾਂ ਵਿੱਚ 3 ਹਜ਼ਾਰ ਉਮੀਦਵਾਰਾਂ ਨੂੰ ਸਰਕਾਰੀ ਵਿਭਾਗਾਂ ਵਿੱਚ ਨੌਕਰੀ ਮਿਲੀ ਹੈ, ਜਿਨ੍ਹਾਂ ਵਿੱਚ 1337 ਨਵੇਂ ਭਰਤੀ ਕੀਤੇ ਗਏ ਅਧਿਆਪਕ ਵੀ ਸ਼ਾਮਲ ਹਨ। ਮੁੱਖ ਮੰਤਰੀ ਨੇ ਚੋਣਾਂ ਦੌਰਾਨ 'ਘਰ ਘਰ ਰੁਜ਼ਗਾਰ' ਦੇਣ ਦੇ ਵਾਅਦੇ ਨੂੰ ਪੂਰਾ ਕਰਨ ਲਈ ਪ੍ਰਾਈਵੇਟ ਕਾਲਜਾਂ ਨੂੰ ਢਾਲ ਬਣਾਏ ਜਾਣ ਦੀ ਵਿਰੋਧੀ ਧਿਰਾਂ ਵੱਲੋਂ ਸਖ਼ਤ ਨਿਖੇਧੀ ਕੀਤੀ ਜਾ ਰਹੀ ਹੈ। ਇਸ ਮੌਕੇ ਮੁੱਖ ਮੰਤਰੀ ਨੇ ਦੱਸਿਆ ਕਿ ਅੱਜ 27 ਹਜ਼ਾਰ ਨੌਜਵਾਨਾਂ ਨੂੰ ਨੌਕਰੀ ਦਿੱਤੀ ਗਈ ਹੈ ਤੇ 43 ਹਜ਼ਾਰ ਹੋਰ ਨਵੀਆਂ ਨੌਕਰੀਆਂ ਦੇਣ ਬਾਰੇ ਮੁੱਢਲੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਇਹ ਵੀ ਐਲਾਨ ਕੀਤਾ ਭਵਿੱਖ ਵਿੱਚ ਸਾਲ ਵਿੱਚ ਦੋ ਵਾਰ ਰੁਜ਼ਗਾਰ ਮੇਲੇ ਲਾਏ ਜਾਣਗੇ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


BERKSHIRE HATHAWAY Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

Jasvinder Sandhu
ਸੈਕਰਾਮੈਂਟੋ, ਰੋਜ਼ਵਿਲ, ਰਾਕਲਿੰਨ, ਨਟੋਮਸ ਆਦਿ ਇਲਾਕਿਆਂ ਵਿਚ ਰਿਹਾਇਸ਼ੀ ਅਤੇ ਵਪਾਰਕ ਸੰਪਤੀਆਂ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ। ਅਸੀਂ ਲੋਨ ਰੀ-ਫਾਇਨਾਂਸ ਲਈ ਵੀ ਮਦਦ ਕਰ ਸਕਦੇ ਹਾਂ।
Realtor CalBRE #01959230
Home Smart Icare Realty
3300 Douglas Blvd., Suite 280
Roseville CA 95661
Cell : 916-770-9334
Jasvinder.sandhu@yahoo.com

Jasvinder Sandhu

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

RE/MAX
Shaan Nijjar
(916) 751-8852 Realtor CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
rajasweetsandcatering
rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-338-5511
Email:
IndiaMarketRoseville@gmail.com




ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਫਰਿਜ਼ਨੋ ਸ਼ਹਿਰ ਦੇ ਵਿਕਟੋਰੀਆਂ ਪਾਰਕ ਦਾ ਨਾਂ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਮ ਤੇ ਰੱਖਿਆ ਗਿਆ






**ਫਰਿਜ਼ਨੋ, ਕੈਲੇਫੋਰਨੀਆਂ (ਨੀਟਾ ਮਾਛੀਕੇ /ਕੁਲਵੰਤ ਧਾਲੀਆਂ):** ਫਰਿਜ਼ਨੋ ਇਲਾਕੇ ਦੇ ਸਮੂੰਹ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਜੈਕਾਰਾ ਮੂਵਮਿੰਟ ਦੇ ਨੌਜਵਾਨ ਆਗੂ ਬੱਚਿਆਂ ਦੀਆਂ ਸਫਲ ਕੋਸ਼ਿਸ਼ਾ ਸਦਕਾ ਫਰਿਜ਼ਨੋ ਦੇ "ਵਿਕਟੋਰੀਆਂ ਪਾਰਕ" ਦਾ ਨਾਮ ਬਦਲ ਕੇ ਮਨੁੱਖੀ ਅਧਿਕਾਰਾਂ ਦੇ ਲਈ ਹੋਏ ਸਿੱਖ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਂਮ 'ਤੇ "ਸ਼ਹੀਦ ਜਸਵੰਤਿ ਸੰਘ ਖਾਲੜਾ ਪਾਰਕ" ਰੱਖ ਦਿੱਤਾ ਗਿਆ ਹੈ।

ਸਥਾਨਿਕ ਪੰਜਾਬੀ ਨੌਜਵਾਨ ਬੱਚੇ ਬੱਚੀਆਂ ਦੀ ਜੈਕਾਰਾ ਨਾਂਮੀ ਸੰਸਥਾ ਸਾਡੀ ਨਵੀਂ ਪਨੀਰੀ ਨੂੰ ਸਾਡੇ ਵਿਰਸੇ, ਬੋਲੀ, ਸੱਭਿਆਚਾਰ ਅਤੇ ਧਰਮ ਨਾਲ ਜੋੜਨ ਲਈ ਹਮੇਸ਼ਾਂ ਅਣਥੱਕ ਸੇਵਾਵਾਂ ਨਭਾ ਰਹੇ ਹਨ। ਜੈਕਾਰਾ ਬਹੁਤ ਸਮੇਂ ਤੋਂ ਫਰਿਜ਼ਨੋ ਸ਼ਹਿਰ ਦੇ ਵਿਕਟੋਰੀਆ ਪਾਰਕ ਦਾ ਨਾਮ ਮਨੁੱਖੀ ਅਧਿਕਾਰ ਸੰਸਥਾ ਦੇ ਆਗੂ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਮ ਤੇ ਰਖਵਾਉਣ ਲਈ ਸਿਟੀ ਕੌਂਸਲ ਨਾਲ ਆਪਣੀ ਮੰਗ ਸਾਂਝੀ ਕਰ ਚੁੱਕਿਆ ਸੀ। ਜਿਸ ਸੰਬੰਧੀ ਬੀਤੇ ਦਿਨੀ ਹੋਈ ਸਿਟੀ ਕੌਸ਼ਲ ਦੀ ਮੀਟਿੰਗ ਵਿੱਚ ਸਿਟੀ ਕੌਂਸਲ ਮੈਂਬਰਾਂ ਨੇ ਇਸ ਮਤੇ ਤੇ ਵੋਟ ਪਾ ਕੇ ਸਰਬ ਸੰਮਤੀ ਨਾਲ ਇਹ ਰੈਜ਼ੂਲੇਸ਼ਨ ਪਾਸ ਕਰ ਦਿੱਤਾ। ਇਸ ਮੌਕੇ ਸਿਟੀ ਹਾਲ ਅੰਦਰ ਪੰਜਾਬੀ ਵੱਡੀ ਗਿਣਤੀ ਵਿੱਚ ਹਾਜ਼ਰ ਪੰਜਾਬੀ ਭਾਈਚਾਰੇ ਨੇ ਜੈਕਾਰਿਆਂ ਦੀ ਗੂੰਜ਼ ਵਿੱਚ ਇਸ ਮਤੇ ਨੂੰ ਖੁਸ਼ੀ ਖੁਸ਼ੀ ਪ੍ਰਵਾਨਗੀ ਦਿੱਤੀ। ਇਸ ਮੌਕੇ ਜੈਕਾਰਾ ਮੂਵਮੈਂਟ ਦੇ ਵਲੰਟੀਅਰਾਂ ਨੇ ਕੌਂਸਲ ਅੱਗੇ ਆਪਣੀ ਗੱਲ ਰੱਖੀ। ਇਸ ਪ੍ਰੋਗਰਾਮ ਵਿੱਚ ਖਾਲੜਾ ਸਹਿਬ ਦੀ ਬੇਟੀ ਨਵਕਿਰਨ ਕੌਰ ਨੇ ਬੇ-ਏਰੀਏ ਤੋਂ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਪੰਜਾਬੀ ਭਾਈਚਾਰੇ ਨੇ ਇਸ ਮੌਕੇ ਫਰਿਜ਼ਨੋ ਸਿਟੀ ਮੇਅਰ ਲੀ-ਬਰੈਡ, ਕੌਂਸਲ ਮੈਬਰ ਕਲਿੰਟ ਓਲੀਵਰ, ਇਸਮਾਰਾਲੀਡਾ ਸੋਰਾਇਆ, ਓਲੀਵਰ ਬੇਂਸ, ਗੈਰੀ ਬਰੈਡਫਿਲਡ, ਪਾਲ ਕੈਪਰੀਗੈਲੋ ਦਾ ਇਸ ਇਤਿਹਾਸਕ ਫੈਸਲੇ ਲਈ ਸ਼ੁਕਰੀਆ ਅਦਾ ਕੀਤਾ। ਕੌਂਸਲ ਮੈਂਬਰ ਸਟੀਵ ਬਰੈਂਡਾਊ ਤੇ ਲੂਇਸ ਚਾਵੇਜ਼ ਇਸ ਮੀਟਿੰਗ ਵਿੱਚੋਂ ਗੈਰਹਾਜ਼ਰ ਰਹੇ। ਇਥੇ ਇਹ ਗੱਲ ਜਿਕਰਯੋਗ ਹੈ ਕਿ ਇਹ ਪਾਰਕ ਕਲਿੰਟਨ ਅਤੇ ਬਰਾਲੀ ਸਟਰੀਟ ਦੇ ਕੌਰਨਰ ਤੇ ਸਥਿਤ ਹੈ। ਇਸ ਪਾਰਕ ਵਿੱਚ ਪੰਜਾਬੀ ਕਮਿਊਨਟੀ ਅਤੇ ਸਮੁੱਚੇ ਅਮਰੀਕਨ ਭਾਈਚਾਰੇ ਦੀ ਵੱਡੀ ਗਿਣਤੀ ਵਿੱਚ ਅਕਸਰ ਇਕੱਤਰ ਹੁੰਦੀ ਰਹਿੰਦੀ ਹੈ। ਜਿੱਥੇ ਬੱਚੇ ਖੇਡਾਂ ਅਤੇ ਬਜ਼ੁਰਗ ਆਪਸੀਂ ਵਹਲੇ ਸਮੇਂ ਕਸਰਤ ਅਤੇਂ ਵਚਾਰਾ ਦੀ ਸਾਂਝ ਪਾਉਦੇ ਹਨ। ਖਾਸ ਕਰਕੇ ਪੰਜਾਬੀ ਬਜ਼ੁਰਗ ਹਰ ਰੋਜ਼ ਸ਼ਾਮੀਂ ਇਥੇ ਇਕੱਤਰ ਹੋਕੇ ਆਪਣੇ ਦੁੱਖ ਸੁੱਖ ਸਾਝੇ ਕਰਦੇ ਹਨ। ਇਸ ਇਤਿਹਾਸਕ ਐਲਾਨ ਨਾਲ ਪੂਰੇ ਫਰਿਜ਼ਨੋ ਏਰੀਏ ਦੇ ਪੰਜਾਬੀਆਂ ਵਿੱਚ ਖੁਸ਼ੀ ਦਾ ਮਹੌਲ ਬਣਿਆ ਹੋਇਆ ਹੈ ਅਤੇ ਲੋਕੀ ਇੱਕ ਦੂਜੇ ਨੂੰ ਵਧਾਈਆਂ ਦੇ ਰਹੇ ਹਨ। ਜੈਕਾਰਾ ਮੂਵਮਿੰਟ ਦੇ ਅਣਥੱਕ ਵਲੰਟੀਅਰਾਂ ਦੀ ਹਰ ਪਾਸਿਓ ਤਰੀਫ਼ ਹੋ ਰਹੀ ਹੈ।


ਸੋਹੰ

SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

Sri Guru Ravidass Temple Pittsburg, California's monthly programs

Guru Piari Sadh Sangat Ji,

Devoted families are requesting entire Sangat to attend the following functions:

September 10, 2017

Sukhmani Sahib Path and Langar Sewa – Open

Ragi Jatha of Bhai Sucha Singh ji from Patiala will be come to Gurughar for Kirtan Sewa.

September 17, 2017

Sukhmani Sahib Path and Langar Sewa – Open

Bhai Dharam Singh, Ardassia of Sri Harmandir Sahib will come to Gurughar for Katha Sewa.

September 24, 2017

Sukhmani Sahib Path and Langar Sewa - Open

October 6-7-8, 2017

77th Barsi of Hazoor Shri NabhKanwal Raja Sahib

The blessed and dedicated families are conducting the three days service of Akhand Path Sahib and Langar Sewa in the loving memories of Braham Giani Bhagwan Dass "Raja Sahib" on the occasion of his 77th Barsi. The Akhand Path will start at 10:00 AM on Friday, October 6 and conclude on Sunday, October 8, 2017. Prominent Kirtani Jathas are also coming to delight SANGAT with their melodious KIRTAN. Entire Sangat is requested to participate in the Barsi of Raja Sahib Ji. May Akal Purakh shower HIS blessings on his devotees.

October 19, 2017 (Thursday) - Diwali Celebrations

Diwali will be celebrated in Gurughar like previous years. Sukhmani Sahib Path will start at 6:00 PM. After, Sukhmani Sahib Path and Kirtan; Prasad, sweets and GURU KA LANGAR will be served.

*Please bring a candle to light that day.* www.sriguruavidasstemple.com

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |

# ਲਾਸ ਏਂਜਲਸ ਸ਼ਹਿਰ ਦੀ ਹੁਣ ਤੱਕ ਦੀ ਸਭ ਤੋਂ ਭਿਆਨਕ ਅੱਗ ਨੇ ਕਈ ਘਰ ਨਿਗਲੇ





**ਲਾਸ ਏਜਲਸ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲ-ਵੰਤ ਧਾਲੀਆਂ–** ਪੂਰਾ ਕੈਲੇਫੋਰਨੀਆਂ ਹੀ ਤਪਸ਼ ਵਾਲੇ ਮੌਸਮ ਦੀ ਮਾਰ ਝੱਲ ਰਿਹਾ ਹੈ। ਸੈਂਟਰਲ ਵੈਲੀ ਵਿੱਚ ਪਾਰਾ 112 ਡਿਗਰੀ ਫੈਰਨਹੀਟ ਤੋਂ ਘਟਣ ਦਾ ਨਾ ਨਹੀਂ ਲੈ ਰਿਹਾ। ਇਸੇ ਦੌਰਾਨ ਕੈਲੇਫੋਰਨੀਆਂ ਦੇ ਕਈ ਜੰਗਲਾ ਵਿੱਚ ਭਿਆਨਕ ਅੱਗ ਲੱਗੀ ਹੋਈ ਹੈ। ਜਿਸ ਕਾਰਨ ਜਨ-ਜੀਵਨ ਵੀ ਪ੍ਰਭਾਵਤ ਹੋ ਰਿਹਾ ਹੈ।

ਇਸ ਸਮੇਂ ਲਾਸ ਏਜਲਸ ਸ਼ਹਿਰ ਦੇ ਪਹਾੜੀ ਰਹਾਇਸ਼ੀ ਏਰੀਏ ਵਿੱਚ ਹੁਣ ਤੱਕ ਦੀ ਸਭ ਤੋਂ ਭਿਆਨਕ ਅੱਗ ਨੇ 5000 ਏਕੜਾ ਨੂੰ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ। ਪੂਰੇ ਕੈਲੇਫੋਰਨੀਆਂ ਤੋਂ ਸ਼ੈਂਕੜੇ ਫਾਇਰ ਫਾਈਟਰ ਇਸ ਵੱਡੀ ਅੱਗ ਨੂੰ ਬੁਝਾਉਣ ਲਈ ਦਿਨ ਰਾਤ ਇੱਕ ਕਰ ਰਹੇ ਹਨ। ਇਸ ਅੱਗ ਨਾਲ ਹੁਣ ਤੱਕ ਅੱਧੀ ਦਰਜ਼ਨ ਦੇ ਕਰੀਬ ਮਕਾਨ ਸੜ ਚੁਕੇ ਹਨ। ਕਈ ਫਾਇਰ ਫਾਈਟਰ ਵੀ ਡੀ-ਹਾਈਡਰੇਸ਼ਨ ਨਾਲ ਜੂਝ ਰਹੇ ਹਨ ਕੁਝ ਕੁ ਮਮੂਲੀ ਜਖਮੀਂ ਵੀ ਹੋਏ ਹਨ। ਲਾਸ ਏਜਲਸ ਸਿਟੀ ਮੇਅਰ ਇਰਕ ਗਾਰਸਿਟੀ ਨੇ ਦੱਸਿਆ ਕਿ ਇਹ ਅੱਗ ਖੁਸ਼ਕ ਮੌਸਮ ਤੇ ਗਰਮੀ ਦੀ ਤਪਸ਼ ਨਾਲ ਸੁਰੂ ਹੋਈ ਅਤੇ ਸਭ ਤੋਂ ਪਹਿਲਾਂ ਇਹਨੇ ਟੂਨਾਂ ਕੈਨੀਅਨ ਏਰੀਏ ਨੂੰ ਆਪਣੀ ਚਪੇਟ ਵਿੱਚ ਲਿਆ।

ਪਹਾੜੀ ਏਰੀਆ ਹੋਣ ਕਰਕੇ ਹਵਾਈ ਟੈਂਕਰਾ ਅਤੇ ਹੈਲੀਕਾਪਟਰਾਂ ਨੂੰ ਵਰਤੋਂ ਵਿੱਚ ਲਿਆਦਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਮੈਂਟਰੋ ਏਰੀਏ ਦੇ ਖਤਰੇ ਵਾਲੇ ਖੇਤਰਾਂ ਚੋਂ ਲੋਕਾਂ ਨੂੰ ਸੁਰੱਖਿਅਤ ਥਾਂਵਾਂ ਤੇ ਵੀ ਪਹੁੰਚਾਇਆ ਗਿਆ ਹੈ ਅਤੇ ਉਹਨਾਂ ਆਸ ਜਿਤਾਈ ਕਿ ਜਲਦੀ ਇਸ ਅੱਗ ਤੇ ਕਾਬੂ ਪਾ ਲਿਆ ਜਾਵੇਗਾ।

ਇਸੇ ਦੌਰਾਨ ਕੈਲੇਫੋਰਨੀਆਂ ਗਵਰਨਰ ਜੈਰੀ ਬਰਾਉਨ ਨੇ ਇਸ ਏਰੀਏ ਵਿੱਚ ਸਟੇਟ ਆਫ਼ ਐਮਰਜੈਂਸੀ ਵੀ ਐਲਾਨ ਦਿੱਤੀ ਹੈ।

## ਹਮਜਾ ਮਸਜਿਦ ਅਮਰ ਨਗਰ ਵਿਖੇ ਹੋਇਆ ਅਦਾ ਈਦ ਮਿਲਨ ਸਮਾਗਮ ਦਾ ਆਯੋਜਨ

**ਫਗਵਾੜਾ (ਰੱਤੂ)–** ਸਥਾਨਕ ਅਮਰ ਨਗਰ ਖੋਥੜਾਂ ਰੋਡ ਸਥਿਤ ਹਮਜਾ ਮਸਜਿਦ ਵਿਖੇ ਈਦ ਉਲ ਅਜਹਾ ਦਾ ਦੇ ਸਬੰਧ ਵਿਚ ਈਦ ਮਿਲਨ ਸਮਾਗਮ ਦਾ ਆਯੋਜਨ ਕੀਤਾ ਗਿਆ। ਮਸਜਿਦ ਕਮੇਟੀ ਪ੍ਰਧਾਨ ਮੁਹੰਮਦ ਸ਼ਾਦਾਬ ਦੀ ਅਗਵਾਈ ਹੇਠ ਆਯੋਜਿਤ ਸਮਾਗਮ ਵਿਚ ਬਤੌਰ ਮੁੱਖ ਬੁਲਾਰੇ ਯੁਵਾ ਵਿਕਾਸ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਅਨੁ ਸਹੋਤਾ, ਸੂਬਾ ਜਨਰਲ ਸਕੱਤਰ ਅਸ਼ਵਨੀ ਸਹੋਤਾ, ਲਾਈਨਜ ਕਲੱਬ ਦੇ ਸਾਬਕਾ ਗਵਰਨਰ ਹਰੀਸ਼ ਬੰਗਾ, ਸਾਬਕਾ ਨਗਰ ਕੌਂਸਲ ਫਗਵਾੜਾ ਪ੍ਰਧਾਨ ਮਲਕੀਤ ਸਿੰਘ ਰਘਬੋਤਰਾ ਤੋਂ ਇਲਾਵਾ ਲਾਇਨ ਰਜਨੀ ਬੰਗਾ, ਇੰਜੀਨੀਅਰ ਪਰਮਜੀਤ ਸਿੰਘ, ਮੈਨੇਜਰ ਕਨਵਰਪ੍ਰੀਤ ਸਿੰਘ, ਕੌਂਸਲਰ ਹੁਸਨ ਲਾਲ, ਸਰਪੰਚ ਸੁਖਵੰਤ ਸਿੰਘ ਬਸਰਾ ਸ਼ਾਮਲ ਹੋਏ।




ਉਹਨਾਂ ਆਪੋ ਆਪਣੇ ਸੰਬੋਧਨ ਵਿਚ ਕਿਹਾ ਕੋਈ ਵੀ ਧਰਮ ਨਫਰਤ ਨਹੀਂ ਸਿਖਾਉਂਦਾ। ਸਾਨੂੰ ਸਾਰਿਆਂ ਨੂੰ ਭਾਈਚਾਰਕ ਸਾਂਝ ਮਜਬੂਤ ਬਨਾਉਣ ਲਈ ਅਜਿਹੇ ਸਮਾਗਮਾ ਦਾ ਆਯੋਜਨ ਹਰ ਤਿਓਹਾਰ ਤੇ ਕਰਨਾ ਚਾਹੀਦਾ ਹੈ। ਅਨੁੰ ਸਹੋਤਾ ਅਤੇ ਹਰੀਸ਼ ਬੰਗਾ ਨੇ ਹਮਜਾ ਮਸਜਿਦ ਦੇ ਪ੍ਰਬੰਧਕਾਂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਪ੍ਰਬੰਧਕਾਂ ਵਲੋਂ ਪ੍ਰਮੁਖ ਸ਼ਖਸੀਅਤਾਂ ਅਤੇ ਪਤਵੰਤਿਆਂ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਵੀ ਕੀਤਾ ਗਿਆ। ਅਖੀਰ ਵਿਚ ਮੁਹੰਮਦ ਸ਼ਾਦਾਬ ਵਲੋਂ ਪਹੁੰਚੀਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਇਮਾਮ ਮੌਲਾਨਾ ਮੁਹੰਮਦ ਅਖਤਰ ਹੁਸੈਨ, ਸਕੱਤਰ ਮੁਹੰਮਦ ਮੁੰਨਾ, ਅਬਦੁਲ ਰਹਿਮਾਨ, ਖਜਾਨਚੀ ਮੁਹੰਮਦ ਇਰਫਾਨ, ਸਲਾਹਕਾਰ ਬੀ.ਐਚ. ਖਾਨ, ਮੋਤੀ ਉਰ ਰਹਿਮਾਨ, ਮੁਹੰਮਦ ਲਾਈਕ ਅਹਿਮਦ, ਮੁੰਨਾ ਖਾਨ ਆਦਿ ਵੀ ਹਾਜਰ ਸਨ।

## ਗੁਰਦੁਵਾਰਾ ਹੇਵਰਡ ਵਿਖੇ ਪ੍ਰੋ. ਦਰਸ਼ਨ ਸਿੰਘ ਖਾਲਸਾ ਦਾ ਕੀਰਤਨ ਵਖਿਆਨ

ਪਿਛਲੇ ਹਫਤੇ ਹੇਵੜ ਗੁਰਦਵਾਰਾ ਸਾਹਿਬ ਵਿਖੇ ਸਾਬਕਾ ਜਥੇਦਾਰ ਸਿੰਘ ਸਾਹਿਬ ਪ੍ਰੋ ਦਰਸ਼ਨ ਸਿੰਘ ਜੀ ਨੇ ਕੀਰਤਨ ਵਖਿਆਨ ਕੀਤਾ। ਉਨ੍ਹਾ ਨਾਲ ਖੜੇ ਹਨ ਸੱਜਿਓਂ ਖੱਬੇ ਡਾਕਟਰ ਗੁਰਮੀਤ ਸਿੰਘ ਬਰਸਾਲ, ਪ੍ਰਚਾਰਕ ਪਰਮਜੀਤ ਸਿੰਘ ਉਤਰਾਖੰਡ, ਸਰਦਾਰ ਜੋਗਿੰਦਰ ਸਿੰਘ ਸਾਇੰਸਟੈਸਟ, ਗ੍ਰੰਥੀ ਧਰਮਵੀਰ ਸਿੰਘ, ਸੇਵਾਦਾਰ ਚਰਨ ਸਿੰਘ ਦਿੱਲ੍ਹੀ, ਪ੍ਰੋ ਦਰਸ਼ਨ ਸਿੰਘ, ਹਰਸਿਮਰਤ ਕੌਰ ਖਾਲਸਾ, ਦਾਸ ਅਵਤਾਰ ਸਿੰਘ ਮਿਸ਼ਨਰੀ,



ਸਰਦਾਰ ਸੁਖਵਿੰਦਰ ਸਿੰਘ ਵੜੈਚ ਸਕੱਤਰ, ਕੁਝ ਪ੍ਰਬੰਧਕ ਅਤੇ ਸੰਗਤਾਂ।

ਸਿੰਘ ਸਾਹਿਬ ਨੇ ਵਖਿਆਨ ਕਰਦੇ, ਪਹਿਰੇਦਾਰ ਬਾਰੇ ਚਾਨਣਾ ਪਾਉਂਦੇ ਕਿਹਾ ਕਿ ਪ੍ਰਬੰਧਕ, ਪ੍ਰਚਾਰਕ, ਰਾਗੀ, ਗ੍ਰੰਥੀ ਅਤੇ ਸੇਵਾਦਾਰ ਸਿੱਖੀ ਰੂਪ ਖੇਤੀ ਦੇ ਪਹਿਰੇਦਾਰ ਨੇ ਪਰ ਇਨ੍ਹਾ ਦੇ ਸਾਹਮਣੇ ਬ੍ਰਾਹਮਣੀ ਕਰਮਕਾਂਡ, ਸਾਧ ਬਾਬੇ, ਸ਼ਰੇਆਮ ਸਿੱਖੀ ਸਿਧਾਂਤਾਂ ਨੂੰ ਲੁੱਟੀ ਜਾ ਰਹੇ ਹਨ ਤੇ ਇਹ ਸਭ ਤਮਾਸ਼ਬੀਨ ਬਣ ਤਮਾਸ਼ਾ ਦੇਖ ਰਹੇ ਹਨ।

ਮੈਂ ਤਾਂ ਇੱਕ ਜਾਗਦਾ ਪਹਿਰੇਦਾਰ ਹਾਂ ਤੇ ਗੁਰ ਸਿਧਾਂਤਾਂ ਦਾ ਹੋਕਾ ਦਈ ਜਾ ਰਿਹਾ ਹਾਂ। ਨਾਲ ਹੀ ਉਨ੍ਹਾਂ ਕਿਹਾ ਕਿ ਪ੍ਰਬੰਧਕ ਜਿਨ੍ਹਾਂ ਕੋਲ ਪਾਵਰ ਹੈ ਉਨ੍ਹਾਂ ਨੂੰ ਵਧੇਰੇ ਜਾਗਣ ਦੀ ਲੋੜ ਹੈ। ਪ੍ਰਚਾਰਕਾਂ ਨੂੰ ਵੀ ਸੱਚ ਕਹਿੰਦੇ ਰੋਜੀ ਰੋਟੀ ਦੇ ਮੋਹ ਵਿੱਚ ਸਿਧਾਂਤ ਪੈਰਾਂ 'ਚ ਨਹੀਂ ਰੋਲਣੇ ਚਾਹੀਦੇ, ਗੁਰੂ ਤੇ ਪੂਰਨ ਭਰੋਸਾ ਵੀ ਰੱਖਣਾ ਚਾਹੀਦਾ ਹੈ-ਜਿਨ ਪੈਦਾਇਸ਼ ਤੂੰ ਕੀਆ ਸੋਈ ਦੇਹਿ ਅਧਾਰ॥ (ਗੁਰੂ ਗ੍ਰੰਥ)

**–ਅਵਤਾਰ ਸਿੰਘ ਮਿਸ਼ਨਰੀ**

## ਪੂਰੇ ਦੇਸ਼ ਵਿਚ ਸਰਕਾਰੀ ਸਕੂਲਾਂ ਦਾ ਨਿੱਜੀਕਰਨ ਹੋਵੇਗਾ

**ਨਵੀਂ ਦਿੱਲੀ–** ਕੁਝ ਸਮਾਂ ਪਹਿਲਾਂ ਤਕ ਮਧ ਪ੍ਰਦੇਸ਼ ਦੀ ਸ਼ਿਵਰਾਜਸਿਘ ਸਰਕਾਰ ਨੇ ਸਰਕਾਰੀ ਸਕੂਲਾਂ ਦੇ ਨਿੱਜੀਕਰਨ ਦੀ ਯੋਜਨਾ ਬਣਾਈ ਸੀ ਪਰ ਹੁਣ ਮੋਦੀ ਸਰਕਾਰ ਨੇ ਪੂਰੇ ਦੇਸ਼ ਵਿਚ ਸਰਕਾਰੀ ਸਕੂਲਾਂ ਦੇ ਨਿੱਜੀਕਰਨ ਦੀ ਤਿਆਰੀ ਆਰੰਭ ਕਰ ਲਈ ਹੈ।ਨੀਤੀ ਆਯੋਗ ਨੇ ਦਲੀਲ ਦਿੱਤੀ ਹੈ ਕਿ ਪੜ੍ਹਾਈ-ਲਿਖਾਈ ਦੇ ਲਿਹਾਜ ਨਾਲ ਖਰਾਬ ਪੱਧਰ ਵਾਲੇ ਸਰਕਾਰੀ ਸਕੂਲਾਂ ਨੂੰ ਨਿੰਜੀ ਹੱਥਾਂ ਵਿਚ ਸੌਂਪ ਦਿੱਤਾ ਜਾਣਾ ਚਾਹੀਦਾ ਹੈ। ਆਯੋਗ ਨੇ ਮੰਨਿਆ ਕਿ ਅਜਿਹੇ ਸਕੂਲਾਂ ਨੂੰ ਜਨਤਕ-ਨਿੰਜੀ ਹਿੱਸੇਦਾਰੀ ਦੇ ਤਹਿਤ ਨਿੰਜੀ ਕੰਪਨੀਆਂ ਨੂੰ ਦੇ ਦਿੱਤਾ ਜਾਣਾ ਚਾਹੀਦਾ ਹੈ। ਕਮਿਸ਼ਨ ਨੇ ਹਾਲ ਹੀ ਵਿਚ ਜਾਰੀ ਤਿੰਨ ਸਾਲ ਦੇ ਏਜੰਡੇ ਵਿਚ ਇਹ ਸਿਫਾਰਸ਼ ਕੀਤੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਇਹ ਸੰਭਾਵਨਾ ਲੱਭੀ ਜਾਣੀ ਚਾਹੀਦੀ ਹੈ ਕਿ ਨਿੰਜੀ ਖੇਤਰ ਪ੍ਰਤੀ ਵਿਦਿਆਰਥੀ ਦੇ ਆਧਾਰ ਤੇ ਜਨਤਕ ਤੌਰ ਤੇ ਵਿੱਤ ਦੀ ਕਮੀ ਵਾਲੇ ਸਰਕਾਰੀ ਸਕੂਲਾਂ ਨੂੰ ਅਪਣਾ ਸਕਦੇ ਹਨ। ਰਿਪੋਰਟ ਮੁਤਾਬਕ ਸਮੇਂ ਦੇ ਨਾਲ ਸਰਕਾਰੀ ਸਕੂਲਾਂ ਦੀ ਗਿਣਤੀ ਵਧੀ ਹੈ, ਪਰ ਇਸ ਵਿਚ ਦਾਖਲੇ ਵਿਚ ਵਰਣਨਯੋਗ ਕਮੀ ਆਈ ਹੈ, ਜਦਕਿ ਦੂਜੇ ਪਾਸੇ ਨਿੰਜੀ ਸਕੂਲਾਂ ਵਿਚ ਦਾਖਲਾ ਲੈਣ ਵਾਲਿਆਂ ਦੀ ਗਿਣਤੀ ਵਧੀ ਹੈ। ਇਸ ਨਾਲ ਸਰਕਾਰੀ ਸਕੂਲਾਂ ਦੀ ਸਥਿਤੀ ਖਰਾਬ ਹੋਈ ਹੈ। ਕਮਿਸ਼ਨ ਨੇ ਕਿਹਾ ਕਿ ਅਧਿਆਪਕਾਂ ਦੀ ਗੈਰ ਹਾਜ਼ਰੀ ਦੀ ਉਚੀ ਦਰ, ਅਧਿਆਪਕਾਂ ਦੇ ਕਲਾਸ ਵਿਚ ਰਹਿਣ ਦੌਰਾਨ ਪੜ੍ਹਾਈ 'ਤੇ ਲੋੜੀਂਦਾ ਵਕਤ ਨਹੀਂ ਦੇਣਾ ਅਤੇ ਆਮ ਤੌਰ ਤੇ ਸਿੱਖਿਆ ਦੀ ਖਰਾਬ ਕੁਆਲਟੀ ਮਹੱਤਵਪੂਰਨ ਕਾਰਨ ਹੈ, ਜਿਸ ਕਾਰਨ ਸਰਕਾਰੀ ਸਕੂਲਾਂ ਵਿਚ ਦਾਖਲੇ ਘੱਟ ਹੋ ਰਹੇ ਹਨ ਅਤੇ ਉਹਨਾਂ ਦੀ ਸਥਿਤੀ ਖਰਾਬ ਹੋਈ ਹੈ। ਨਿੰਜੀ ਸਕੂਲਾਂ ਦੇ ਮੁਕਾਬਲੇ ਸਰਕਾਰੀ ਸਕੂਲਾਂ ਦਾ ਨਤੀਜਾ ਖਰਾਬ ਹੈ। ਰਿਪੋਰਟ ਦੇ ਮੁਤਾਬਕ ਇਸ ਸੰਦਰਭ ਵਿਚ ਹੋਰ ਠੋਸ ਵਿਚਾਰਾਂ ਦੀ ਸੰਭਾਵਨਾ ਲੱਭਣ ਦੇ ਲਈ ਇਯ ਵਿਚ ਦਿਲਚਸਪੀ ਰੱਖਣ ਵਾਲੇ ਰਾਜਾਂ ਦੀ ਹਿੱਸੇਦਾਰੀ ਦੇ ਨਾਲ ਇਕ ਵਰਕਿੰਗ ਗਰੁੱਪ ਗਠਿਤ ਕੀਤਾ ਜਾਣਾ ਚਾਹੀਦਾ ਹੈ।

## ਕੈਲੀਫੋਰਨੀਆ ਵਿੱਚ ਟਮਾਟਰਾਂ ਫਸਲ ਦੀ ਕਟਾਈ ਅਧੁਨਿਕ ਮਸ਼ੀਨਾਂ ਨਾਲ

### "ਮਸ਼ੀਨੀਕਰਨ ਨਾਲ ਬੇਰੁਜ਼ਗਾਰੀ ਵਿੱਚ ਵਾਧਾ"



**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਸੈਟਰਲ ਵੈਲੀ ਕੈਲੀਫੋਰਨੀਆਂ ਉਪਜਾਉ ਧਰਤੀ ਅਤੇ ਚੰਗਾ ਵਾਤਾਵਰਣ ਹੋਣ ਕਰਕੇ ਸਬਜ਼ੀਆਂ ਦੀ ਖੇਤੀ ਵਿੱਚ ਅਮਰੀਕਾ ਵਿੱਚ ਸਭ ਤੋਂ ਅੱਗੇ ਹੈ। ਇੱਥੋ ਹੀ ਬਹੁਤ ਸਾਰੇ ਫਲ, ਸਬਜ਼ੀਆਂ ਅਤੇ ਫਰੂਟ ਸਾਰੇ ਅਮਰੀਕਾ ਅੰਦਰ ਭੇਜੇ ਜਾਂਦੇ ਹਨ। ਇਸੇ ਹੀ ਗੱਲ ਦਾ ਜਾਇਜਾ ਲੈਂਦੇ ਹੋਏ ਟਮਾਟਰਾਂ ਦੀ ਹਾਰਵੈਸ਼ਟਿੰਗ (ਕਟਾਈ) ਦਾ ਜਾਇਜਾ ਲਿਆ ਅਤੇ ਪ੍ਰਬੰਧਕਾਂ ਨਾਲ ਗੱਲ-ਬਾਤ ਕੀਤੀ। ਇਸ ਸਾਲ ਕਿਸਾਨਾਂ ਲਈ ਪਾਣੀ 'ਤੇ ਲੱਗੀ ਸਰਕਾਰੀ ਰੋਕ ਹਟ ਗਈ। ਜਿਸ ਕਾਰਨ ਖੇਤੀ-ਬਾੜੀ ਦਾ ਰਕਬਾ ਵੀ ਪਹਿਲਾ ਵਾਂਗ ਵੱਧ ਗਿਆ। ਇਸ ਸਾਲ ਵੱਧ ਪਾਣੀ ਨਾਲ ਹੋਣ ਵਾਲੀ ਟਮਾਟਰਾਂ ਦੀ ਫਸਲ ਬਹੁਤ ਵਧੀਆਂ ਅਤੇ ਵਧੇਰੇ ਝਾੜ ਵਾਲੀ ਹੋਈ ਹੈ। ਜਿਸ ਤੋਂ ਉਤਪਾਦਕ ਅਤੇ ਵਿਉਪਾਰੀ ਖੁਸ਼ ਹਨ। ਪਰ ਆ-ਧੁਨਿਕ ਮਸ਼ੀਨਾਂ ਦੇ ਆ ਜਾਣ ਨਾਲ ਕਾਮਿਆਂ ਨੂੰ ਕਾਫ਼ੀ ਨਿਰਾਸਤਾ ਹੋਈ ਹੈ। ਅਜਿਹਾ ਕਰਦੇ ਹੋਏ ਬੇਰੁਜ਼ਗਾਰੀ ਦਾ ਕਾਫੀ ਵਾਧਾ ਹੋਇਆ।

ਪਹਿਲੇ ਸਮੇਂ ਵਿੱਚ ਇੱਕ ਮਸ਼ੀਨ ਨੂੰ ਚਲਾਉਣ ਵਿੱਚ ਵੀਹ ਤੋਂ ਪੱਚੀ ਆਦਮੀ ਕੰਮ ਕਰਦੇ ਸਨ। ਪਰ ਹੁਣ ਮਸ਼ੀਨ ਕੰਪਿਊਟਰਾਈਜ਼ਡ ਹੋਣ ਕਰਕੇ ਇਕ ਹੀ ਡਰਾਈਵਰ ਚਲਾ ਰਿਹਾ ਹੈ। ਚੰਗੇ ਅਤੇ ਮਾੜੇ ਟਮਾਟਰਾਂ ਦੀ ਛਟਾਈ ਮਸ਼ੀਨ ਆਪ ਕਰਕੇ, ਮਾੜੇ ਅਤੇ ਕੱਚੇ ਟਮਾਟਰ ਆਪ ਹੀ ਬਾਹਰ ਸੁੱਟ ਦਿੰਦੀ ਹੈ। ਇਸ ਤੋਂ ਪਹਿਲਾ ਇਹ ਸਾਰਾ ਕਾਰਜ ਕਾਮਿਆ ਦੁਆਰਾ ਕੀਤਾ ਜਾਂਦਾ ਸੀ।

ਇਸ ਤੋਂ ਬਾਅਦ ਟਮਾਟਰਾਂ ਨੂੰ ਬਾਹਰ ਪ੍ਰੋਸ਼ੈਸ਼ਿੰਗ ਕੰਪਨੀਆਂ ਵਿੱਚ ਭੇਜ ਦਿੱਤਾ ਜਾਂਦਾ ਹੈ। ਜਿੱਥੋ ਤਰ੍ਹਾਂ-ਤਰ੍ਹਾਂ ਦੇ ਸਲਾਦ, ਕੈਚਅੱਪ, ਪੇਸ਼ਟ ਜਾਂ ਹੋਰ ਬਣਨ ਵਾਲੇ ਪਦਾਰਥਾਂ ਵਿੱਚ ਇਹ ਟਮਾਟਰ ਆਪਣਾ ਸੁਆਦ ਲੈ ਹਰ ਘਰ ਦੀ ਰਸੋਈ ਦਾ ਸ਼ੁਆਦ ਬਣਦੇ ਹਨ।

## ਹਾਈਕੋਰਟ ਦੀ ਨਿਗਰਾਨੀ ਵਿਚ ਹੋਵੇਗੀ ਡੇਰੇ ਦੀ ਤਲਾਸ਼ੀ

(ਸਫਾ 1 ਦੀ ਬਾਕੀ)

ਬੈਂਚ ਨੇ ਇਹ ਵੀ ਸਪੱਸ਼ਟ ਕੀਤਾ ਕਿ ਵੀਡੀਓਗ੍ਰਾਫੀ ਅਧੀਨ ਨੇਪਰੇ ਚੜ੍ਹਨ ਵਾਲੀ ਇਸ ਪ੍ਰਕਿਰਿਆ ਦੌਰਾਨ ਮਾਲ, ਟੈਕਸ, ਫੋਰੈਂਸਿਕ ਮਾਹਰਾਂ ਅਤੇ ਨੀਮ ਫੌਜੀ ਦਸਤਿਆਂ ਦਾ ਵੀ ਸਹਿਯੋਗ ਲਿਆ ਜਾਵੇ। ਅਦਾਲਤੀ ਕਮਿਸ਼ਨਰ ਪੁਣਛਾਣ ਦੀ ਪ੍ਰਕਿਰਿਆ ਦੌਰਾਨ ਮਿਲਣ ਵਾਲੇ ਸਾਰੇ ਸਾਮਾਨ ਦਾ ਪੂਰਾ ਰਿਕਾਰਡ ਰੱਖੇਗਾ ਅਤੇ ਹਾਈ ਕੋਰਟ ਤੇ ਸਰਕਾਰ ਨੂੰ ਵਿਸਤਾਰ ਨਾਲ ਰਿਪੋਰਟ ਸੌਂਪੇਗਾ। ਸਿਰਸਾ ਜਾਂ ਕਿਸੇ ਵੀ ਹੋਰ ਥਾਂ ਕਮਿਸ਼ਨਰ ਨੂੰ ਸਰਕਾਰੀ ਗੱਡੀ, ਸੁਰੱਖਿਆ ਅਤੇ ਹੋਰ ਸਹਾਇਤਾ ਮੁਹੱਈਆ ਕਰਨ ਲਈ ਵੀ ਹਰਿਆਣਾ ਸਰਕਾਰ ਨੂੰ ਆਦੇਸ਼ ਦਿੱਤਾ ਗਿਆ। ਅਦਾਲਤੀ ਕਮਿਸ਼ਨਰ ਲੋੜ ਮੁਤਾਬਕ ਕਿਸੇ ਵੀ ਹੋਰ ਏਜੰਸੀ ਤੋਂ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਲੈਣ ਦਾ ਵੀ ਹੱਕਦਾਰ ਹੋਵੇਗਾ। ਹਰਿਆਣਾ ਸਰਕਾਰ ਨੂੰ ਹਾਲ ਦੀ ਘੜੀ ਅਦਾਲਤੀ ਕਮਿਸ਼ਨਰ ਨੂੰ 1.25 ਲੱਖ ਰੁਪਏ ਦਾ ਅੰਤਰਿਮ ਭੁਗਤਾਨ ਕਰਨ ਲਈ ਕਿਹਾ ਗਿਆ ਹੈ।

ਹਾਲਾਤ ਸੁਖਾਵੇਂ ਹੋਣ 'ਤੇ ਡੇਰੇ ਨਾਲ ਲੱਗਦੇ ਇਲਾਕਿਆਂ ਅਤੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਲਾਏ ਕਰਫਿਊ ਵਿੱਚ ਚਾਰ ਘੰਟਿਆਂ ਦੀ ਢਿੱਲ ਦਿੱਤੀ ਗਈ। ਸਿਰਸਾ ਸ਼ਹਿਰ ਵਿੱਚੋਂ ਕਰਫਿਊ ਪਹਿਲਾਂ ਹੀ ਹਟਾਇਆ ਜਾ ਚੁੱਕਿਆ ਹੈ। ਇੱਥੇ ਰੇਲ ਸੇਵਾ ਅਜੇ ਤੱਕ ਬਹਾਲ ਨਹੀਂ ਕੀਤੀ ਗਈ, ਜਦੋਂਕਿ ਬੱਸ ਸੇਵਾ ਬਹਾਲ ਕਰ ਦਿੱਤੀ ਗਈ ਹੈ।

### ਹਨੀਪ੍ਰੀਤ ਦੀ ਭਾਲ ਜਾਰੀ

ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੇ ਨੇੜਲਿਆਂ ਵਿੱਚੋਂ ਇਕ ਹਨੀਪ੍ਰੀਤ ਇੰਸਾਂ ਦੀ ਭਾਲ ਵਿੱਚ ਹਰਿਆਣਾ ਪੁਲੀਸ ਖੇੜੀ ਪੁੱਜੀ। ਪੁਲਿਸ ਨੂੰ ਸ਼ੱਕ ਹੈ ਕਿ ਉਹ ਇੱਥੋਂ ਨੇਪਾਲ ਭੱਜ ਸਕਦੀ ਹੈ। ਪੁਲੀਸ ਦੇ ਵਧੀਕ ਸੁਪਰਡੈਂਟ (ਏਐਸਪੀ) ਘਣਸ਼ਾਮ ਚੌਰਸੀਆ ਨੇ ਹਰਿਆਣਾ ਪੁਲਿਸ ਦੇ ਦੋ ਮੁਲਾਜ਼ਮਾਂ ਦੇ ਖੇੜੀ ਵਿੱਚ ਗੌਰੀਫਾਂਟਾ ਸਰਹੱਦ ਉਤੇ ਆਉਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਹਰਿਆਣਾ ਪੁਲੀਸ ਨੇ ਗੌਰੀਫਾਂਟਾ ਪੁਲਿਸ ਨਾਲ ਕੁਝ ਜਾਣਕਾਰੀ ਵੀ ਸਾਂਝੀ ਕੀਤੀ।

# ਸਾਕਾ ਪੰਜਾ ਸਾਹਿਬ ਦੀ ਯਾਦ ਵਿਚ ਦੀਵਾਨ ਸਜਾਏ ਗਏ







**ਯੂਬਾ ਸਿਟੀ–** ਗੁਰਦੁਆਰਾ ਬਾਬਾ ਬੁੱਢਾ ਜੀ ਸਿੱਖ ਟੈਂਪਲ ਵਿਖੇ ਬੀਤੇ ਐਤਵਾਰ ਨੂੰ ਓਲਿਵਹਸਟ ਕੈਲੇਫੋਰਨੀਆ (ਨੇੜੇ ਯੂਬਾ ਸਿਟੀ) ਵਿਖੇ ਸਾਕਾ ਪੰਜਾ ਸਾਹਿਬ ਦੇ ਸਬੰਧ ਵਿਚ ਦੀਵਾਨ ਸਜਾਏ ਗਏ। ਗਿਆਨੀ ਇੰਦਰਜੀਤ ਸਿੰਘ ਯੂ. ਕੇ. ਵਾਲਿਆਂ ਨੇ ਸਪੈਸ਼ਲ ਤੌਰ ਤੇ ਗੁਰੂ ਘਰ ਦੇ ਸੱਦੇ ’ਤੇ ਆ ਕੇ ਗੁਰੂ ਇਤਿਹਾਸ ਦੀ ਕਥਾ ਸੁਣਾਉਂਦਿਆਂ ਹੋਇਆਂ ਦੱਸਿਆ ਕਿ ਪੰਜਾ ਸਾਹਿਬ ਉਹ ਦਿਨ ਹੈ ਇਤਿਹਾਸ ਵਿਚ ਜਿਸ ਦਿਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬਲੀ ਕੰਧਾਰੀ ਵੱਲੋਂ ਰੋੜਿਆ ਬਹੁਤ ਵੱਡਾ ਪੱਥਰ ਗੁਰੂ ਸਾਹਿਬ ਨੇ ਪੰਜਾ ਲਾ ਕੇ ਰੋਕਿਆ ਸੀ। ਉਸ ਪੱਥਰ ’ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜਾ ਅੱਜ ਵੀ ਮੌਜੂਦ ਹੈ। ਕੋਈ ਗੁਰਸਿੱਖ ਅੱਜ ਵੀ ਦਰਸ਼ਨ ਕਰ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਲੀ ਕੰਧਾਰੀ ਜੋ ਬਹੁਤ ਹੰਕਾਰਿਆ ਫਿਰਦਾ ਸੀ, ਉਸਦਾ ਹੰਕਾਰ ਤੋੜਿਆ ਅਤੇ ਬਲੀ ਕੰਧਾਰੀ ਨੇ ਗੁਰੂ ਸਾਹਿਬ ਦੇ ਚਰਨਾਂ ’ਤੇ ਡਿੱਗ ਕੇ ਮੁਆਫੀ ਮੰਗੀ ਅਤੇ ਸਿੱਖੀ ਦਾ ਪ੍ਰਚਾਰ ਕਰਨ ਦੀ ਆਗਿਆ ਮੰਗੀ। ਇਸ ਤੋਂ ਇਲਾਵਾ ਭਾਈ ਗਗਨਦੀਪ ਸਿੰਘ ਤੇ ਰਾਗੀ ਜਥਾ ਭਾਈ ਸੁਖਦੇਵ ਸਿੰਘ ਸੈਕਰਾਮੈਂਟੋ ਵਾਲਿਆਂ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਅਖੰਡ ਪਾਠ ਅਤੇ ਤਿੰਨੇ ਦਿਨ ਲੰਗਰਾਂ ਦੀ ਸੇਵਾ ਗੁਰਚਰਨ ਸਿੰਘ ਸਿੱਧੂ ਪਰਿਵਾਰ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਕੀਤੀ। ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# 26ਵੇਂ ‘ਮੇਲਾ ਗ਼ਦਰੀ ਬਾਬਿਆਂ ਦਾ’ ਦੀ ਸਫ਼ਲਤਾ ਸਬੰਧੀ ਵਿਚਾਰ-ਚਰਚਾ

**ਜਲੰਧਰ–** ਗ਼ਦਰੀ ਬਾਬਿਆਂ ਦੇ ਮੇਲੇ ਨੂੰ ਹਰ ਪੱਖੋਂ ਸਫ਼ਲਤਾ ਦੀਆਂ ਬੁਲੰਦੀਆਂ ’ਤੇ ਪਹੁੰਚਾਉਣ ਲਈ ਗੰਭੀਰ ਵਿਚਾਰਾਂ ਕਰਨ ਵਾਸਤੇ ਬੁੱਧੀਜੀਵੀਆਂ, ਰੰਗ ਕਰਮੀਆਂ, ਗ਼ਦਰੀ ਦੇਸ਼ ਭਗਤਾਂ ਦੇ ਪਿੰਡਾਂ ਨਾਲ ਜੁੜੀਆਂ ਕਮੇਟੀਆਂ ਦੇ ਪ੍ਰਤੀਨਿਧਾਂ ਦੀ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਚ ਮੀਟਿੰਗ ਕੀਤੀ ਗਈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੀ ਪ੍ਰਧਾਨਗੀ ’ਚ ਹੋਈ ਮੀਟਿੰਗ ਦੇ ਸ਼ੁਰੂਆਤ ’ਚ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਮੇਲੇ ਨੂੰ ਨਵੀਂ ਪੁਲਾਂਘ ਵੱਲ ਲਿਜਾਣ ਦੇ ਮਨੋਰਥ ਬਾਰੇ ਦੱਸਦਿਆਂ ਹਾਜ਼ਰੀਨ ਦੇ ਸੁਝਾਅ ਮੰਗੇ।

30-31 ਅਕਤੂਬਰ ਅਤੇ 1 ਨਵੰਬਰ ਸਾਰਾ ਦਿਨ ਸਾਰੀ ਰਾਤ ਚੱਲਣ ਵਾਲੇ ਤਿੰਨ ਰੋਜ਼ਾ ਇਸ 26ਵੇਂ ਮੇਲੇ ਵਿਚ ਢੁਕਵੇਂ ਵਿਸ਼ਿਆਂ, ਕਲਾਤਮਕ ਪੱਖਾਂ, ਪ੍ਰਬੰਧਾਂ, ਹਾਜ਼ਰੀ, ਲੋਕ-ਸ਼ਮੂਲੀਅਤ, ਤਿਆਰੀ ਮੁਹਿੰਮ, ਲੰਗਰ ਅਤੇ ਜਨਤਕ ਉਗਰਾਹੀ ਆਦਿ ਨਾਲ ਜੁੜਵੇਂ ਅਨੇਕਾਂ ਪੱਖਾਂ ਉਪਰ ਵਿਚਾਰ-ਚਰਚਾ ਹੋਈ।

ਰੂਸੀ ਸਮਾਜਵਾਦੀ ਇਨਕਲਾਬ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਤ ਗ਼ਦਰੀ ਬਾਬਿਆਂ ਦੇ ਇਸ ਮੇਲੇ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਕਾਮਰੇਡ ਗੰਧਰਵ ਸੇਨ ਕੋਛੜ ਝੰਡਾ ਲਹਿਰਾਉਣਗੇ। ਇਸ ਮੌਕੇ ਹੋਣ ਵਾਲੇ ਝੰਡੇ ਦੇ ਗੀਤ ਦੀ ਨਿਕੜੀ ਝਲਕ ਅਤੇ ਲਾਈਟ ਐਂਡ ਸਾਊਂਡ ਵਿਚ ਮੁਕੰਮਲ ਪੇਸ਼ਕਾਰੀ ਦੇ ਸੁਝਾਅ ਆਏ।



ਜਲੰਧਰ, ਆਸ-ਪਾਸ ਦੇ ਪਿੰਡਾਂ, ਵਿਸ਼ੇਸ਼ ਕਰਕੇ ਨੌਜਵਾਨ ਪੀੜੀ ਨੂੰ ਮੇਲੇ ਨਾਲ ਜੋੜਨ ਲਈ ਵਿਸ਼ੇਸ਼ ਉੱਦਮ ਜੁਟਾਉਣ ਉਪਰ ਜ਼ੋਰ ਦਿੱਤਾ ਗਿਆ।

ਸ਼ੋਸ਼ਲ ਮੀਡੀਆ ਦੀ ਸੁਯੋਗ ਵਰਤੋਂ, ਨੁੱਕੜ ਨਾਟਕਾਂ ਦੀ ਅਕਤੂਬਰ ਮਹੀਨਾ ਲੰਮੀ ਮੁਹਿੰਮ, ਢੁਕਵੇਂ ਪ੍ਰਭਾਵਸ਼ਾਲੀ ਢੰਗਾਂ, ਕਲਾ ਕਿਰਤਾਂ ਅਤੇ ਢੁਕਵੀਆਂ ਤਕਰੀਰਾਂ ਰਾਹੀਂ ਲੋਕਾਂ ਨੂੰ ਮੇਲੇ ’ਚ ਹਿੱਸੇਦਾਰ ਬਣਾਉਣ ’ਤੇ ਜ਼ੋਰ ਦਿੱਤਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਪਿਛਲੇ ਮੇਲਿਆਂ ਦੇ ਤਜ਼ਰਬੇ ਤੋਂ ਸਿਖਦਿਆਂ ਅਗੇਰੇ ਕਦਮ ਚੁੱਕਣ ਦੀ ਅਪੀਲ ਕੀਤੀ।

ਪੰਜਾਬ ਭਰ ’ਚੋਂ ਪੁੱਜੇ ਗ਼ਦਰੀ ਮੇਲੇ ਨਾਲ ਜੁੜੇ ਹਾਜ਼ਰ ਵਡੇਰੇ ਪਰਿਵਾਰ ਚੋਂ ਡਾ. ਸੁਖਵਿੰਦਰ ਸਿੰਘ ਸੰਘਾ, ਡਾ. ਹਰਜਿੰਦਰ ਸਿੰਘ ਅਟਵਾਲ, ਸਵਿਤਾ ਤਿਵਾੜੀ, ਹਰਮੇਸ਼ ਮਾਲੜੀ, ਹਰਵਿੰਦਰ ਦੀਵਾਨਾ, ਹੰਸਾ ਸਿੰਘ, ਕਸਤੂਰੀ ਲਾਲ, ਪਵਨ, ਬਲਦੇਵ ਖੁੱਲਰ, ਸਵਿਤਾ ਦੁੱਗਲ, ਡਾ. ਸੈਲੇਸ਼, ਹੈਪੀ ਭਗਤ, ਸੱਤਪਾਲ, ਜਸਵਿੰਦਰ ਪੱਪੀ, ਕੁਲਵੰਤ ਕਾਕਾ, ਪਰਮਜੀਤ ਸਿੰਘ, ਅਮਰੀਕ ਸਿੰਘ, ਸਤਵਿੰਦਰ ਸੋਨੀ, ਬਲਵਿੰਦਰ ਕੌਰ ਬਾਂਸਲ ਆਦਿ ਨੇ ਅਮੁੱਲੇ ਸੁਝਾਅ ਦਿੱਤੇ। ਅਖੀਰ ’ਚ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਨੇ ਸਭ ਦਾ ਧੰਨਵਾਦ ਕਰਦਿਆਂ ਆਏ ਸੁਝਾਵਾਂ ’ਤੇ ਕਮੇਟੀ ’ਚ ਗੰਭੀਰਤਾ ਨਾਲ ਵਿਚਾਰਨ ਦਾ ਭਰੋਸਾ ਦਿੱਤਾ।

# ਸਿੱਖ ਅਧਿਕਾਰ ਸੰਸਥਾ ਵਲੋਂ ਰਾਹੁਲ ਗਾਂਧੀ ਨੂੰ ਸੱਦਾ ਵਾਪਸ ਲੈਣ ਲਈ ਯੂ ਸੀ ਬਾਰਕਲੇ ਨੂੰ ਅਪੀਲ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ ਕਿਵੇਂ ਸਿਖ ਭਾਈਚਾਰੇ ਖਿਲਾਫ ਨਸਲਕੁਸ਼ੀ ਹਿੰਸਾ ਕਰਵਾਈ ਇਸ ਦਾ ਹਵਾਲਾ ਦਿੰਦਿਆਂ ਸਿਖ ਅਧਿਕਾਰ ਸੰਸਥਾ ਨੇ ਯੂ ਸੀ ਬਾਰਕਲੇ ਨੂੰ ਅਪੀਲ ਕੀਤੀ ਹੈ ਕਿ ਉਹ ਇਸੇ ਪਾਰਟੀ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨੂੰ ਦਿੱਤਾ ਗਿਆ ਸੱਦਾ ਵਾਪਸ ਲਵੇ। ਰਾਹੁਲ ਜੋ ਕਿ ਕਾਂਗਰਸ ਪਾਰਟੀ ਵਿਚ ਇਸ ਵੇਲੇ ਅਹਿਮ ਸਥਾਨ ਰਖਦੇ ਹਨ, ਉਸੇ ਇੰਦਰਾ ਗਾਂਧੀ ਦੇ ਪੋਤੇ ਹਨ। ਦਸਣਯੋਗ ਹੈ ਕਿ ਇੰਸਟੀਚਿਊਟ ਆਫ ਇੰਟਰਨੈਸ਼ਨਲ ਸਟਡੀਜ਼ ਐਂਡ ਇੰਸਟੀਚਿਊਟ ਫਾਰ ਸਾਊਥ ਏਸ਼ੀਆ ਸਟਡੀਜ਼ ਵਲੋਂ 11 ਸਤੰਬਰ ਨੂੰ ’ਇੰਡੀਆ ਐਟ 70-ਰਿਫਲੈਕਸ਼ਨਸ ਆਨ ਦੀ ਪਾਥ ਫਾਰਵਰਡ’ ਵਿਸ਼ੇ ’ਤੇ ਕਰਵਾਏ ਜਾ ਰਹੇ ਸਮਾਰੋਹ ਵਿਚ ਰਾਹੁਲ ਗਾਂਧੀ ਭਾਸ਼ਣ ਦੇਣ ਆ ਰਹੇ ਹਨ। ਮਨੁੱਖੀ ਅਧਿਕਾਰ ਸੰਸਥਾ ਸਿਖਸ ਫਾਰ ਜਸਟਿਸ ਵਲੋਂ ਯੂ ਸੀ ਬਾਰਕਲੀ ਦੇ ਚਾਂਸਲਰ ਕਰੋਲ ਕਰਾਇਸਟ ਨੂੰ ਲਿੱਖੇ ਪੱਤਰ ਵਿਚ ਕਿਹਾ ਗਿਆ ਹੈ ਕਿ ਸਿੱਖਾਂ ਦੀ ਨਸਲਕੁਸ਼ੀ ਲਈ ਜ਼ਿੰਮੇਵਾਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਉਪ ਪ੍ਰਧਾਨ ਵਜੋਂ ਰਾਹੁਲ ਗਾਂਧੀ ਦਾ ਸਿੱਖਿਆ ਸੰਸਥਾਨ ਵਿਚ ਕੋਈ ਥਾਂ ਨਹੀਂ ਹੈ ਕਿਉਂਕਿ ਇਸ ਨਾਲ ਗਲਤ ਪਿਰਤ ਪਵੇਗੀ ਕਿ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਅਤੇ ਇਸ ਦੇ ਦੋਸ਼ੀਆਂ ਨੂੰ ਪਨਾਹ ਦੇਣ ਵਾਲੇ ਵਿਅਕਤੀਆਂ ਨੂੰ ਵਿਦਿਆਰਥੀਆਂ ਨੂੰ ਭਵਿਖੀ ਮਨੁੱਖੀ ਸਮਾਜ ਬਾਰੇ ਲੈਕਚਰ ਦੇਣ ਲਈ ਬੁਲਾਇਆ ਜਾ ਰਿਹਾ ਹੈ। ਚਾਂਸਲਰ ਨੂੰ ਲਿਖੇ ਪੱਤਰ ਵਿਚ ਹੋਰ ਕਿਹਾ ਗਿਆ ਹੈ ਕਿ ਰਾਹੁਲ ਗਾਂਧੀ ਉਸੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦਾ ਉਪ ਪ੍ਰਧਾਨ ਹੈ ਜਿਸ ਨੇ ਸਮੁੱਚੇ ਭਾਰਤ ਵਿਚ ਸਿਖ ਭਾਈਚਾਰੇ ਖਿਲਾਫ ਨਵੰਬਰ 1984 ਵਿਚ ਨਸਲਕੁਸ਼ੀ ਹਿੰਸਾ ਕਰਵਾਈ ਤੇ ਦੋਸ਼ੀਆਂ ਨੂੰ ਹੁਣ ਤੱਕ ਪਨਾਹ ਦਿੰਦੀ ਆ ਰਹੀ ਹੈ। ਇਹ ਹਮਲੇ ਸਿਖ ਮਨੁੱਖੀ ਜਾਨਾਂ, ਘਰ, ਵਪਾਰਕ ਅਦਾਰੇ, ਜਾਇਦਾਦ ਅਤੇ ਸਿਖਾਂ ਦੇ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾ ਕੇ ਸਮੁੱਚੇ ਭਾਰਤ ਵਿਚ ਸੋਚੀ ਸਮਝੀ ਸਾਜਿਸ਼ ਤਹਿਤ ਯੋਜਨਾਬੱਧ ਤਰੀਕੇ ਨਾਲ ਕੀਤੇ ਗਏ ਸਨ ਜਿਸ ਵਿਚ 30,000 ਤੋਂ ਵੱਧ ਸਿਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ ਜਿਨਾਂ ਵਿਚ ਬਹੁਤਿਆਂ ਨੂੰ ਜਿਉਂਦੇ ਸਾੜ ਦਿੱਤਾ ਗਿਆ ਸੀ, ਹਜ਼ਾਰਾਂ ਸਿਖ ਬੀਬੀਆਂ ਦਾ ਬਲਾਤਕਾਰ ਕੀਤਾ ਗਿਆ, ਕਈ ਗੁਰਦੁਆਰੇ ਸਾੜ ਦਿੱਤੇ ਗਏ ਸੀ ਅਤੇ 300,000 ਤੋਂ ਵੱਧ ਸਿਖਾਂ ਨੂੰ ਉਜਾੜ ਦਿੱਤਾ ਗਿਆ ਤੇ ਲੱਖਾਂ ਦੀ ਗਿਣਤੀ ਵਿਚ ਸਿਖ ਇਨਾਂ ਹਮਲਿਆਂ ਤੋਂ ਪ੍ਰਭਾਵਿਤ ਹੋਏ ਸਨ। ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਅੱਜ ਰਾਹੁਲ ਗਾਂਧੀ ਉਸੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੂੰ ਉਨਾਂ ਕੁਝ ਮੋਹਰੀ ਆਗੂਆਂ ਦੀ ਮਦਦ ਨਾਲ ਚਲਾ ਰਹੇ ਹਨ ਜਿਹੜੇ ਕਿ ਨਵੰਬਰ 1984 ਵਿਚ ਸਿਖਾਂ ਖਿਲਾਫ ਨਸਲਕੁਸ਼ੀ ਹਿੰਸਾ ਵਿਚ ਸ਼ਾਮਿਲ ਰਹੇ ਸਨ। ਉਨਾਂ ਨੇ ਕਿਹਾ ਕਿ ਅਸਲ ਵਿਚ ਸਿੱਖ ਭਾਈਚਾਰੇ ਖਿਲਾਫ ਹਿੰਸਾ ਕਰਵਾਉਣੀ ਅਤੇ ਕਾਤਲਾਂ ਨੂੰ ਬਚਾਉਣਾ ਇੰਡੀਅਨ ਨੈਸ਼ਨਲ ਕਾਂਗਰਸ ਦੇ ਆਗੂਆਂ ਦੀ ਸਥਾਪਿਤ ਪਛਾਣ ਬਣ ਗਈ ਹੈ। ਹੇਵਰਡ ਰਹਿੰਦੇ ਜਸਬੀਰ ਸਿੰਘ, ਜੋ ਕਿ 1984 ਨਸਲਕੁਸ਼ੀ ਹਿੰਸਾ ਵਿਚ ਕਾਂਗਰਸੀ ਆਗੂ ਜਗਦੀਸ਼ ਟਾਇਟਲਰ ਦੀ ਅਗਵਾਈ ਵਿਚ ਕੀਤੇ ਗਏ ਹਮਲਿਆਂ ਵਿਚ ਆਪਣੇ ਪਰਿਵਾਰ ਦੇ 26 ਜੀਆਂ ਦੇ ਮਾਰੇ ਜਾਣ ਤੋਂ ਬਾਅਦ ਕੈਲੀਫੋਰਨੀਆ ਆ ਗਏ ਹਨ, ਨੇ ਕਿਹਾ ਕਿ ਗਾਂਧੀ ਨੂੰ ਇਥੇ ਆਉਣ ਤੋਂ ਰੋਕਣ ਲਈ ਅਸੀ ਬਾਰਕਲੀ ਦੇ ਵਿਦਿਆਰਥੀ ਗਰੁੱਪਾਂ ਅਤੇ ਭਾਈਚਾਰੇ ਦੇ ਲੋਕਾਂ ਨੂੰ ਇਕੱਠੇ ਕਰਾਂਗੇ ਤਾਂ ਜੋ ਉਹ ਪੀੜਤਾਂ ਦੇ ਨਾਲ ਖੜੇ ਹੋਣ। ਜਸਬੀਰ ਸਿੰਘ ਨੇ ਅਗੇ ਕਿਹਾ ਕਿ ਯੂ ਸੀ ਬਾਰਕਲੀ ਵਿਚ ਰਾਹੁਲ ਦਾ ਭਾਸ਼ਣ ਦੇਣਾ ਨਵੰਬਰ 1984 ਦੇ ਪੀੜਤਾਂ ਦੇ ਸੈਂਕੜੇ ਪਰਿਵਾਰਕ ਮੈਂਬਰਾਂ ਦੇ ਜ਼ਖਮਾਂ ’ਤੇ ਲੂਣ ਛਿੜਕਣ ਦੇ ਬਰਾਬਰ ਬੋਵੇਗਾ। ਉਨਾਂ ਨੇ ਕਿਹਾ ਕਿ ਇਹ ਉਹੀ ਪਰਿਵਾਰ ਹਨ ਜਿਨਾਂ ਨੂੰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਆਗੂਆਂ ਵਲੋਂ ਕੀਤੇ ਗਏ ਨਸਲਕੁਸ਼ੀ ਹਿੰਸਾ ਦੀਆਂ ਭਿਆਨਕ ਯਾਦਾਂ ਤੋਂ ਬਚਦਿਆਂ ਕੈਲੀਫੋਰਨੀਆ ਰਾਜ ਨੇ ਦਿਲਾਸਾ ਦਿੱਤਾ ਸੀ। ਸਿੱਖਾਂ ਖਿਲਾਫ ਹਿੰਸਾ ਵਿਚ ਗਾਂਧੀ ਪਰਿਵਾਰ ਦੀ ਭੂਮਿਕਾ ਨੂੰ ਉਜਾਗਰ ਕਰਦਿਆਂ ਪੱਤਰ ਵਿਚ ਹੋਰ ਲਿਖਿਆ ਗਿਆ ਹੈ ਕਿ ਰਾਹੁਲ ਦੀ ਮਾਂ ਸੋਨੀਆ ਗਾਂਧੀ , ਜੋ ਕਿ 1990 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੀ ਅਗਵਾਈ ਕਰ ਰਹੀ ਹੈ, ਆਪਣੀ ਪਾਰਟੀ ਦੇ ਉਨਾਂ ਆਗੂਆਂ ਨੂੰ ਹੁਣ ਤੱਕ ਬਚਾ ਰਹੀ ਉਨਾਂ ਨੂੰ ਪਨਾਹ ਅਤੇ ਨਿਵਾਜਦੀ ਆ ਰਹੀ ਹੈ ਜਿਨਾਂ ਨੇ ਸਿਖਾਂ ਖਿਲਾਫ ਨਸਲਕੁਸ਼ੀ ਹਿੰਸਾ ਭੜਕਾਈ ਸੀ, ਸਾਜਿਸ਼ ਰਚੀ ਸੀ ਤੇ ਖੁਦ ਇਸ ਹਿੰਸਾ ਵਿਚ ਸ਼ਾਮਿਲ ਹੋਏ ਸਨ। ਰਾਹੁਲ ਦਾ ਪਿਤਾ ਰਾਜੀਵ ਗਾਂਧੀ, ਜੋ ਕਿ ਇੰਦਰਾ ਗਾਂਧੀ ਦੀ ਹਤਿਆ ਤੋਂ ਬਾਅਦ ਕਾਂਗਰਸ ਪਾਰਟੀ ਦਾ ਮੁਖੀ ਬਣਿਆ ਸੀ ਤੇ ਪ੍ਰਧਾਨ ਮੰਤਰੀ ਬਣਿਆ ਸੀ, ਨੇ ਨਵੰਬਰ 1984 ਸਿਖਾਂ ਖਿਲਾਫ ਨਸਲਕੁਸ਼ੀ ਹਿੰਸਾ ਨੂੰ ਇਹ ਕਹਿਕੇ ਜਾਇਜ ਠਹਿਰਾਇਆ ਸੀ ਕਿ ’ਜਦੋਂ ਕੋਈ ਵੱਡਾ ਦਰੱਖਤ ਡਿਗਦਾ ਹੈ ਧਰਤੀ ਹਿਲਦੀ ਹੈ’। ਰਾਹੁਲ ਦੀ ਦਾਦੀ ਇੰਦਰਾ ਗਾਂਧੀ, ਜੋ ਕਿ ਉਦੋਂ ਪ੍ਰਧਾਨ ਮੰਤਰੀ ਸੀ ਤੇ ਕਾਂਗਰਸ ਪਾਰਟੀ ਦੀ ਪ੍ਰਧਾਨ ਸੀ, ਨੇ ਜੂਨ 1984 ਵਿਚ ਸਿਖਾਂ ਦੇ ਦਰਬਾਰ ਸਾਹਿਬ ਖਿਲਾਫ ’ਅਪਰੇਸ਼ਨ ਬਲਿਊ ਸਟਾਰ’ ਦਾ ਹੁਕਮ ਦਿੱਤਾ ਸੀ ਜਿਸ ਵਿਚ 10,000 ਤੋਂ ਵੱਧ ਸਿਖ ਸ਼ਰਧਾਲੂਆਂ ਦਾ ਕਤਲੇਆਮ ਕੀਤਾ ਗਿਆ ਸੀ।

# ਸਿਆਟਲ ਅੰਤਰਰਾਸ਼ਟਰੀ ਕਬੱਡੀ ਕੱਪ ’ਤੇ ਪੰਜਾਬ ਸਪੋਰਟਸ ਕਬੱਡੀ ਕਲੱਬ ਦਾ ਕਬਜ਼ਾ

## ਕਨੇਡੀਅਨ ਲੇਬਰ ਮੰਤਰੀ ਹੈਰੀ ਬੈਂਸ ਤੇ ਹੋਰ ਸਖਸ਼ੀਅਤਾਂ ਮੁੱਖ ਮਹਿਮਾਨ ਵਜੋਂ ਪੁੱਜੀਆਂ

**ਸਿਆਟਲ, ਵਾਸ਼ਿੰਗਟਨ (ਹੁਸਨ ਲੜੋਆ ਬੰਗਾ):** ਪੰਜਾਬ ਸਪੋਰਟਸ ਕਬੱਡੀ ਕਲੱਬ ਸਿਆਟਲ ਵੱਲੋਂ ਉੱਥੇ ਵੱਸਦੇ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਕਰਵਾਏ ਗਏ, ਜਿਸ ਵਿਚ ਅੰਤਰਰਾਸ਼ਟਰੀ ਪੱਧਰ ਦੀਆਂ ਕਬੱਡੀ ਟੀਮਾਂ ਦੇ ਮੁਕਾਬਲਿਆਂ ਤੋਂ ਇਲਾਵਾ ਫੁੱਟਬਾਲ, ਅਥਲੈਟਿਕਸ ਆਦਿ ਮੁਕਾਬਲਿਆਂ ਵਿਚ ਨਾਮੀ ਖਿਡਾਰੀਆਂ ਨੇ ਆਪਣੇ ਖੇਡ ਹੁਨਰ ਦਾ ਵਿਖਾਵਾ ਕੀਤਾ। ਸਿਆਟਲ ਦੇ ਸ਼ਹਿਰ ਬਿਊਰੀਅਨ ਦੇ ਮੋਸੀਅਰ ਪਾਰਕ ਦੇ ਖੇਡ ਮੈਦਾਨਾਂ ਵਿਖੇ ਕਰਵਾਏ ਗਏ ਟੂਰਨਾਮੈਂਟ ਵਿਚ ਕਬੱਡੀ ਦੇ ਮੁਕਾਬਲੇ ਮੁੱਖ ਖਿੱਚ ਦਾ ਕੇਂਦਰ ਰਹੇ, ਜਿਸ ਦੇ ਫਾਈਨਲ ਮੁਕਾਬਲੇ ਵਿਚ ਪੰਜਾਬ ਸਪੋਰਟਸ ਕਲੱਬ ਸਿਆਟਲ ਨੇ ਕੈਲੇਫੋਰਨੀਆ ਕਬੱਡੀ ਕਲੱਬ ਨੂੰ 40-28 ਦੇ ਅੰਤਰ ਨਾਲ ਹਰਾ 11000 ਹਜ਼ਾਰ ਡਾਲਰ ਦੀ ਇਨਾਮੀ ਰਾਸ਼ੀ ਵਾਲਾ ਇਨਾਮ ਅਤੇ ਕਬੱਡੀ ਕੱਪ ’ਤੇ ਕਬਜ਼ਾ ਕੀਤਾ। ਇਨਾਂ ਮੈਚਾਂ ਵਿਚ ਉਭੱਰਦੇ ਕਬੱਡੀ ਸਟਾਰ ਦਲਜੀਤ ਦੱਲੀ ਸੌਸਪੁਰ, ਜਿੰਦਰ ਰੱਕੜ, ਦੁੱਲਾ ਬੱਗਾ ਪਿੰਡ, ਰੂਬੀ ਹਰਚੋਵਾਲ, ਪਵਨ ਢਿੱਲੋਂ, ਗੌਰੀ ਮਨਰਾਈਆਂ ਦਾ ਖੇਡ ਹੁਨਰ ਕਬੱਡੀ ਪ੍ਰੇਮੀਆਂ ਦੇ ਸਿਰ ਚੜ ਬੋਲਿਆ, ਇਸ ਤੋਂ ਇਲਾਵਾ ਵਿਸ਼ਵ ਪੱਧਰ ਦੇ ਕਬੱਡੀ ਸਟਾਰ ਪਾਲਾ ਜਲਾਲਪੁਰੀਆ, ਸੰਦੀਪ ਨੰਗਲ ਅੰਬੀਆਂ, ਸੰਦੀਪ ਸੁਰਖਪੁਰੀਆ, ਯਾਦ ਗੋਲਡੀ, ਸਿਆਰਾ ਗੋਪਰ, ਜੱਸੀ ਚੰਨਾਵਾਲਾ, ਖੁਸ਼ੀ ਢਿੱਲਵਾਂ ਆਦਿ ਹੋਰ ਕਬੱਡੀ ਵਾਲੇ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੇ ਰਹੇ। ਜਦਕਿ ਸੰਦੀਪ ਨੰਗਲ ਅੰਬੀਆਂ ਨੂੰ ਵਧੀਆ ਜਾਫੀ ਅਤੇ ਦੁੱਲਾ ਬੱਗਾ ਪਿੰਡ ਨੂੰ ਵਧੀਆ ਧਾਵੀ ਵਜੋਂ ਸਨਮਾਨਿਤ ਕੀਤਾ।

ਇਸ ਤੋਂ ਇਲਾਵਾ ਉਭੱਰਦੇ ਸਿਤਾਰਿਆਂ ਵਿਚ ਦੱਲੀ ਸੌਸਪੁਰ, ਜਿੰਦਰ ਰੱਕੜ ਨੇ ਆਪਣੇ ਚਮਕਦੇ ਕਬੱਡੀ ਹੁਨਰ ਨਾਲ ਇਹ ਦਰਸਾ ਦਿੱਤਾ ਕਿ ਆਉਣ ਵਾਲੇ ਸਮੇਂ ਵਿਚ ਕਬੱਡੀ ਜਗਤ ਵਿਚ ਉਨਾਂ ਦਾ ਕੋਈ ਸਾਹਨੀ ਨਹੀਂ ਹੋਵੇਗਾ। ਸਿਆਟਲ ਕਬੱਡੀ ਕੱਪ ਦੇ ਮੈਚਾਂ ਦਾ ਉਦਘਾਟਨ ਉੱਘੇ ਖੇਡ ਪ੍ਰਮੋਟਰ ਮੋਟਲਾਂ ਦੇ ਮਾਲਕ ਕਾਲਾ ਬੈਂਸ, ਕਰਮ ਸਿੱਧੂ ਅਤੇ ਜਗਦੇਵ ਸਿੰਘ ਸਿੱਧੂ ਨੇ ਕੀਤਾ, ਜਦਕਿ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕਨੇਡੀਅਨ ਲੇਬਰ ਮੰਤਰੀ ਹੈਰੀ ਬੈਂਸ ਅਤੇ ਸਾਬ ਸਿੰਘ ਥਿੰਦ ਪ੍ਰਧਾਨ ਪ੍ਰੋ. ਮੋਹਣ ਸਿੰਘ ਫਾਊਂਡੇਸ਼ਨ ਕੈਨੇਡਾ ਨੇ ਕੀਤੀ। ਇਸ ਮੌਕੇ ਉੱਘੇ ਖੇਡ ਲੇਖਕ ਜਗਰੂਪ ਸਿੰਘ ਜਰਖੜ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ।

ਇਸ ਮੌਕੇ ਕਬੱਡੀ ਪ੍ਰਮੋਟਰ ਟੋਨੀ ਕਾਲਕਾ, ਨੇਕੀ ਸਿੱਧਵਾਂ, ਲਾਲੀ ਢੇਸੀ, ਬਲਜੀਤ ਸੰਧੂ, ਅਮੋਲਕ ਗਾਖਲ, ਤੀਰਥ ਗਾਖਲ, ਦੀਪਾ ਮਠੱਡਾ ਆਦਿ ਸਖਸ਼ੀਅਤਾਂ ਦਾ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਟੂਰਨਾਮੈਂਟ ਦੇ ਮੁੱਖ ਪ੍ਰਬੰਧਕ ਮਨਮੋਹਣ ਜੋਧਾਂ ਅਤੇ ਸੰਦੀਪ ਸਿੰਘ ਖਹਿਰਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਤੋਂ ਇਲਾਵਾ ਅਮਨਦੀਪ ਸਿੰਘ ਚਾਹਲ, ਖਹਿਰਾ ਬੀਰ, ਕੁਲਵੰਤ ਸ਼ਾਹ, ਦਰਸ਼ਨ ਸਿੰਘ ਬੱਬੀ, ਹਰਿੰਦਰ ਸਿੰਘ ਬਾਪਲਾ, ਹਰਮੇਲ ਸਿੰਘ ਬਾਪਲਾ, ਮੱਖਣ ਸਿੰਘ ਰਣੀਕੇ, ਸੰਦੀਪ ਗੁਰਨਾ, ਰਾਜ ਪੱਡਾ, ਬਿੱਟੂ ਅੱਚਰਵਾਲ, ਜੁਝਾਰ ਸਿੰਘ, ਬਲਜੀਤ ਸੈਂਭੀ, ਛਿੰਦਾ ਹਠੋਲਾ, ਗੁਰਮੀਤ ਸਿੰਘ ਨਿੱਝਰ, ਵਿੱਕੀ ਸੰਘੇੜਾ, ਅਮਰੀਕ ਸਿੰਘ ਰੰਧਾਵਾ, ਅਵਤਾਰ ਸਿੰਘ ਪੁਰੇਵਾਲ, ਡਾ. ਹਰਚੰਦ ਸਿੰਘ ਸੁਧਾਰ, ਪਿੰਦਰ ਢੰਡਾ, ਦਮਨ ਸਿੱਧੂ ਆਦਿ ਹੋਰ ਖੇਡ ਪ੍ਰਬੰਧਕ ਵੱਡੀ ਗਿਣਤੀ ਵਿਚ ਹਾਜਰ ਸਨ। ਇਸ ਮੌਕੇ ਮੱਖਣ ਅਲੀ ਅਤੇ ਇਕਬਾਲ ਸਿੰਘ ਗਾਲਿਬ ਨੇ ਆਪਣੀ ਖੇਡ ਕਮੈਂਟਰੀ ਨਾਲ ਕਬੱਡੀ ਮੈਚਾਂ ਦਾ ਵਾਹਵਾ ਰੰਗ ਬੰਨਿਆ। ਅੰਤ ਵਿਚ ਮਨਮੋਹਣ ਜੋਧਾਂ ਨੇ ਆਏ ਖਿਡਾਰੀਆਂ ਤੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਅਗਲੇ ਵਰੇ ਫਿਰ ਮਿਲਣ ਦੀ ਫਤਿਹ ਬੁਲਾਈ।

# ਕਿਉਂ ਵਧਦਾ-ਫੁੱਲਦਾ ਹੈ ਡੇਰਾਵਾਦ?

ਭਾਰਤ ਵਿਚ ਡੇਰਾਵਾਦ ਇਕ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ। ਡੇਰਿਆਂ ਦੇ ਸੰਤ, ਬਾਬੇ ਸਮਾਂ ਪਾ ਕੇ ਖੁਦ ਨੂੰ ਰੱਬ ਦਾ ਰੁਤਬਾ ਦੇ ਲੈਂਦੇ ਹਨ ਅਤੇ ਦੇਸ਼ ਦੀ ਭੋਲੀ-ਭਾਲੀ ਜਨਤਾ ਇਹਨਾਂ ਦੇ ਪਿੱਛੇ ਲੱਗ ਤੁਰਦੀ ਹੈ। ਕਈ ਵਾਰ ਤਾਂ ਹਾਲਾਤ ਅਜਿਹੇ ਨਾਜ਼ੁਕ ਹੋ ਜਾਂਦੇ ਹਨ ਕਿ ਇਹ ਲੋਕ ਅਮਨ-ਕਾਨੂੰਨ ਦੀ ਸਥਿਤੀ ਲਈ ਖਤਰਾ ਪੈਦਾ ਕਰ ਦਿੰਦੇ ਹਨ। ਇੰਨਾ ਹੀ ਨਹੀਂ ਡੇਰਿਆਂ ਵਿਚ ਇਹਨਾਂ ਦੀ ਅੰਨ੍ਹੀ ਸ਼ਰਧਾ ਦੇ ਕਾਰਨ ਕੁਝ ਡੇਰੇਦਾਰ ਇਹਨਾਂ ਨੂੰ ਢਾਲ ਬਣਾ ਕੇ ਮਾੜੇ ਤੋਂ ਮਾੜਾ ਕੰਮ ਕਰਦੇ ਹਨ। ਇਹਨਾਂ ਲੋਕਾਂ ਨੂੰ ਵੋਟ ਬੈਂਕ ਵਜੋਂ ਇਸਤੇਮਾਲ ਕਰਕੇ ਸਿਆਸਤਦਾਨਾਂ ਨੂੰ ਆਪਣੇ ਅੱਗੇ ਗੋਡੇ ਟੇਕਣ ਲਈ ਮਜਬੂਰ ਕਰਦੇ ਹਨ। ਲੋਕਾਂ ਦੀਆਂ ਜਮੀਨਾਂ-ਜਾਇਦਾਦਾਂ ਹੜੱਪੀਆਂ ਜਾਂਦੀਆਂ ਹਨ ਅਤੇ ਬਹੁਤ ਕਿਸਮ ਦਾ ਸ਼ੋਸ਼ਣ ਡੇਰਿਆਂ ਵਿਚ ਹੁੰਦਾ ਹੈ।

ਆਖਿਰ ਅਜਿਹੇ ਕਿਹੜੇ ਕਾਰਨ ਹਨ ਕਿ ਲੋਕ ਇੰਨੀ ਵੱਡੀ ਗਿਣਤੀ ਵਿਚ ਡੇਰਿਆਂ ਵੱਲ ਆਕਰਸ਼ਿਤ ਹੁੰਦੇ ਹਨ? ਇਸ ਦੇ ਕਈ ਕਾਰਨ ਹਨ। ਪਹਿਲਾ ਕਾਰਨ ਹੈ ਭਾਰਤ ਵਿਚ ਅਧਿਆਤਮਵਾਦ ਆਰੰਭ ਤੋਂ ਹੀ ਇਕ ਵੱਡਾ ਸਮਾਜਿਕ ਵਿਸ਼ਾ ਰਿਹਾ ਹੈ। ਧਰਮ ਇਕ ਅਜਿਹਾ ਵਿਸ਼ਾ ਹੈ, ਜਿਸ ਦੀ ਆਲੋਚਨਾ ਵੀ ਕੋਈ ਨਹੀਂ ਕਰਦਾ, ਜਦਕਿ ਭਾਰਤ ਦੇ ਨਾਗਰਿਕਾਂ ਨੂੰ ਸਕਾਰਾਤਮਕ ਵਿਚਾਰਾਂ ਦੀ ਆਜ਼ਾਦੀ ਹੈ। ਧਰਮਾਂ ਦਾ ਇਹ ਵਿਸ਼ਾ ਇੰਨਾ ਗੰਭੀਰ ਹੈ ਕਿ ਕੋਈ ਕਿਸੇ ਵੀ ਧਰਮ ਬਾਰੇ ਕੁਝ ਨਹੀਂ ਬੋਲ ਸਕਦਾ, ਜੇਕਰ ਬੋਲਦਾ ਹੈ ਤਾਂ ਉਸ ਦਾ ਹਰ ਕਿਸਮ ਦਾ ਵਿਰੋਧ ਕੀਤਾ ਜਾਂਦਾ ਹੈ। ਇਸ ਕਰਕੇ ਧਰਮ ਭਾਰਤ ਵਿਚ ਕੱਟੜਤਾ ਦਾ ਰੂਪ ਧਾਰਨ ਕਰ ਚੁੱਕਾ ਹੈ।

ਦੂਜਾ ਸਭ ਤੋਂ ਅਹਿਮ ਕਾਰਨ ਹੈ ਜਾਤ-ਪਾਤ। ਭਾਰਤ ਵਿਚ ਜਾਤ-ਪਾਤ ਇੰਨੀ ਭਿਆਨਕ ਸਮਾਜਿਕ ਸਮੱਸਿਆ ਹੈ ਕਿ ਇਸ ਨੂੰ ਦੂਰ ਕਰਨ ਲਈ ਸਾਡੇ ਗੁਰੂ ਸਾਹਿਬਾਨ, ਸੰਤਾਂ, ਮਹਾਂਪੁਰਸ਼ਾਂ, ਵਿਦਵਾਨਾਂ ਨੇ ਆਪਣਾ ਪੂਰਾ ਵਾਹ ਲਗਾ ਲਿਆ ਪਰ ਆਮ ਲੋਕਾਂ ਦੇ ਮਨਾਂ ਵਿਚ ਇਹ ਅਲੋਪ ਨਹੀਂ ਹੋ ਰਹੀ, ਬਲਕਿ ਜਾਤ-ਪਾਤ ਕਾਰਨ ਨਫਰਤ ਦੀ ਭਾਵਨਾ ਵਧਦੀ ਜਾ ਰਹੀ ਹੈ।ਸੰਵਿਧਾਨ, ਕਾਨੂੰਨ ਅਜਿਹੀ ਪ੍ਰਵਿਰਤੀ ਦੇ ਖਿਲਾਫ ਹੈ ਪਰ ਸਮਾਜਿਕ ਪੱਧਰ ਤੇ ਸੁਧਾਰ ਦੀਆਂ ਸਕੀਮਾਂ ਇੰਨੀਆਂ ਕਾਮਯਾਬ ਨਹੀਂ ਹੋ ਰਹੀਆਂ, ਜਿੰਨੀ ਕਾਮਯਾਬੀ ਦੇ ਟੀਚੇ ਮਿਥੇ ਗਏ ਸਨ। ਅੱਜ ਵੀ ਭਾਰਤ ਵਿਚ ਇਕ ਵੱਡਾ ਵਰਗ ਸਮਾਜਿਕ ਸਮਾਨਤਾ ਦੇ ਲਈ ਲੜ ਰਿਹਾ ਹੈ। ਕੱਟੜ ਹਿੰਦੂ ਉਹਨਾਂ ਨੂੰ ਮੰਦਰਾਂ ਵਿਚ ਨਹੀਂ ਵੜਨ ਦਿੰਦੇ, ਸਿੱਖ ਧਰਮ ਦੇ ਅਨੁਯਾਈ ਉਹਨਾਂ ਨਾਲ ਗੁਰੂ ਘਰਾਂ ਵਿਚ ਵਿਤਕਰਾ ਕਰਦੇ ਹਨ। ਇਸਾਈ ਅਤੇ ਮੁਸਲਿਮ ਧਰਮ ਵਿਤਕਰਾ ਨਹੀਂ ਕਰਦੇ ਪਰ ਉਹ ਵੀ ਊਚ-ਨੀਚ ਵਿਚ ਗ੍ਰਸੇ ਪਏ ਹਨ। ਅਜਿਹੀ ਸਥਿਤੀ ਵਿਚ ਭਾਰਤ ਦਾ ਅਛੂਤ ਕਿਹਾ ਜਾਂਦਾ ਵਰਗ ਡੇਰੇਦਾਰਾਂ ਦੀ ਪਨਾਹ ਲੈਂਦਾ ਹੈ। ਮਨੁੱਖ ਇਕ ਅਜਿਹਾ ਸਮਾਜਿਕ ਜੀਵ ਹੈ, ਜਿਸ ਨੂੰ ਸਮਾਜਿਕ ਹੀ ਨਹੀਂ ਮਾਨਸਿਕ ਬਰਾਬਰੀ ਦੀ ਵੀ ਲੋੜ ਹੁੰਦੀ ਹੈ ਪਰ ਜਦੋਂ ਸਾਡੇ ਰਵਾਇਤੀ ਧਰਮਾਂ ਵਿਚ ਮਾਨਸਿਕ ਬਰਾਬਰੀ ਨਹੀਂ ਮਿਲਦੀ ਤਾਂ ਬਹੁਤ ਸਾਰੇ ਲੋਕੀ ਡੇਰੇਦਾਰਾਂ ਵੱਲ ਤੁਰ ਪੈਂਦੇ ਹਨ। ਡੇਰੇਦਾਰ ਇਸ ਮਾਨਸਿਕਤਾ ਨੂੰ ਚੰਗੀ ਤਰ੍ਹਾ ਸਮਝਦੇ ਹਨ ਅਤੇ ਇਕ ਅਜਿਹਾ ਦਾਇਰਾ ਬਣਾ ਲੈਂਦੇ ਹਨ, ਜਿਸ ਵਿਚ ਇਕ ਮਨੁੱਖ ਮਾਨਸਿਕ ਤੌਰ ਤੇ ਕੈਦ ਹੋ ਜਾਂਦਾ ਹੈ। ਇਸ ਤੋਂ ਬਾਅਦ ਡੇਰੇਦਾਰ ਲੋਕਾਂ ਨੂੰ ਢਾਲ ਬਣਾ ਕੇ ਚੰਗੇ-ਮੰਦੇ ਕੰਮ ਕਰਦੇ ਹਨ, ਸਿਆਸਤਦਾਨਾਂ ਦੀ ਬਾਂਹ ਮਰੋੜਦੇ ਹਨ ਅਤੇ ਸਿਸਟਮ ਨੂੰ ਮੁੱਠੀ ਵਿਚ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸੇ ਦਾ ਹੀ ਨਤੀਜਾ ਹੈ ਕਿ ਡੇਰੇਦਾਰ ਅੱਜ ਭਾਰਤ ਵਿਚ ਇੰਨੇ ਤਾਕਤਵਰ ਹੋ ਗਏ ਹਨ ਕਿ ਉਹ ਸਾਰੇ ਮੁਲਕ ਨੂੰ ਚੁਣੌਤੀ ਦੇਣ ਲੱਗ ਪਏ ਹਨ। ਡੇਰਾ ਸੱਚਾ ਸੌਦਾ ਸਿਰਸਾ ਦੇ ਹਾਲੀਆ ਵਿਵਾਦ ਵਿਚ ਵੀ ਇਹੀ ਕੁਝ ਸਾਹਮਣੇ ਆਇਆ ਹਨ ਅਤੇ ਜਨਤਕ ਆਵਾਜ਼ ਵੀ ਇਹੀ ਕਹਿੰਦੀ ਹੈ ਕਿ ਹੁਣ ਸਦੀਆਂ ਪੁਰਾਣੀ ਕੁਰੀਤੀ ਨੂੰ ਤਿਆਗ ਕੇ ਭਾਰਤ ਵਿਚ ਸਮਾਜਿਕ ਬਰਾਬਰੀ ਨੂੰ ਅਹਿਮੀਅਤ ਦਿੱਤੀ ਜਾਵੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-39

## ਗੁਰਬਾਣੀ ਚਾਨਣ ਵਿੱਚ ਸੰਗਤਿ ਦਾ ਸੰਕਲਪ



ਅਵਤਾਰ ਸਿੰਘ ਮਿਸ਼ਨਰੀ
510-432-5827

ਮਹਾਨ ਕੋਸ਼ ਦੇ ਰਚੇਤਾ ਭਾਈ ਕਾਨ੍ਹ ਸਿੰਘ ਨਾਭ੍ਹਾ ਤੇ ਸ੍ਰੀ ਗੁਰੂ ਗ੍ਰੰਥ ਕੋਸ਼ ਦੇ ਲੇਖਕ ਡਾ. ਗੁਰਚਰਨ ਸਿੰਘ ਅਨੁਸਾਰ-ਸੰਗ-ਸਾਥ, ਮਿਲਾਪ, ਸਬੰਧ-ਹਰਿ ਇਕਸੈ ਨਾਲਿ ਮੈ ਸੰਗ॥ (ਗੁਰੂ ਗ੍ਰੰਥ) ਸੰਗ-ਸਾਥੀਆਂ ਦਾ ਗਰੋਹ, ਮੰਡਲੀ, ਟੋਲਾ-ਸੰਗ ਚਲਤ ਹੈ ਹਮ ਭੀ ਚਲਨਾ (ਰਵਿਦਾਸ ਜੀ) ਸੰਗਤ-ਸੰਸਕ੍ਰਿਤ ਦਾ ਲਫਜ਼ ਤੇ ਅਰਥ ਹਨ-ਸਭਾ, ਮਜਲਿਸ, ਸਬੰਧ, ਗੁਰਸਿੱਖਾਂ ਦੇ ਜਮਾ ਹੋਣ ਦੀ ਥਾਂ। ਸੰਗਤਿ-ਮਿਲਾਪ, ਸੁਹਬਤ ਅਤੇ ਇਕੱਠ ਆਦਿਕ ਹਨ।

ਡਾ. ਹਰਜਿੰਦਰ ਸਿੰਘ ਦਲਗੀਰ ਅਨੁਸਾਰ-ਸੰਗਤਿ ਲਫਜ਼ ਦੀ ਜੜ ਬੋਧੀ ਸੰਗ ਜੋ ਪਾਲੀ ਬੋਲੀ ਦਾ ਲਫਜ਼ ਤੇ ਅਰਥ ਹੈ ਇਕੱਠੇ ਹੋਣਾ। ਧਰਮ-ਇਕੱਠ ਵਿੱਚ ਬੈਠੇ ਸਿੱਖ। ਗੁਰੂ ਸਾਹਿਬ ਵੇਲੇ ਕਈ ਹਿੱਸਿਆਂ ਵਿੱਚ ਸੰਗਤਾਂ ਕਾਇਮ ਕੀਤੀਆਂ ਜਾਂਦੀਆਂ ਸਨ, ਦਾ ਮਤਲਵ ਸੀ ਕਿਸੇ ਇੱਕ ਇਲਾਕੇ ਦਾ ਸਿੱਖ ਭਾਈਚਾਰਾ। ਧਾਰਮਿਕ ਪੱਖੋਂ ਸੰਗਤ ਦਾ ਭਾਵ ਪਵਿਤ੍ਰ, ਸਾਊ ਤੇ ਵਧੀਆ ਲੋਕਾਂ ਦਾ ਸਾਥ। ਗੁਰਸਿੱਖਾਂ ਨੂੰ ਆਪਣਾ ਵੱਧ ਤੋਂ ਵੱਧ ਸਮਾਂ ਗੁਰਮੁਖਾਂ ਤੇ ਭਲੇ ਪੁਰਖਾਂ ਦੀ ਸੰਗਤਿ 'ਚ ਬਤਾਉਣਾ ਚਾਹੀਦਾ ਹੈ। ਸੰਗਤ ਲਈ ਸਾਧ ਸੰਗਤ ਲਫਜ਼ ਵੀ ਵਰਤਿਆ ਜਾਂਦਾ ਹੈ ਜੋ ਕਿਸੇ ਸੰਤ ਜਾਂ ਡੇਰੇ ਮੁਖੀ ਲਈ ਨਹੀਂ। ਸਿੱਖ ਧਰਮ ਮੁਤਾਬਿਕ, ਸਭ ਤੋਂ ਚੰਗੀ ਸੰਗਤ ਓਥੇ ਹੈ ਜਿੱਥੇ ਦੂਜਿਆਂ ਨਾਲ ਮਿਲ ਕੇ, ਰੱਬੀ ਸਿਫਤ ਸਲਾਹ ਕੀਤੀ ਜਾਵੇ। ਸੰਗਤ ਦਾ ਰੋਲ ਸਿਰਫ ਧਾਰਮਿਕKਰੂਹਾਨੀ ਹੀ ਨਹੀਂ ਸਗੋਂ ਇੱਕ ਸੁਹਿਰਦ ਭਾਈਚਾਰਾ ਵੀ ਹੈ।

ਗੁਰਬਾਣੀ ਅਨੁਸਾਰ ਸੰਗਤਿ-ਸਤ ਸਗਤਿ ਦਾ ਭਾਵ ਜਿੱਥੇ ਇੱਕ ਪ੍ਰਮੇਸ਼ਰ ਦੇ ਨਾਮੁ (ਨਿਯਮ) ਦੀ ਵਿਆਖਿਆ ਹੋਵੇ-ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥ (੭੨) ਚੰਗੀ ਸੰਗਤ ਵਿੱਚ ਉਤਮਤਾ, ਚੰਗੇ ਗੁਣ ਮਿਲਦੇ ਅਤੇ ਅਵਗੁਣ ਧੋਤੇ ਜਾਂਦੇ ਹਨ-ਊਤਮ ਸੰਗਤਿ ਊਤਮੁ ਹੋਵੈ॥ ਗੁਣ ਕਉ ਧਾਵੈ ਅਵਗਣ ਧੋਵੈ॥(੪੧੪) ਹੇ ਮਾਇਆ ਦੇ ਪਤੀ ਪ੍ਰਮਾਤਮਾਂ ਜੀ ਸੱਚੀ ਸੰਗਤ ਕਰਨ ਵਾਲਾ ਸੰਸਾਰ ਦੇ ਵਹਿਮਾਂ-ਭਰਮਾਂ ਦੇ ਸਾਗਰ ਤੋਂ ਤਰਦਾ, ਗੁਰੂ ਰਹਿਮਤ ਨਾਲ ਉੱਚ ਅਵਸਥਾ ਦੀ ਪ੍ਰਾਪਤੀ ਹੁੰਦੀ ਅਤੇ ਵਿਕਾਰਾਂ ਤੇ ਔਗੁਣਾਂ ਦੀ ਤਪਸ਼ ਨਾਲ ਸੁੱਕਾ ਹੋਇਆ, ਹਿਰਦਾ ਕਾਸਟ, ਹਰਿਆ ਹੋ ਜਾਂਦਾ ਹੈ-ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥ ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੈ ਕਾਸਟ ਹਰਿਆ॥ (੧੦) ਗੁਰੂ ਦੀ ਸੱਚੀ ਸੰਗਤ ਕਰਨ ਵਾਲੇ ਦਾ ਪਿੰਗਲਾ ਮਨ ਅਗਿਆਨਤਾ ਦੇ ਪਰਬਤ ਨੂੰ ਪਾਰ ਕਰਦਾ, ਮੂਰਖ ਚੰਗਾ ਵਕਤਾ, ਮਨ ਦੇ ਅੰਨ੍ਹੇ ਨੂੰ ਸਮੁੱਚੀ ਮਨੁੱਖਤਾ ਵਿੱਚ ਵਸਦੇ ਰੱਬ ਦਾ ਗਿਆਨ ਹੋ ਜਾਂਦਾ ਹੈ-ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥ ਅੰਧੁਲੇ ਤ੍ਰਿਭਵਣ ਸੂਝਿਆ, ਗੁਰ ਭੇਟਿ ਪੁਨੀਤਾ॥੧॥(੮੦੯) ਜਿਵੇਂ ਚੰਦਨ ਦੇ ਨਿਕਟੀ ਹਿਰੰਡ ਵਿੱਚ ਵੀ ਚੰਦਨ ਦੀ ਖੁਸ਼ਬੋ ਆ ਜਾਂਦੀ ਹੈ ਇਵੇਂ ਹੀ ਪਤਿਤ ਭਾਵ ਵਿਕਾਰਾਂ ਵਿੱਚ ਦੁਰਗੰਧਤ ਮਨੁੱਖ ਪਵਿਤ੍ਰ ਹੋ ਪ੍ਰਵਾਨ ਹੋ ਜਾਂਦਾ ਹੈ-ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ, ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ॥੩॥ (੮੬੧) ਸੱਚੇ ਮਾਰਗ ਤੇ ਚੱਲਣ ਵਾਲਿਆਂ ਗੁਰਮੁਖਾਂ ਦੀ ਸੰਗਤ ਕਰਕੇ ਈਰਖਾ ਵੈਰ ਆਦਿਕ ਦੀ ਪਰਾਈ ਤਾਤ ਖਤਮ ਹੋ ਜਾਂਦੀ, ਕੋਈ ਵੈਰੀ, ਬੇਗਾਨਾ ਨਹੀਂ ਦਿਸਦਾ ਸਭ ਨਾਲ ਮਿਤ੍ਰਤਾ ਬਣ ਜਾਂਦੀ ਹੈ-ਬਿਸਰਿ ਗਈ ਸਭ ਤਾਤਿ ਪਰਾਈ॥ ਜਬਤੇ ਸਾਧਸੰਗਤਿ ਮੋਹਿ ਪਾਈ॥ ਨਾ ਕੋ ਬੈਰੀ ਨਹੀਨ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ॥੧॥(੧੨੯੯) ਸਤਸੰਗਤਿ ਸਤਿਗੁਰੂ ਦੀ ਇੱਕ ਪਾਠਸ਼ਾਲਾ ਸਕੂਲ ਹੈ ਜਿੱਥੇ ਰੱਬੀ ਗੁਣ ਸਿੱਖੇ ਜਾਂਦੇ ਹਨ-ਸਤਸੰਗਤਿ ਸਤਿਗੁਰ ਚਟਸਾਲ ਹੈ, ਜਿਤੁ ਹਰਿ ਗੁਣ ਸਿੱਖਾ॥(੧੩੧੬) ਕਬੀਰ ਜੀ ਫੁਰਮਾਂਦੇ ਹਨ ਕਿ ਭਲੇ ਪੁਰਖ ਦੀ ਹੀ ਸੰਗਤਿ ਕਰੀਏ ਜੋ ਅੰਤ ਨਿਰਬਾਹ ਤੇ ਸਾਕਤ (ਗੰਦੇ) ਮਨੁੱਖ ਦੀ ਸੰਗਤ ਵਿਨਾਸ਼, ਹਾਨੀ ਤੇ ਤਬਾਹੀ ਕਰਦੀ ਹੈ-ਕਬੀਰ ਸੰਗਤਿ ਕਰੀਐ ਸਾਧ ਕੀ, ਅੰਤਿ ਕਰੈ ਨਿਰਬਾਹੁ॥ ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ॥੯੩॥ (੧੩੬੯)

ਭਾਈ ਗੁਰਦਾਸ ਜੀ ਅਨੁਸਾਰ-ਭਾਈ ਸਾਹਿਬ ਦਰਸਾਂਦੇ ਹਨ ਕਿ ਜਿਵੇਂ ਜਰਾ ਕੁ ਖੱਟੇ ਦੀ ਜਾਗ ਨਾਲ ਦੁੱਧ ਤੋਂ ਦਹੀਂ ਤੇ ਤਨਕ ਹੀ ਕਾਂਜੀ ਨਾਲ ਦੁੱਧ ਫਟ ਜਾਂਦਾ ਹੈ। ਜਰਾ ਜਿੰਨ੍ਹਾਂ ਬੋਹੜ ਦਾ ਬੀਜ ਬੀਜਣ ਨਾਲ ਉੱਗ ਕੇ ਵੱਡਾ ਵਿਸਥਾਰ ਤੇ ਤਨਕ ਮਾਤ੍ਰ ਅੱਗ ਨਾਲ ਸੜ ਕੇ ਸਵਾਹ ਹੋ ਜਾਂਦਾ ਹੈ। ਰਤੀ ਮਾਤ੍ਰ ਜ਼ਹਿਰ ਖਾਣ ਨਾਲ ਮੌਤ ਤੇ ਤਨਕ ਹੀ ਗੁਰ ਉਪਦੇਸ਼ ਰੂਪ ਨਾਮ ਅੰਮ੍ਰਿਤ ਨਾਲ ਅਮਰ ਜਿੰਦਗੀ ਮਿਲਦੀ ਹੈ। ਇਵੇਂ ਹੀ ਗੁਰਮੁਖਾਂ ਦੀ ਸੰਗਤ ਪਤੀਬਰਤਾ ਉਪਕਾਰ ਤੇ ਮਨਮੁੱਖਾਂ ਦੀ ਵਿਕਾਰਾਂ ਸੰਗ ਵੇਸਵਾ ਨੁਮਾ ਹੈ-

ਤਨਿਕ ਹੀ ਜਾਮਨ ਕੈ ਦੂਧ ਦਧਿ ਹੋਤ ਜੈਸੇ, ਤਨਿਕ ਹੀ ਕਾਂਜੀ ਪਰੈ ਦੂਧ ਫਟ ਜਾਤ ਹੈ।
ਤਨਿਕ ਹੀ ਬੀਜ ਬੋਇ ਬਿਰਖ ਬਿਥਾਰ ਹੋਇ,
ਤਨਕਿ ਹੀ ਚਿੰਣਗ ਪਰੈ ਭਸਮ ਹਵੈ ਸਮਾਤ।
ਤਨਿਕ ਹੀ ਖਾਏ ਬਿਖ ਹੋਤ ਹੈ ਬਿਨਾਸ ਕਾਲ,
ਤਨਕਿ ਹੀ ਅੰਮ੍ਰਿਤ ਕੈ ਅਮਰ ਹਵੈ ਜਾਤ ਹੈ।
ਸੰਗਤਿ ਅਸਾਧੁ ਸਾਧੁ ਗਣਿਕਾ ਬਿਵਾਹਿਤਾ ਜਿਉ,
ਤਨਕਿ ਹੀ ਮੈ ਉਪਕਾਰ ਔ ਬਿਕਾਰ ਘਾਤ ਹੈ।੧੭੪।

ਜਿਵੇਂ ਮਾਰ ਦੇ ਡਰ ਤੋਂ ਵੀ, ਚੋਰ ਚੋਰੀ ਨਹੀਂ ਛਡਦਾ ਤੇ ਡਾਕੂ ਡਾਕੂਆਂ ਦਾ ਸੰਗ ਹੀ ਤੱਕਦਾ ਹੈ। ਬੇਸਵਾਗਾਮੀ ਰਤੀ ਮਾਤ੍ਰ ਸ਼ਰਮ ਨਹੀਂ ਕਰਦਾ ਤੇ ਜੂਏਬਾਰ ਸਭ ਕੁਝ ਹਾਰ ਕੇ ਵੀ ਥੱਕਦਾ ਨਹੀਂ। ਲੋਕਾਂ ਦੀਆਂ ਲਾਹਨਤਾਂ ਦੇ ਬਾਵਜੂਦ ਵੀ ਅਮਲੀ ਨਸ਼ਾ ਨਹੀਂ ਤਿਆਗਦਾ ਸਗੋਂ ਸਭ ਮੰਦਾ ਚੰਗਾ ਸੁਣਦਾ ਛਕੀ ਜਾਂਦਾ ਹੈ। ਇਵੇਂ ਹੀ ਨੀਚ ਪਾਮਰ ਕੁਸੰਗਤ ਨਹੀਂ ਛਡਦਾ ਤੇ ਫਿਰ ਗੁਰਸਿੱਖ ਸਤਸੰਗਤਿ ਕਿਵੇਂ ਛੱਡ ਸਕਦਾ ਹੈ?-

ਮਾਰਬੇ ਕੋ ਤ੍ਰਾਸ ਦੇਖ ਚੋਰ ਨ ਤਜਤ ਚੋਰੀ,
ਬਟਵਾਰਾ ਬਟਵਾਰੀ ਸੰਗ ਹਵੈ ਤਕਤ ਹੈ।
ਵੇਸਵਾਰਤਿ ਬ੍ਰਿਥਾ ਭਏ ਮਨ ਮੈ ਨ ਸ਼ੰਕਾ ਮਾਨੈ,
ਜੁਆਰੀ ਨ ਸਰਬਸ ਹਾਰੇ ਸੇ ਥਕਤ ਹੈ।

**(ਬਾਕੀ ਸਫਾ 9 ਤੇ)**

# ਵੱਡੀ ਪਛਾਣ ਬਣਾਈ ਬੈਠਾ ਹੈ ਪਿੰਡ ਘੁਲਾਲ ਦਾ ਸਰਕਾਰੀ ਪ੍ਰਾਇਮਰੀ ਸਕੂਲ



ਤਸਵਿੰਦਰ ਸਿੰਘ ਬੜੈਚ
98763-22677

ਪੰਜਾਬ ਅੰਦਰਲੇ ਜ਼ਿਆਦਾਤਰ ਸਰਕਾਰੀ ਸਕੂਲਾਂ ਦੀ ਹਾਲਤ ਬਹੁਤ ਤਰਸਯੋਗ ਹੈ, ਪਰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਘੁਲਾਲ ਦਾ ਸਰਕਾਰੀ ਪ੍ਰਾਇਮਰੀ ਸਕੂਲ ਜੋ ਬਲਾਕ ਸਮਰਾਲਾ-2 ਅਧੀਨ ਆਉਂਦਾ ਹੈ, ਇਸ ਸੋਚ ਨੂੰ ਬਦਲਣ ਲਈ ਮਜ਼ਬੂਰ ਕਰ ਰਿਹਾ ਹੈ।

ਪੰਜਾਬ ਅੰਦਰ ਖੁੱਲ੍ਹੇ ਪ੍ਰਾਈਵੇਟ ਸਕੂਲਾਂ ਨੂੰ ਪੂਰੀ ਮਾਤ ਪਾਉਂਦਾ ਇਹ ਸਕੂਲ ਜ਼ਿਲ੍ਹਾ ਲੁਧਿਆਣਾ ਦਾ ਸਭ ਤੋਂ ਸੋਹਣਾ ਸਕੂਲ ਹੋਣ ਅਤੇ ਪੰਜਾਬ ਦੇ ਗਿਣੇ-ਚੁਣੇ ਵਧੀਆ ਸਕੂਲਾਂ 'ਚ ਹੋਣ ਦਾ ਮਾਣ ਰੱਖਦਾ ਹੈ। ਸਕੂਲ ਅੰਦਰ ਦਾਖ਼ਲ ਹੁੰਦਿਆਂ ਹੀ ਨਜ਼ਰ ਟਿਕੀ ਦੀ ਟਿਕੀ ਰਹਿ ਜਾਂਦੀ ਹੈ। ਸਕੂਲ ਦੀ ਇਮਾਰਤ ਪੱਕੀ ਅਤੇ ਬੱਚਿਆਂ ਲਈ ਸਿੱਖਿਆਦਾਇਕ ਪੇਟਿੰਗਾਂ ਨਾਲ ਭਰੀ ਪਈ ਹੈ। ਇਮਾਰਤ ਦਾ ਕੋਈ ਵੀ ਕੋਨਾ ਅਜਿਹਾ ਨਹੀਂ ਹੈ ਜਿਸ ਵੱਲ ਵੇਖ ਕੇ ਸਾਨੂੰ ਕੋਈ ਸੇਧ ਅਤੇ ਬੱਚਿਆਂ ਨੂੰ ਕੋਈ ਗਿਆਨ ਪ੍ਰਾਪਤ ਨਾ ਹੁੰਦਾ ਹੋਵੇ।







ਸਕੂਲ ਇਮਾਰਤ ਦਾ ਇੱਕ ਇੰਚ ਹਿੱਸਾ ਵੀ ਕੱਚਾ ਨਹੀਂ, ਹਰ ਜਗ੍ਹਾ ਫਰਸ਼ ਜਾਂ ਘਾਹ ਨਾਲ ਢਕੀ ਹੋਈ ਹੈ। ਸਕੂਲ ਦੇ ਮੇਨ ਬਲਾਕ ਵਿਚ ਬਣੀ ਸ਼ਾਨਦਾਰ ਪਾਰਕ ਮਾਹੌਲ ਨੂੰ ਹਰਿਆ ਭਰਿਆ ਰੱਖਦੀ ਹੈ ਤੇ ਵਿਦਿਆਰਥੀ ਇਸ ਪਾਰਕ ਵਿਚ ਬੈਠ ਕੇ ਅਕਸਰ ਪੜ੍ਹਾਈ ਕਰਕੇ ਤਰੋ-ਤਾਜ਼ਾ ਮਹਿਸੂਸ ਕਰਦੇ ਹਨ। ਸਕੂਲ ਵਿਚ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਕੰਪਿਊਟਰ ਸਿੱਖਿਆ ਵੀ ਦਿੱਤੀ ਜਾਂਦੀ ਹੈ ਅਤੇ ਨਾਲ ਹੀ ਸੁੰਦਰ ਲਾਇਬ੍ਰੇਰੀ ਜੋ ਬੱਚਿਆਂ ਨੂੰ ਕਿਤਾਬਾਂ ਨਾਲ ਮੁਹੱਬਤ ਪਾਉਣ ਵਿਚ ਯੋਗਦਾਨ ਪਾਉਂਦੀ ਹੈ। ਬੱਚਿਆਂ ਵਾਸਤੇ ਮਿਡ-ਡੇ-ਮੀਲ ਤਿਆਰ ਕਰਨ ਲਈ ਸਾਫ ਸੁਥਰੀ ਰਸੋਈ ਹੈ ਤੇ ਬੱਚਿਆਂ ਨੂੰ ਆਰਾਮ ਨਾਲ ਬਿਠਾ ਕੇ ਦੁਪਹਿਰ ਦਾ ਖਾਣਾ ਪਰੋਸਿਆ ਜਾਂਦਾ ਹੈ।

ਬੱਚਿਆਂ ਲਈ ਪੂਰਾ ਫਰਨੀਚਰ, ਸ਼ੁੱਧ ਪਾਣੀ ਪੀਣ ਲਈ ਫਿਲਟਰ ਅਤੇ ਵਾਟਰ ਕੂਲਰ, ਮੰਨੋਰੰਜਨ ਲਈ ਖੇਡਣ ਵਾਸਤੇ ਖੁੱਲੀ ਪਾਰਕ, ਗਰਮੀ ਨਾਲ ਨਜਿੱਠਣ ਲਈ ਇਨਵਰਟਰ, ਸਵੇਰ ਦੀ ਸਭਾ ਵਾਸਤੇ ਸਾਊਂਡ ਸਿਸਟਮ, ਡਰੰਮ ਨਾਲ ਪੀ.ਟੀ. ਕਰਵਾਉਣਾ ਅਰਥਾਤ ਉਹ ਸਾਰੀਆਂ ਸਹੂਲਤਾਂ ਸਕੂਲ 'ਚ ਮੌਜੂਦ ਹਨ, ਜੋ ਮਹਿੰਗੇ ਪ੍ਰਾਈਵੇਟ ਸਕੂਲਾਂ ਵਿਚ ਬੱਚਿਆਂ ਵਾਸਤੇ ਹੁੰਦੀਆਂ ਹਨ। ਸਕੂਲ ਵਿਚ ਤਿੰਨ ਅਧਿਆਪਕ ਸ੍ਰੀਮਤੀ ਪਰਮਿੰਦਰ ਕੌਰ, ਸ੍ਰੀਮਤੀ ਲਖਵੀਰ ਕੌਰ ਤੇ ਸ੍ਰੀ ਸੰਜੀਵ ਕੁਮਾਰ ਜੋ ਬਤੌਰ ਸਕੂਲ ਮੁਖੀ ਸੇਵਾ ਨਿਭਾ ਰਹੇ ਹਨ। ਸਕੂਲ ਮੁਖੀ ਸੰਜੀਵ ਕੁਮਾਰ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਘੁਲਾਲ ਸਕੂਲ ਅੱਜ ਤੋਂ 10 ਸਾਲ ਪਹਿਲਾਂ ਅੱਜ ਦੀ ਪਹਿਚਾਣ ਵਾਲਾ ਮਾਲਕ ਨਹੀਂ ਸੀ। ਸਕੂਲ ਦੀ ਹਾਲਤ ਉਸ ਸਮੇਂ ਬਹੁਤ ਹੀ ਤਰਸਯੋਗ ਸੀ। ਪਿੰਡ ਦੀ ਪੰਚਾਇਤ, ਸਕੂਲ ਕਮੇਟੀ ਅਤੇ ਪਿੰਡ ਵਾਸੀਆਂ ਨੂੰ ਮੀਟਿੰਗਾਂ ਕਰਕੇ ਸਕੂਲ ਨਾਲ ਜੋੜਿਆ ਗਿਆ। ਇੱਕ ਟੀਮ ਬਣ ਗਈ ਅਤੇ ਸਕੂਲ ਨੂੰ ਉਹ ਹਰ ਦਾਨ ਪ੍ਰਾਪਤ ਹੋਣ ਲੱਗਾ ਜਿਸ ਦੀ ਵੀ ਅਧਿਆਪਕਾਂ ਨੇ ਮੰਗ ਕੀਤੀ। ਇਹ ਘੁਲਾਲ ਪਿੰਡ ਦਾ ਪ੍ਰਾਇਮਰੀ ਸਕੂਲ ਉਨ੍ਹਾਂ ਦਾਨੀ ਸੱਜਣਾਂ ਦੀ ਬਦੌਲਤ ਹੈ, ਜਿਨਾਂ ਅਧਿਆਪਕਾਂ ਉਪਰ ਯਕੀਨ ਕਰਕੇ ਦਿਲ ਖੋਲ੍ਹ ਕੇ ਸਕੂਲ ਨੂੰ ਤਨ, ਮਨ ਅਤੇ ਧਨ ਨਾਲ ਸਹਿਯੋਗ ਦਿੱਤਾ।

ਬੱਚਿਆਂ ਦੀ ਵਿੱਦਿਆ ਦਾ ਮਿਆਰ ਬਹੁਤ ਹੀ ਵਧੀਆ ਹੈ, ਬੱਚੇ ਵੱਖ ਵੱਖ ਮੁਕਾਬਲਿਆਂ ਵਿਚ ਹਿੱਸਾ ਲੈ ਕੇ ਪੰਜਾਬ ਪੱਧਰ ਤੱਕ ਪ੍ਰਾਪਤੀਆਂ ਕਰ ਚੁੱਕੇ ਹਨ। ਇਸ ਸਾਲ ਵੀ ਸਕੂਲ ਬਲਾਕ ਸਮਰਾਲਾ-2 ਦਾ ਇਕਲੌਤਾ ਸਕੂਲ ਹੈ ਜਿਸ ਨੇ ਜ਼ਿਲ੍ਹਾ ਪੱਧਰੀ ਹੋਇਆ ਖੇਡਾਂ ਵਿਚ ਚਾਰ ਗੋਲਡ, ਚਾਰ ਚਾਂਦੀ ਤੇ ਤਿੰਨ ਕਾਂਸੀ ਦੇ ਤਗਮੇ ਜਿੱਤੇ ਹਨ ਤੇ ਚਾਰ ਖਿਡਾਰੀਆਂ ਦੀ ਰਾਜ ਪੱਧਰੀ ਖੇਡਾਂ ਲਈ ਵੀ ਚੋਣ ਹੋਈ ਹੈ। ਸਕੂਲ ਵਿੱਦਿਆਰਥੀ ਸਹਿ ਸੱਭਿਆਚਾਰਕ ਗਤੀਵਿਧੀਆਂ ਵਿਚ ਵੀ ਮਾਣ ਮੱਤੀਆਂ ਪ੍ਰਾਪਤੀਆਂ ਕਰ

**(ਬਾਕੀ ਸਫਾ 22 ਤੇ)**


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕਿੰਗਜ ਸਪੋਰਟਸ ਕਲੱਬ ਸੈਕਰਾਮੈਂਟੋ ਨੇ ਸਤੰਬਰ 24 ਨੂੰ ਕਬੱਡੀ ਕੱਪ ਕਰਵਾਉਣ ਦਾ ਲਿਆ ਫੈਸਲਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਸੈਕਰਾਮੈਂਟੋ ਸਥਿਤ ਕਿੰਗਜ ਸਪੋਰਟਸ ਕਲੱਬ ਨੇ 24 ਸਤੰਬਰ ਦਿਨ ਐਤਵਾਰ ਨੂੰ ਵਿਸ਼ਵ ਪੱਧਰੀ ਕਬੱਡੀ ਕੱਪ ਕਰਵਾਉਣ ਦਾ ਫੈਸਲਾ ਲਿਆ, ਜਿਸ ਦੀਆਂ ਤਿਆਰੀਆਂ ਹੁਣ ਤੋਂ ਆਰੰਭ ਦਿੱਤੀਆਂ ਹਨ। ਇਹ ਕਬੱਡੀ ਕੱਪ ਨਵੇਂ ਬਣੇ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਜੋ ਕਿ ਐਲਕ ਗਰੋਵ ਫਲੋਰਨ ਰੋਡ ਤੇ ਸਥਿਤ ਹੈ, ਦੀ ਖਾਲੀ ਪਈ ਜ਼ਮੀਨ ਵਿਚ ਕਰਵਾਇਆ ਜਾ ਰਿਹਾ ਹੈ, ਜਿਸਨੂੰ ਕਿ ਹੁਣ ਤੋਂ ਪੱਧਰਾ ਕੀਤਾ ਜਾ ਰਿਹਾ ਹੈ। ਮੁੱਖ ਪ੍ਰਬੰਧਕਾਂ ਵਿਚ ਸੁੱਖੀ ਸੇਖੋਂ, ਗੁਰਮੁੱਖ ਸਿੰਘ ਸੰਧੂ, ਕਿੰਦੂ ਰਮੀਦੀ, ਸੰਤੋਖ ਦੁਸਾਂਝ ਤੇ ਇੰਦਰਜੀਤ ਖੰਗੂੜਾ ਨੇ ਦੱਸਿਆ ਕਿ ਇਸ ਕਬੱਡੀ ਕੱਪ ਵਿਚ ਵਿਸ਼ਵ ਪੱਧਰੀ ਖਿਡਾਰੀ ਟੂਰਨਾਮੈਂਟ ਵਿਚ ਸ਼ਾਮਲ ਹੋ ਰਹੇ ਹਨ। ਇਸ ਦੌਰਾਨ ਸਕਿਊਰਟੀ ਤੇ ਖਾਣੇ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ। ਸੁੱਖੀ ਸੇਖੋਂ ਨੇ ਦੱਸਿਆ ਕਿ ਜੇਤੂ ਟੀਮਾਂ ਨੂੰ ਭਾਰੀ ਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ ਜਾਵੇਗਾ ਤੇ ਪੁਰਾਣੇ ਕਬੱਡੀ ਖਿਡਾਰੀਆਂ ਦਾ ਵੀ ਸਤਿਕਾਰ ਹੋਵੇਗਾ।

# ਅਕਾਲੀ ਦਲ (ਬਾਦਲ) ਅਮਰੀਕਾ ਵੱਲੋਂ ਬਾਬਾ ਰਾਮ ਰਹੀਮ ਨੂੰ ਮਿਲੀ ਸਜਾ ਦਾ ਭਰਵਾਂ ਸਵਾਗਤ

ਸੈਕਰਾਮੈਂਟੋ (ਹੁਸਨ ਲੜੋਆ ਬੰਗਾ)- ਭਾਰਤੀ ਭਾਈਚਾਰੇ ਵਿਚ ਵਿਸ਼ਵ ਪੱਧਰੀ ਨਮੋਸ਼ੀ ਦਾ ਕਾਰਨ ਬਣ ਬਾਬਾ ਰਾਮ ਰਹੀਮ ਨੂੰ ਉਸ ਦੀਆਂ ਅਣਮਨੁੱਖੀ ਕਰਤੂਤਾਂ ਕਰਕੇ ਮਿਲੀ ਸਜਾ ਦਾ ਅਮਰੀਕਾ ਸਥਿਤ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੀਨੀਅਰ ਆਗੂਆਂ ਨੇ ਭਰਵਾਂ ਸਵਾਗਤ ਕੀਤਾ ਹੈ ਤੇ ਕਿਹਾ ਹੈ ਕਿ ਅਜਿਹੀਆਂ ਹਰਕਤਾਂ ਜੋ ਬਾਬੇ ਰਾਮ ਰਹੀਮ ਨੇ ਬੀਤੇ ਸਮੇਂ ’ਚ ਕੀਤੀਆਂ, ਕੋਈ ਵੀ ਇਨਸਾਨ ਬਰਦਾਸ਼ਤ ਨਹੀਂ ਕਰਦਾ। ਅਕਾਲੀ ਦਲ ਆਗੂਆਂ ਵਿਚ ਕੁਲਵੰਤ ਸਿੰਘ ਖੈਰਾ, ਗੁਰਨਾਮ ਸਿੰਘ ਪੰਮਾ, ਰੌਣਕ ਸਿੰਘ ਐਲ. ਏ., ਹਰਬੰਸ ਚਾਹਲ, ਦਲਵੀਰ ਸੰਘੇੜਾ, ਸੁਖਵਿੰਦਰ ਅਬਲੋਵਾਲ, ਪ੍ਰੀਤਮ ਸਿੰਘ ਗਰੇਵਾਲ, ਸਰਵਜੋਤ ਸਿੰਘ ਸਵੱਦੀ, ਬਲਦੇਵ ਸਿੰਘ ਸੰਘਾ, ਛਿੰਦਾ ਸਿੰਘ ਉਪਲ, ਨੈਕਸਨ ਸਿੰਘ, ਬਲਦੇਵ ਸਿੰਘ ਸੱਲ੍ਹਾਂ, ਰਵਿੰਦਰ ਸਿੰਘ ਬੋਇਲ, ਗਰਵਿੰਦਰ ਲਾਖਨ ਤੇ ਜੋਬਨਜੀਤ ਸਿੰਘ ਆਦਿ ਨੇ ਸਾਂਝੇ ਬਿਆਨ ’ਚ ਸੀ. ਬੀ. ਆਈ. ਦੇ ਮਾਣਯੋਗ ਜੱਜ ਸ੍ਰੀ ਜਗਦੀਪ ਸਿੰਘ ਦੀ ਵੀ ਸ਼ਲਾਘਾ ਕੀਤੀ। ਅਮਰੀਕਾ ਦੇ ਅਕਾਲੀ ਆਗੂਆਂ ਨੇ ਕਿਹਾ ਕਿ ਸਿਆਸੀ ਆਗੂ ਵੀ ਅੱਗੇ ਤੋਂ ਕਿਸੇ ਵੀ ਡੇਰੇ ਤੋਂ ਸਿਆਸੀ ਮਦਦ ਨਾ ਲੈਣ ਜੋ ਬਾਅਦ ਵਿਚ ਨਮੋਸ਼ੀ ਦਾ ਕਾਰਨ ਬਣੇ।

# ਰਾਜਸਥਾਨ ’ਚ ਪਾਸਟਰ ਹਰਜੋਤ ਸੇਠੀ ’ਤੇ ਹਮਲਾ

**ਜੈਪੁਰ**– ਬੀਤੇ ਦਿਨ ਬੁਧਵਾਰ ਨੂੰ ਪਾਸਟਰ ਹਰਜੋਤ ਸੇਠੀ ਮਸੀਹੀ ਸਤਿਸੰਗ ਕਰਨ ਲਈ ਪਿੰਡ ਡਬਲੀ ਜ਼ਿਲਾ ਹਨੂਮਾਨਗੜ੍ਹ ਰਾਜਸਥਾਨ ਵਿਖੇ ਗਏ ਜਦੋਂ ਉਹਨਾਂ ਨੇ ਕਿਸੇ ਦੇ ਘਰ ਵਿੱਚ ਪ੍ਰਾਰਥਨਾ ਸਭਾ ਸ਼ੁਰੂ ਹੀ ਕੀਤੀ ਸੀ ਤਾਂ ਸ਼ਿਵ ਸੈਨਾ, ਬਜਰੰਗ ਦਲ ਦੇ ਕੁਝ ਫਿਰਕਾਪ੍ਰਸਤ ਲੋਕਾਂ ਨੇ ਉਹਨਾਂ ਤੇ ਲਾਠੀਆਂ ਨਾਲ ਹਮਲਾ ਕਰ ਦਿੱਤਾ ਅਤੇ ਕੁਝ ਸੰਗਤ ਦੇ ਲੋਕਾਂ ਨੇ ਪਾਸਟਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਉਨ੍ਹਾਂ ਨੂੰ ਵੀ ਬਹੁਤ ਮਾਰਿਆ ਤੇ ਪਾਸਟਰ ਦੇ ਸਿਰ ਵਿੱਚ ਕਿਰਪਾਨ ਮਾਰ ਦਿੱਤੀ ਅਤੇ ਉਹਨਾਂ ਦੀ ਸੱਜੀ ਲੱਤ ਵੀ ਤੋੜ ਦਿੱਤੀ। ਰਾਜਸਥਾਨ ਪੁਲਿਸ ਨੇ ਮੌਕੇ ਤੇ ਪਹੁੰਚ ਕੇ ਉਹਨਾਂ ਨੂੰ ਹਸਪਤਾਲ ਪਹੁੰਚਾਇਆ ਅਤੇ ਇਸ ਘਟਨਾ ਦਾ ਪਤਾ ਜਦੋਂ ਪਾਸਟਰ ਐਸੋਸੀਏਸ਼ਨ ਪੰਜਾਬ, ਸੈਮਸਨ ਬਿਰਗੇਡ ਕਰਿਸਚੀਅਨ ਯੂਥ ਅਤੇ ਮਸੀਹੀ ਜਾਗ੍ਰਿਤੀ ਸਭਾ ਨੂੰ ਲੱਗਾ ਤਾਂ ਉਹ ਸਾਰੇ ਹਨੂਮਾਨਗੜ੍ਹ ਰਾਜਸਥਾਨ ਨੂੰ ਰਵਾਨਾ ਹੋਏ ਅਤੇ ਉਹਨਾਂ ਹਸਪਤਾਲ ਵਿੱਚ ਪਾਸਟਰ ਹਰਜੋਤ ਸੇਠੀ ਦਾ ਹਾਲ ਚਾਲ ਪੁਛਿਆ ਤੇ ਉਹਨਾਂ ਦੱਸਿਆ ਕਿ ਹਸਪਤਾਲ ਵਿੱਚ ਉਨ੍ਹਾਂ ਦੀ ਕੋਈ ਵੀ ਪੁਛਗਿਛ ਨਹੀਂ ਹੋਈ ਅਤੇ ਨਾ ਹੀ ਕੋਈ ਦਵਾਈ ਦਿੱਤੀ ਗਈ ਹੈ। ਉਹਨਾਂ ਕਿਹਾ ਇੰਜ ਲਗਦਾ ਹੈ ਜਿਵੇਂ ਡਾਕਟਰ ਅਤੇ ਦੋਸ਼ੀ ਆਪਸ ਵਿੱਚ ਮਿਲੇ ਹੋਏ ਹਨ ਅਤੇ ਪੰਜਾਬ ਚੋਂ ਪਹੁੰਚੀ ਸਾਰੀ ਟੀਮ ਨੇ ਡਾਕਟਰਾਂ ਨੂੰ ਕਹਿ ਕੇ ਪਾਸਟਰ ਨੂੰ ਜਲੰਧਰ ਰੈਫਰ ਕਰਵਾ ਦਿੱਤਾ ਅਤੇ ਪਾਸਟਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਯੁਹੰਨਾ ਭੱਟੀ ਸੈਮਸਨ ਬਿਰਗੇਡ ਯੂਥ ਦੇ ਪ੍ਰਧਾਨ ਯਾਕੂਬ ਭੱਟੀ ਚੇਅਰਮੈਨ ਵਿਜੇ ਗੋਰੀਆ ਅਤੇ ਮਸੀਹੀ ਜਾਗ੍ਰਿਤੀ ਸਭਾ ਦੇ ਚੇਅਰਮੈਨ ਸੈਮੁਏਲ ਵਿੱਕੀ, ਪ੍ਰਧਾਨ ਸੁਸ਼ੀਲ ਕੁਮਾਰ ਅਤੇ ਰਾਜਸਥਾਨ ਮਸੀਹੀ ਭਾਈਚਾਰੇ ਦੇ ਲੋਕ ਵੱਡੀ ਗਿਣਤੀ ਵਿੱਚ ਥਾਣੇ ਪਹੁੰਚੇ। ਸਾਰੀ ਟੀਮ ਨੇ ਡੀ.ਐਸ.ਪੀ. ਅਤੇ ਐਸ.ਐਮ.ਓ. ਨਾਲ ਗੱਲਬਾਤ ਕਰਕੇ ਦੋਸ਼ੀਆਂ ਤੇ ਬਣਦੀਆਂ ਧਾਰਾ ਲਗਾ ਕੇ ਪਰਚਾ ਦਰਜ ਕਰਵਾਇਆ ਅਤੇ ਪੁਲਿਸ ਨੇ ਤਿੰਨ ਦੋਸ਼ੀਆਂ ਨੂੰ ਪੰਜਾਬ ਦੀ ਸਾਰੀ ਟੀਮ ਦੇ ਪਹੁੰਚਣ ਤੇ ਦੂਜੇ ਦਿਨ ਸ਼ਾਮ ਤਿੰਨ ਦੋਸ਼ੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਸਾਰੇ ਈਸਾਈਆਂ ਨੇ ਪੰਜਾਬ ਸਰਕਾਰ ਤੋਂ ਵੀ ਮੰਗ ਕੀਤੀ ਕਿ ਰਾਜਸਥਾਨ ਪੁਲਿਸ ਨੂੰ ਕਹਿ ਕੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਵਾਈ ਜਾਵੇ। ਇਸ ਘਟਨਾ ਦੀ ਜਾਣਕਾਰੀ ਰਾਜਸਥਾਨ ਦੀ ਮੁਖ ਮੰਤਰੀ ਸ਼੍ਰੀਮਤੀ ਵਸੁੰਦਰਾ ਰਾਜੇ ਨੂੰ ਵੀ ਟਵੀਟ ਕਰਕੇ ਦਿੱਤੀ ਗਈ।



# ਅਮਿਤ ਸ਼ਾਹ ਨੇ ਜੱਜ ਨੂੰ ਜ਼ਿੰਮੇਵਾਰ ਦੱਸਿਆ ਹਿੰਸਾਪੂਰਨ ਦੰਗਿਆਂ ਦੇ ਲਈ

**ਨਵੀਂ ਦਿੱਲੀ**– ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਬਚਾਅ ਵਿਚ ਉਤਾਰ ਆਏ ਹਨ। ਉਹਨਾਂ ਨੇ ਕਿਹਾ ਕਿ ਪੰਚਕੂਲਾ ਦੀ ਸੀ. ਬੀ. ਆਈ. ਅਦਾਲਤ ਦੁਆਰਾ ਆਪਣੇ ਬਾਬਾ ਰਾਮ ਰਹੀਮ ਨੂੰ ਬਲਾਤਕਾਰ ਦੇ ਮੁਕੱਦਮੇ ਵਿਚ ਦੋਸ਼ੀ ਠਹਿਰਾਏ ਜਾਣ ਦੇ ਬਾਅਦ ਸ਼ੁੱਕਰਵਾਰ ਨੂੰ ਭੜਕੀ ਹਿੰਸਾ ਦੇ ਲਈ ਖੱਟਰ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਇੱਥੇ ਪੱਤਰਕਾਰਾਂ ਨਾਲ ਗੈਰ ਰਸਮੀ ਗੱਲਬਾਤ ਕਰਦੇ ਹੋਏ ਸ਼ਾਹ ਨੇ ਕਿਹਾ ਕਿ ਜੇਕਰ ਇਸ ਹਿੰਸਾ ਦੇ ਲਈ ਕਿਸੇ ਨੂੰ ਦੋਸ਼ੀ ਠਹਿਰਾਇਆ ਜਾਣਾ ਚਾਹੀਦਾ ਹੈ ਤਾਂ ਉਹ ਹੋਰ ਕੋਈ ਨਹੀਂ ਬਲਕਿ ਸਿਰਫ ਅਤੇ ਸਿਰਫ ਉਹ ਜੱਜ ਹੈ, ਜਿਸਨੇ ਹਿੰਸਾ ਦੇ ਸ਼ੰਕਿਆਂ ਅਤੇ ਚਰਚਿਆਂ ਦੀ ਚਿੰਤਾ ਕੀਤੇ ਬਿਨਾਂ ਹੀ ਬਾਬਾ ਨੂੰ ਦੋਸ਼ੀ ਹੋਣ ਦਾ ਐਲਾਨ ਕੀਤਾ।



ਸ਼ਾਹ ਨੇ ਕਿਹਾ ਕਿ ਡੇਰਾ ਮੁਖੀ ਨੂੰ ਕਿਸੇ ਵੀ ਕਿਸਮ ਦੀ ਸਜਾ ਦਾ ਵਿਰਧ ਕਰਨ ਲਈ ਪੰਚਕੂਲਾ ਪਹੁੰਚ ਰਹੇ ਲੱਖਾਂ ਸਮਰਥਕਾਂ ਦੀ ਭੀੜ ਨੂੰ ਮੱਦੇਨਜ਼ਰ ਰੱਖਦੇ ਹੋਏ, ਜੱਜ ਸਾਹਿਬ ਤਣਾਅ ਘੱਟ ਕਰਨ ਦੇ ਉਦੇਸ਼ ਨਾਲ, ਫੈਸਲੇ ਦੀ ਘੋਸ਼ਣਾ ਨੂੰ ਅੱਗੇ ਸਰਕਾ ਸਕਦੇ ਸਨ। ਬਾਬਾ ਦਾ ਹਰਿਆਣਾ ਦੇ ਸਿਰਸਾ ਜ਼ਿਲ੍ਹੇ ਵਿਚ 100 ਏਕੜ ਤੋਂ ਜ਼ਿਆਦਾ ਖੇਤਰਫਲ ਵਿਚ ਫੈਲੇ ਹੋਏ ਡੇਰੇ ਹਨ। ਸ਼ਾਹ ਦੁਆਰਾ ਖੱਟਰ ਨੂੰ ਕਲੀਨ ਚਿੱਟ ਦੇਣਾ ਸੰਭਵ ਹੈ ਬਚਾਅ ਦੀ ਇਸ ਰਣਨੀਤੀ ’ਤੇ ਆਧਾਰਿਤ ਹੈ, ਜਿਸਨੇ ਜੱਜ ਤੇ ਨਿਸ਼ਾਨਾ ਲਗਾਇਆ ਹੈ ਕਿ ਉਹਨਾਂ ਨੇ ਖਤਰੇ ਨੂੰ ਦੇਖਦਿਆਂ ਫੈਸਲਾ ਅੱਗੇ ਪਾ ਦੇਣਾ ਚਾਹੀਦਾ ਸੀ।

ਹਾਲਾਂਕਿ ਖੱਟਰ ਨੇ ਮੰਨਿਆ ਕਿ ਕੁਝ ਗਲਤੀਆਂ ਹੋਈਆਂ ਹਨ ਜੋ ਨਹੀਂ ਹੋਣੀਆਂ ਚਾਹੀਦੀਆਂ ਸਨ ਪਰ ਸ਼ੁੱਕਰਵਾਰ ਨੂੰ ਆਪਣੇ ਇਕ ਬਿਆਨ ਵਿਚ ਉਹ ਰਾਮ ਰਹੀਮ ਸਮਰਥਕਾਂ ਦਾ ਬਚਾਅ ਕਰਦੇ ਨਜ਼ਰ ਆਏ। ਇਸ ਬਿਆਨ ਵਿਚ ਉਹਨਾਂ ਨੇ ਕਿਹਾ ਕਿ ਡੇਰਾ ਸੱਚਾ ਸੌਦਾ ਦੇ ਭਗਤਾਂ ਦੀ ਭੀੜ ਵਿਚ ’ਗੁੰਡੇ’ ਵੜ ਗਏ ਸਨ ਇਸ ਕਰਕੇ ਤਣਾਅ ਪੈਦਾ ਹੋਇਆ।

Capital Services, ਸੈਕਰਾਮੈਂਟੋ
ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates
IRP Plates for 48 States- Same day Plates
TRUCKING SERVICES:
IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER
Capital services
PERSONAL CAR SERVICES: (Approved by CA DMV )
ਕਾਰਾਂ ਦੀ ਤੁਰੰਤ ਟ੍ਰਾਂਸਫਰ ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ, ਡੁਪਲੀਕੇਟ ਟਾਈਟਲ ਤੇ ਹੋਰ
Vin Verification (Approved by CA DMV ਕਰਵਾਉਣ ਲਈ ਲਈ ਵੀ ਸੰਪਰਕ ਕਰੋ
INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others
ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ
OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.
For Legal Services, Once a week Attorney at your service.
ਕਿਸੇ ਵੀ ਜਾਣਕਾਰੀ ਲਈ Call (916) 427-4321
6624 Florin Road Sacramento CA 95828
Email : sacramento99@yahoo.com
Website : www.capitalservices.us

33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ
ਹਰ ਉਮਰ ’ਚ
ਵਿਆਹ ਤੋਂ ਪਹਿਲਾਂ ਜਾਂ ਬਾਅਦ ’ਚ ਹੋਈ ਕਮਜ਼ੋਰੀ
ਹਰ ਮੌਸਮ ’ਚ
ਅਮਰ ਕੋਰਸ®
ਹਰ ਉਮਰ ’ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ
ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ
ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।
ਸੈਕਸ ’ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**

ਵੈਦ ਅਮਰਜੀਤ ਅਮਰ
ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।
ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ
ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)
ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।
ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ
ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ
ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888
ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

## ਮਸੀਹੀ ਸੰਸਾਰ ਦੀ ਡੈਸਕ ਤੋਂ ਮਸੀਹੀ ਸਮਾਚਾਰ

# ਈਸਾਈਅਤ ਵਿਚ ਤੱਪ ਦੇ ਅਰਥ

ਸਵਰਗ ਅਤੇ ਇਸ ਦ੍ਰਿਸ਼ਟਮਾਨ ਸੰਸਾਰ ਦੇ ਹਰ ਪ੍ਰਕਾਰ ਦੇ ਗਿਆਨ ਦੀ ਜੜ੍ਹ ਪਵਿੱਤਰ ਬਾਈਬਲ ਵਿੱਚ ਹੀ ਹੈ- ਆਰਥਿਕਤਾ, ਸਿਆਸਤ, ਸਮਾਜਿਕਤਾ, ਹਰ ਪ੍ਰਕਾਰ ਦੀ ਵਿਦਿਆ, ਸਭਿਆਚਾਰ ਅਤੇ ਅੱਜ ਦੀ ਸਾਇੰਸ ਦੇ ਸੂਖਮ ਤੋਂ ਸੂਖਮ ਵਿਸ਼ੇ ਵੀ ਪਵਿੱਤਰ ਬਾਈਬਲ ਵਿਚੋਂ ਹੀ ਫੁਟਦੇ ਨਜ਼ਰ ਆਉਂਦੇ ਹਨ।

ਪ੍ਰਭੂ ਯਿਸੂ ਨੇ ਜੋ ਮੁਕਤੀ ਦਾ ਗਿਆਨ ਦਿੱਤਾ ਹੈ, ਉਹ ਇਨਸਾਨ ਦੀ ਮਜ਼ਬੂਤ ਆਰਥਿਕਤਾ ਤੇ ਜ਼ੋਰ ਦਿੰਦਾ ਹੈ। ਪ੍ਰਭੂ ਯਿਸੂ ਨੇ ਸਪਸ਼ਟ ਕੀਤਾ ਹੈ ਕਿ ਜਦ ਉਹ ਮੁਕਤੀ ਦਾਨ ਦੇ ਦਵਾਰ ਤੇ ਖੜਾ ਹੋਵੇਗਾ ਤਾਂ ਉਹ ਕਿਸ ਪ੍ਰਕਾਰ ਦੇ ਲੋਕਾਂ ਲਈ ਮੁਕਤੀ ਦਾ ਦਵਾਰ ਖੋਲ੍ਹੇਗਾ। ਉਸਨੇ ਕਿਹਾ, ਮੈਂ ਕਹਾਂਗਾ- ਜਦ ਮੈਂ ਭੁੱਖਾ ਸੀ ਤੁਸੀਂ ਮੈਨੂੰ ਰੋਟੀ ਦਿੱਤੀ, ਜਦ ਮੈਂ ਨੰਗਾ ਸੀ ਤੁਸੀਂ ਮੈਨੂੰ ਕਪੜਾ ਦਿੱਤਾ, ਜਦ ਮੈਂ ਬੀਮਾਰ ਸੀ ਤੁਸੀਂ ਮੇਰੀ ਤੀਮਾਰਦਾਰੀ ਕੀਤੀ, ਜਦ ਮੈਂ ਪ੍ਰਦੇਸੀ ਸੀ ਤੁਸੀਂ ਮੈਨੂੰ ਆਪਣੇ ਘਰ ਵਿੱਚ ਸ਼ਰਨ ਦਿੱਤੀ ਜਦ ਮੈਂ ਕੈਦ ਵਿੱਚ ਸੀ ਤੁਸੀਂ ਮੇਰੀ ਖਬਰ ਲੈਣ ਆਏ।

ਇਸ ਦੇ ਨਾਲ ਹੀ ਉਨ੍ਹਾਂ ਸਪਸ਼ਟ ਕੀਤਾ ਕਿ ਜੋ ਲੋਕ ਇਹ ਕਹਿਣਗੇ ਅਸੀਂ ਤੇਰੇ ਨਾਂ ਤੇ ਮੁਰਦੇ ਜਿਉਂਦੇ ਕੀਤੇ, ਅੰਨ੍ਹੇ ਸੁਜ਼ਾਖੇ ਕੀਤੇ, ਲੰਗੜੇ ਤੁਰਨ ਲਾ ਦਿੱਤੇ, ਉਨ੍ਹਾਂ ਨੂੰ ਮੈਂ ਕਹਾਂਗਾ ਜੇਕਰ ਤੁਸੀਂ ਭੁੱਖੇ ਨੂੰ ਰੋਟੀ ਨਹੀਂ ਦਿੱਤੀ, ਨੰਗੇ ਨੂੰ ਕੱਪੜਾ ਨਹੀਂ ਦਿੱਤਾ, ਬਿਮਾਰ ਦੀ ਤਿਮਾਰਦਾਰੀ ਨਹੀਂ ਕੀਤੀ,ਕੈਦੀ ਦੀ ਖਬਰ ਲੈਣ ਨਹੀਂ ਗਏ ਤਾਂ ਤੁਸੀਂ ਸਵਰਗ ਦੇ ਦਵਾਰ ਵਿੱਚ ਦਾਖਲ ਨਹੀਂ ਹੋਵੋਗੇ। ਈਸਾਈਅਤ ਅਤੇ ਦੂਜੇ ਧਰਮਾਂ ਵਿਚ ਇਹ ਹੀ ਫਰਕ ਹੈ ਕਿ ਇਥੇ ਮੁਕਤੀ ਦੂਸਰਿਆਂ ਦਾ ਭਲਾ ਕਰਨ ਦੇ ਕਾਰਜਾਂ ਉੱਤੇ ਟਿਕੀ ਹੋਈ ਹੈ। ਈਸਾਈਅਤ ਵਿਚ ਤੱਪ ਦਾ ਅਰਥ ਦੂਸਰਿਆਂ ਦੀ ਭਲਾਈ ਹੀ ਹੈ। ਦੂਸਰਿਆਂ ਦੀ ਭਲਾਈ ਹੀ ਇਕ ਈਸਾਈ ਦੀ ਇਬਾਦਤ ਹੈ। ਇਸੇ ਕਰਕੇ ਸ਼ੁਰੂ ਤੋਂ ਹੀ ਚਰਚ ਲੋਕਾਂ ਦੀ ਰਾਜਨੀਤਕ, ਆਰਥਿਕ, ਸਮਾਜਿਕ, ਵਿਦਿਅਕ, ਸੱਭਿਆਚਾਰਕ ਆਦਿ ਪੱਖਾਂ ਦੀ ਉਨਤੀ ਵਿੱਚ ਲੱਗਾ ਹੋਇਆ ਹੈ।

ਭੁੱਖੇ ਨੂੰ ਰੋਟੀ ਕੌਣ ਦੇ ਸਕਦਾ ਹੈ, ਨੰਗੇ ਨੂੰ ਕਪੜਾ ਕੌਣ ਦੇ ਸਕਦਾ ਹੈ, ਬੀਮਾਰ ਦੀ ਤੀਮਾਰਦਾਰੀ ਕੌਣ ਕਰ ਸਕਦਾ ਹੈ? ਜਿਸਦੀ ਆਪਣੀ ਆਰਥਿਕਤਾ ਵਿੱਚ ਕੁਝ ਜਾਨ ਹੋਵੇਗੀ। ਜੇਕਰ ਤੁਹਾਡੇ ਕੋਲ ਦੋ ਕੁੜਤੇ ਹੋਣਗੇ ਤਦ ਹੀ ਤੁਸੀਂ ਨੰਗੇ ਨੂੰ ਇੱਕ ਕੁੜਤਾ ਦੇ ਸਕਦੇ ਹੋ। ਜੇਕਰ ਤੁਸੀਂ ਖੁਦ ਹੀ ਭੁੱਖੇ ਬੈਠੇ ਹੋ ਤਾਂ ਤੁਸੀਂ ਦੂਸਰੇ ਨੂੰ ਕੀ ਦੇਵੋਗੇ? ਜੇਕਰ ਤੁਹਾਡੀ ਜੇਬ ਵਿੱਚ ਕੁਝ ਹੋਵੇਗਾ ਤਦ ਹੀ ਤੁਸੀਂ ਕਿਸੇ ਬੀਮਾਰ ਦੀ ਤੀਮਾਰਦਾਰੀ ਕਰ ਸਕਦੇ ਹੋ।

ਅਮੀਰ ਦੇਸ਼ਾਂ ਨੇ ਹੀ ਪਵਿੱਤਰ ਬਾਈਬਲ ਸੰਸਾਰ ਭਰ ਵਿੱਚ ਪਹੁੰਚਾਈ। ਰਾਜਨੀਤਕ ਤੌਰ ਤੇ ਗੁਲਾਮ ਦੇਸ਼ਾਂ ਨੂੰ ਅਜ਼ਾਦ ਕਰਾਉਣ ਲਈ ਹਜ਼ਾਰਾਂ ਮਿਸ਼ਨਰੀਆਂ ਨੇ ਆਪਣੀ ਜਾਨ ਤੱਕ ਕੁਰਬਾਨ ਕਰ ਦਿੱਤੀ। ਭੁੱਖੇ ਨੂੰ ਰੋਟੀ ਦੇਣ ਦਾ ਪ੍ਰਬੰਧ ਕੀਤਾ, ਗਰੀਬ ਤੋਂ ਗਰੀਬ ਦੇਸ਼ ਵਿੱਚ ਸਕੂਲ, ਕਾਲਜ ਤੇ ਯੁਨੀਵਵਰਸਿਟੀਆਂ ਖੋਲ੍ਹ ਕੇ ਲੋਕਾਂ ਨੂੰ ਵਿਦਿਆ ਦਿੱਤੀ, ਗਰੀਬ ਦੇਸ਼ਾਂ ਵਿੱਚ ਇੰਡਸਟਰੀ ਦਾ ਪਸਾਰ ਕੀਤਾ ਤਾਂ ਕਿ ਲੋਕਾਂ ਨੂੰ ਖੁੱਲ ਕੇ ਰੋਜ਼ਗਾਰ ਮਿਲੇ, ਹਸਪਤਾਲ ਖੋਲ੍ਹ ਕੇ ਗਰੀਬ ਤੋਂ ਗਰੀਬ ਨੂੰ ਮਰੀਜ਼ਾਂ ਦੀ ਤੀਮਾਰਦਾਰੀ ਦਾ ਅਵਸਰ ਪ੍ਰਦਾਨ ਕੀਤਾ।

ਸਾਇੰਸ ਦਾ ਪਸਾਰ ਕਰਕੇ ਮਨੁੱਖੀ ਜੀਵਨ ਨੂੰ ਸੁੰਦਰ ਬਣਾਉਣ ਦਾ ਕੰਮ ਕੀਤਾ ਅਤੇ ਅੱਜ ਵੀ ਕਰ ਰਿਹਾ ਹੈ। ਭਾਰਤ ਵਿਚ ਈਸਾਈਅਤ 2000 ਸਾਲ ਤੋਂ ਹੈ ਪਰ ਇਸਨੂੰ ਖੁਦਾ ਦੀਆਂ ਉਹ ਬਰਕਤਾਂ ਹਾਸਿਲ ਨਹੀਂ ਹਨ ਜੋ ਇਸ ਸੰਸਾਰ ਦੇ 164 ਈਸਾਈ ਦੇਸ਼ਾਂ ਨੂੰ ਪ੍ਰਾਪਤ ਹਨ। ਕਾਰਣ? ਇਥੇ ਲੋਕ ਚਰਚਾਂ ਵਿਚ ਅਤੇ ਆਪਣੇ ਘਰਾਂ ਵਿਚ ਇਬਾਦਤ ਤੱਕ ਹੀ ਸੀਮਤ ਹਨ।

**ਫਰੈਡੀ ਜੋਜ਼ਫ ਖੁਦਾਈ ਖਿਦਮਤਗਾਰ**

# ਪਹਿਲਾ ਪੱਥਰ ਉਹ ਮਾਰੇ ਜਿਸ ਨੇ ਕਦੀ ਪਾਪ ਨਾ ਕੀਤਾ ਹੋਵੇ



**ਫਰੈਡੀ ਜੋਜ਼ਫ**

ਕੁਝ ਫੱਕੀ ਫਰੀਸੀ ਇੱਕ ਔਰਤ ਨੂੰ ਪ੍ਰਭੂ ਯਿਸੂ ਕੋਲ ਲੈ ਕੇ ਆਏ ਅਤੇ ਉਸਨੂੰ ਪੁਛਿਆ- ਇਹ ਔਰਤ ਜ਼ਨਾਹ ਕਰਦੀ ਫੜੀ ਗਈ ਹੈ। ਸ਼ਰੀਅਤ ਅਨੁਸਾਰ ਇਸਨੂੰ ਪੱਥਰ ਮਾਰ ਮਾਰ ਕੇ ਮਾਰ ਦੇਣਾ ਚਾਹੀਦਾ ਹੈ। ਤੂੰ ਇਸ ਬਾਰੇ ਕੀ ਕਹਿਣਾ ਚਾਹੁੰਦਾ ਹੈਂ? ਪ੍ਰਭੂ ਯਿਸੂ ਨੇ ਕਿਹਾ, "ਇਸਨੂੰ ਪਹਿਲਾ ਪੱਥਰ ਉਹ ਮਾਰੇ ਜਿਸਨੇ ਕਦੀ ਗੁਨਾਹ ਨਾ ਕੀਤਾ ਹੋਵੇ।'' ਇਸ ਤੇ ਸਭ ਨੇ ਆਪੋ ਆਪਣੇ ਅੰਦਰ ਝਾਤੀ ਮਾਰੀ ਤੇ ਇੱਕ ਇੱਕ ਕਰਕੇ ਉਥੋਂ ਖਿਸਕ ਗਏ। ਜਦ ਸਾਰੇ ਚਲੇ ਗਏ ਤਾਂ ਪ੍ਰਭੂ ਯਿਸੂ ਨੇ ਉਸ ਔਰਤ ਨੂੰ ਕਿਹਾ- ਜਾਹ ਚਲੀ ਜਾ ਅਗੇ ਤੋਂ ਪਾਪ ਨਾ ਕਰੀਂ ਅਰਥਾਤ ਉਸ ਨੂੰ ਮਾਫ ਕਰ ਦਿੱਤਾ।

ਪੰਜਾਬ ਵਿਚ ਇਸ ਸਮੇਂ ਪੈਂਤੀਕਾਸਟਲ ਚਰਚਾਂ ਵਿੱਚੋਂ ਅਪੋਸਟਲ ਅੰਕੁਰ ਨਰੂਲਾ ਦਾ ਚਰਚ ਆਫ ਸਾਇਨ ਐਂਡ ਵੰਡਰਜ਼ ਅਤੇ ਖੋਜੇਵਾਲ ਦਾ ਓਪਨ ਡੋਰ ਚਰਚ ਸਭ ਤੋਂ ਵੱਡੇ ਪੈਂਤੀਕਾਸਟਲ ਚਰਚ ਹਨ। ਇੰਨ੍ਹਾਂ ਚਰਚਾਂ ਵਿੱਚ ਸਾਰੀਆਂ ਬਰਾਦਰੀਆਂ ਦੇ ਲੋਕ ਭਾਰੀ ਗਿਣਤੀ ਵਿੱਚ ਆ ਰਹੇ ਹਨ। ਕਈ ਪੁਰਾਣੇ ਈਸਾਈ ਵੀ ਆਪੋ ਆਪਣੇ ਚਰਚ ਛੱਡ ਕੇ ਇੰਨ੍ਹਾਂ ਚਰਚਾਂ ਵੱਲ ਖਿਚੇ ਜਾ ਰਹੇ ਹਨ।

ਜਿੰਨ੍ਹਾ ਚਰਚਾਂ ਵਿੱਚੋਂ ਬਹੁਤ ਭਾਰੀ ਗਿਣਤੀ ਵਿੱਚ ਲੋਕ ਇੰਨ੍ਹਾਂ ਚਰਚਾਂ ਵੱਲ ਖਿਚੇ ਗਏ ਹਨ, ਉਨ੍ਹਾਂ ਚਰਚਾਂ ਵਿੱਚ ਲੋਕਾਂ ਦੀ ਗਿਣਤੀ ਲਗਾਤਾਰ ਘੱਟ ਹੋਣ ਕਾਰਨ ਕੁਝ ਧਾਰਮਿਕ ਲੀਡਰ ਬਹੁਤ ਪਰੇਸ਼ਾਨ ਹਨ। ਆਪਣੇ ਚਰਚ ਦੀਆਂ ਕਮੀਆਂ ਦੂਰ ਕਰਨ ਦੀ ਬਜਾਏ ਉਹ ਅੱਜ ਕਲ੍ਹ ਅੰਕੁਰ ਨਰੂਲਾ ਦੇ ਚਰਚ ਅਤੇ ਖੋਜੇਵਾਲ ਚਰਚ ਤੇ ਚਿੱਕੜ ਉਛਾਲਣ ਲਗ ਪਏ ਹਨ। ਇਕ ਆਰਗਨਾਈਜ਼ਡ ਚਰਚ ਵਿੱਚ ਵੀ ਸੰਗਤਾਂ ਦੀ ਗਿਣਤੀ ਚਿੰਤਾਜਨਕ ਹੱਦ ਤੱਕ ਡਿੱਗ ਗਈ ਹੈ।

ਆਪਣੇ ਚਰਚ ਖਾਲੀ ਹੁੰਦੇ ਦੇਖ ਕੇ ਕਈ ਧਾਰਮਿਕ ਲੀਡਰ ਆਪਣਾ ਦਿਮਾਗੀ ਸੰਤੁਲਨ ਗੁਆ ਬੈਠੇ ਹਨ ਅਤੇ ਉਹ ਲਾਗਤਾਰ ਫੇਸਬੁਕਾਂ ਅਤੇ ਯੂ.ਟਿਊਬਾਂ ਤੇ ਆਪਣੇ ਵੀਡੀਓ ਵਾਇਰਲ ਕਰਕੇ ਇੰਨ੍ਹਾਂ ਚਰਚਾਂ ਤੇ ਬੇਹੱਦ ਘਟੀਆ ਤਰੀਕੇ ਨਾਲ ਚਿੱਕੜ ਉਛਾਲ ਰਹੇ ਹਨ। ਅਜਿਹੇ ਚਰਚਾਂ ਨਾਲ ਹਮਦਰਦੀ ਰੱਖਣ ਵਾਲੇ ਵਿਦੇਸ਼ਾਂ ਵਿੱਚ ਬੈਠੇ ਕੁਝ ਲੋਕ ਵੀ ਆਪਣੇ ਵੀਡੀਓ ਵਾਇਰਲ ਕਰਕੇ ਅੰਕੁਰ ਨਰੂਲਾ ਅਤੇ ਖੋਜੇਵਾਲ ਚਰਚਾਂ ਵਿਰੁਧ ਬਹੁਤ ਸ਼ਰਮਨਾਕ ਢੰਗ ਨਾਲ ਚਿੱਕੜ ਉਛਾਲ ਰਹੇ ਹਨ। ਇਥੋਂ ਤੱਕ ਕਿ ਉਹ ਗੈਰ ਈਸਾਈਆਂ ਨੂੰ ਇੰਨ੍ਹਾਂ ਚਰਚਾਂ ਤੇ ਹਮਲੇ ਕਰਨ ਤੇ ਇਹ ਚਰਚ ਬੰਦ ਕਰਾਉਣ ਤੇ ਜ਼ੋਰ ਦੇਣ ਲੱਗ ਪਏ ਹਨ। ਈਸਾਈਅਤ ਵਿਰੋਧੀ ਗੈਰ ਈਸਾਈ ਸੰਗਠਨਾਂ ਨੂੰ ਇਹ ਬੜੀ ਬੇਸ਼ਰਮੀ ਨਾਲ ਅਪੀਲ ਕਰ ਰਹੇ ਹਨ ਕਿ ਇਹ ਚਰਚ ਬੰਦ ਕਰਾਓ ਨਹੀਂ ਤਾਂ ਇਹ ਤੁਹਾਡੇ ਧਰਮਾਂ ਦਾ ਸਫਾਇਆ ਕਰ ਦੇਣਗੇ।

ਇਨ੍ਹਾਂ ਵੱਲੋਂ ਪਾਸਟਰ ਅੰਕੁਰ ਨਰੂਲਾ ਅਤੇ ਪਾਸਟਰ ਹਰਪ੍ਰੀਤ ਦਿਓਲ ਤੇ ਜੋ ਦੋਸ਼ ਲਾਏ ਜਾ ਰਹੇ ਹਨ ਉਹ ਇਸ ਪ੍ਰਕਾਰ ਹਨ-

(ੳ) ਉਨ੍ਹਾਂ ਨੇ ਆਪਣੇ ਨਾਂ ਕਿਉਂ ਨਹੀਂ ਬਦਲੇ (ਅ) ਆਪਣੇ ਬੱਚਿਆਂ ਦੇ ਨਾਂ ਕਿਉਂ ਨਹੀਂ ਬਦਲੇ (ੲ) ਉਨ੍ਹਾਂ ਦੇ ਸਬੰਧ ਆਪਣੀਆਂ ਪੁਰਾਣੀਆਂ ਬਰਾਦਰੀਆਂ ਨਾਲ ਹੀ ਕਿਉਂ ਚਲੇ ਆ ਰਹੇ ਹਨ?

(1) ਉਹ ਸਾਡੇ ਨਾਲ ਕਿਉਂ ਨਹੀਂ ਮਿਲ ਕੇ ਚਲਦੇ?

ਪਹਿਲੇ ਪ੍ਰਸ਼ਨ ਦਾ ਉੱਤਰ ਪਾਕ ਅੰਜੀਲ ਨੇ ਇਸ ਪ੍ਰਕਾਰ ਦਿੱਤਾ ਹੈ- ਪ੍ਰਭੂ ਯਿਸੂ ਨੂੰ ਉਨ੍ਹਾਂ ਦੇ ਚੇਲਿਆਂ ਨੇ ਕਿਹਾ ਕਿ ਇਕ ਵਿਅਕਤੀ ਤੁਹਾਡਾ ਉਪਦੇਸ਼ ਲੋਕਾਂ ਨੂੰ ਦੇ ਰਿਹਾ ਹੈ ਪਰ ਉਹ ਸਾਡੇ ਨਾਲ ਮਿਲ ਕੇ ਨਹੀਂ ਚਲਦਾ। ਪ੍ਰਭੂ ਯਿਸੂ ਨੇ ਕਿਹਾ ਕਿ ਭਾਵੇਂ ਉਹ ਸਾਡੇ ਨਾਲ ਮਿਲ ਕੇ ਨਹੀਂ ਚਲਦਾ ਫਿਰ ਵੀ ਉਹ ਆਪਣਾ ਹੀ ਬੰਦਾ ਹੈ। (ੳ) ਪੈਂਤੀਕਾਸਟਲਾਂ ਨਾਲ ਆਰਗਨਾਈਜ਼ਡ ਚਰਚ ਮਿਲ ਕੇ ਚਲਦੇ ਹਨ? ਜਦ ਉਨ੍ਹਾਂ ਤੇ ਤੁਹਾਨੂੰ ਕੋਈ ਇਤਰਾਜ਼ ਨਹੀਂ ਤਾਂ ਫਿਰ ਅੰਕੁਰ ਨਰੂਲਾ ਅਤੇ ਪਾਸਟਰ ਹਰਪ੍ਰੀਤ ਤੇ ਤੁਹਾਨੂੰ ਕਿਉਂ ਇਤਰਾਜ਼ ਹੈ?

**(ਚਲਦਾ)**

# ਪੰਜਾਬੀ ਚਰਚ ਨਿਊਯਾਰਕ ਵਿਖੇ ਅਜ਼ਾਦੀ ਦਿਵਸ ਅਤੇ ਸਮਰਫੈਸਟ ਮਨਾਇਆ ਗਿਆ

**ਨਿਊਯਾਰਕ-** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਭਾਰਤ ਦੇਸ਼ ਦਾ ਅਜ਼ਾਦੀ ਦਿਵਸ ਵਿਸ਼ਵ ਭਰ ਵਿੱਚ ਧੂਮ ਧਾਮ ਨਾਲ ਮਨਾਇਆ ਗਿਆ। ਨਿਊਯਾਰਕ ਦੀ ਬੈਥਲਹਮ ਪੰਜਾਬੀ ਚਰਚ ਵਿੱਚ ਵੀ ਅਜ਼ਾਦੀ ਦਿਵਸ ਨੂੰ ਜ਼ੋਰਾਂ ਸ਼ੋਰਾਂ ਨਾਲ ਮਨਾਉਣ ਦੀ ਉਤਸੁਕਤਾ ਦਿਖਾਈ ਦਿੱਤੀ ਗਈ। ਪ੍ਰਭੂ ਯਿਸੂ ਮਸੀਹ ਜੀ ਦੇ ਦੁਆਰਾ ਮਿਲੀ ਪਾਪਾਂ ਤੋਂ ਮੁਕਤੀ ਅਤੇ ਦੇਸ਼ ਦੇ ਸੁਤੰਤਰਤਾ ਦਿਵਸ ਨੂੰ ਮੁਖ ਰੱਖਦਿਆਂ ਦੋ ਦਿਨਾਂ ਪ੍ਰੋਗਰਾਮ ਅਯੋਜਿਤ ਕੀਤਾ ਗਿਆ। ਪਾਸਟਰ ਜਤਿੰਦਰ ਪੀ. ਗਿੱਲ ਜੀ ਦੀ ਅਗਵਾਈ ਹੇਠ ਇਹ ਪ੍ਰੋਗਰਾਮ ਅਯੋਜਿਤ ਕੀਤੇ ਗਏ।




ਸਮਰਫੈਸਟ ਉਤਸਵ ਨਿਊਯਾਰਕ ਦੇ ਰਿਚਮੰਦ ਹਿੱਲ ਦੀ ਸਮੋਕੀ ਪਾਰਕ ਵਿੱਚ ਲਗਾਇਆ ਗਿਆ। ਜਿਸ ਵਿੱਚ ਕਿ ਹੋਰ ਕਈ ਕਲੀਸਿਆਵਾਂ ਨੇ ਵੱਧ ਚੜ੍ਹ ਕੇ ਹਿਸਾ ਲਿਆ। ਇਸ ਉਤਸਵ ਵਿੱਚ ਬੱਚਿਆਂ ਬਜ਼ੁਰਗਾਂ ਅਤੇ ਨੌਜਵਾਨਾਂ ਨੇ ਦੂਰੋ ਨੇੜਿਓਂ ਆ ਕੇ ਸ਼ਿਰਕਤ ਕੀਤੀ।

ਪ੍ਰੋਗਰਾਮ ਦੇ ਸ਼ੁਰਆਤ ਵਿੱਚ ਪਾਸਟਰ ਜਤਿੰਦਰ ਪੀ. ਗਿੱਲ ਜੀ ਨੇ ਸਭ ਸੰਗਤਾਂ ਲਈ ਪ੍ਰਾਰਥਨਾ ਕੀਤੀ ਅਤੇ ਪ੍ਰਭੂ ਯਿਸੂ ਮਸੀਹ ਦਾ ਧੰਨਵਾਦ ਕੀਤਾ।

ਇਸ ਪ੍ਰੋਗਰਾਮ ਵਿੱਚ ਪੰਜਾਬੀ ਚਰਚ ਅਤੇ ਦੂਸਰੀਆਂ ਕਲੀਸਿਆਵਾਂ ਦੀਆਂ ਆਰਧਨਾ ਅਤੇ ਸੰਗਤ ਮੰਡਲੀ ਦੁਆਰਾ ਪ੍ਰਭੂ ਯਿਸੂ ਮਸੀਹ ਜੀ ਦੀ ਉਸਤਤ ਵਿੱਚ ਗੀਤ ਗਾਏ ਗਏ। ਜਿਹਨਾਂ ਵਿੱਚ ਸਭ ਨੇ ਨੱਚ ਕੇ ਤੇ ਗਾ ਕੇ ਖੁਸੀ ਦਾ ਇਜ਼ਹਾਰ ਕੀਤਾ ਤੇ ਪ੍ਰਭੂ ਯਿਸੂ ਦੇ ਗੁਣਗਾਨ ਕੀਤੇ। ਉਤਸਵ ਦੌਰਾਨ ਬਹੁਤ ਸਾਰੇ ਸਟਾਲ ਲਗਾਏ ਗਏ ਸਨ। ਦੰਦਾਂ ਦਾ ਫਰੀ ਚੈਕਅਪ, ਭੋਜਨ, ਬੱਚਿਆਂ ਲਈ ਖੇਡਾਂ, ਧਾਰਮਿਕ ਪੁਸਤਕਾਂ ਅਤੇ ਸੀ.ਡੀ., ਪ੍ਰਭੂ ਯਿਸੂ ਮਸੀਹ ਜੀ ਦੇ ਜੀਵਨ ਤੇ ਅਧਾਰਿਤ ਪੁਸਤਕਾਂ ਦਾ ਵਿਸ਼ੇਸ਼ ਪ੍ਰਬੰਧ ਸੀ। ਸਭ ਨੇ ਇਸ ਪ੍ਰੋਗਰਾਮ ਦੁਆਰਾ ਖੂਬ ਆਨੰਦ ਮਾਣਿਆ।

ਇਸੇ ਤਰ੍ਹਾਂ ਦੂਸਰੇ ਦਿਨ ਬੈਥਲਹਮ ਪੰਜਾਬੀ ਚਰਚ ਵਿਖੇ ਅਜ਼ਾਦੀ ਦੇ ਦਿਵਸ ਨੂੰ ਮੁਖ ਰੱਖਦਿਆਂ ਅਤੇ ਪ੍ਰਭੂ ਯਿਸੂ ਮਸੀਹ ਜੀ ਦੁਆਰਾ ਮਿਲੀ ਰੂਹਾਨੀ ਅਜ਼ਾਦੀ ਨੂੰ ਮਨਾਇਆ। ਇਕ ਖ਼ਾਸ ਸਭਾ ਦਾ ਅਯੋਜਨ ਕੀਤਾ ਗਿਆ। ਇਸ ਸਭਾ ਦੌਰਾਨ ਪ੍ਰਭੂ ਯਿਸੂ ਮਸੀਹ ਜੀ ਦੀ ਉਸਤਤ ਵਿੱਚ ਅਰਾਧਨਾ ਗੀਤ ਗਾਉਂਦੇ ਅਤੇ ਉਹਨਾਂ ਦੀ ਪ੍ਰਸੰਸਾ ਕਰਦੇ ਸਭ ਨੇ ਭਰਪੂਰ ਅਨੰਦ ਮਾਣਿਆ। ਕਲੀਸਿਆ ਦੇ ਬੱਚਿਆਂ ਦੁਆਰਾ ਅਜ਼ਾਦੀ ਦਿਵਸ ਦੇ ਸਬੰਧ ਵਿੱਚ ਡਾਂਸ ਪੇਸ਼ ਕੀਤਾ ਗਿਆ।

ਉਪਰੰਤ ਸਾਰੀ ਸੰਗਤ ਨੂੰ ਝੰਡੇ ਵੀ ਦਿੱਤੇ ਗਏ। ਪਾਸਟਰ ਜਤਿੰਦਰ ਪੀ. ਗਿੱਲ ਜੀ ਨੇ ਇਸ ਮੌਕੇ ਤੇ ਪਵਿੱਤਰ ਪੁਸਤਕ ਬਾਈਬਲ ਵਿਚੋਂ ਹਵਾਲੇ ਦਿੰਦੇ ਹੋਏ ਸਭ ਨੂੰ ਪ੍ਰਭੂ ਯਿਸੂ ਮਸੀਹ ਕੌਣ ਹਨ ਅਤੇ ਉਨ੍ਹਾਂ ਦਾ ਸਾਡੇ ਜੀਵਨ ਵਿੱਚ ਕੀ ਮਹੱਤਵ ਹੈ, ਜਾਣਕਾਰੀ ਦਿੱਤੀ। ਉਹਨਾਂ ਨੇ ਦੱਸਿਆ ਕਿ ਪ੍ਰਭੂ ਯਿਸੂ ਮਸੀਹ ਹੀ ਇਕੋ ਇੱਕ ਪਰਮੇਸ਼ਵਰ ਦੇ ਪੁੱਤਰ ਹਨ ਜੋ ਕਿ ਇਸ ਸੰਸਾਰ ਵਿੱਚ ਕੇਵਲ ਮਸੀਹੀ ਲੋਕਾਂ ਲਈ ਨਹੀਂ ਸਗੋਂ ਸਭਨਾਂ ਨੂੰ ਪਾਪਾਂ ਤੋਂ ਛੁਟਕਾਰਾ ਦੇਣ ਅਤੇ ਸਭ ਦਾ ਉਦਾਰ ਕਰਨ ਆਏ। ਉਨ੍ਹਾਂ ਕਿਹਾ ਕਿ ਸਾਨੂੰ ਪ੍ਰਭੂ ਯਿਸੂ ਮਸੀਹ ਦੇ ਦੁਆਰਾ ਰੂਹਾਨੀ ਜ਼ਿੰਦਗੀ ਅਤੇ ਜਸਮਾਨੀ ਅਰਥਾਤ ਸੰਪੂਰਨ ਅਜ਼ਾਦੀ ਮਿਲਦੀ ਹੈ। ਉਹਨਾਂ ਨੇ ਅਜ਼ਾਦੀ ਦਿਵਸ ਦੇ ਮਹੱਤਵ ਬਾਰੇ ਬਹੁਤ ਵਧੀਆ ਜਾਣਕਾਰੀ ਦਿੱਤੀ। ਬੈਥਲਹਮ ਪੰਜਾਬੀ ਚਰਚ ਵਿਖੇ ਇਹ ਦੋਵੇਂ ਦਿਨ ਬਹੁਤ ਹੀ ਧੂਮ ਧਾਮ ਨਾਲ ਮਨਾਏ ਗਏ ਅਤੇ ਦੋਵੇਂ ਹੀ ਦਿਨ ਸਾਰੀ ਸੰਗਤ ਨੇ ਪ੍ਰਭੂ ਦੀਆਂ ਭਰਪੂਰ ਬਰਕਤਾਂ ਪਾਈਆਂ। **- ਦਲਜੀਤ ਡੇਵਿਡ ਝੱਮਟ)**

# ਮੇਰੀ ਕਨੇਡੀਅਨ ਸਿਟੀਜਨਸ਼ਿਪ ਨੇ ਮੈਨੂੰ ਬਚਾਇਆ-ਪਾਸਟਰ ਹਿਉਨ ਲਿਮ

**ਮਿਸੀਸਾਗਾ (ਕੈਨੇਡਾ)-** 13 ਅਗਸਤ ਦਿਨ ਐਤਵਾਰ ਨੂੰ 62 ਸਾਲਾਂ ਪਾਸਟਰ ਹੀਊਨ ਸੂ ਲਿਮ ਦੋ ਸਾਲ 7 ਮਹੀਨੇ ਉੱਤਰੀ ਕੋਰੀਆ ਵਿੱਚ ਜੇਲ੍ਹ ਵਿੱਚ ਬਿਤਾਉਣ ਤੋਂ ਬਾਅਦ ਆਪਣੇਂ ਲਾਈਟ ਪਰੈਸਬੀਟੇਰੀਅਨ ਚਰਚ ਮਿਸੀਸਾਗਾ ਵਿੱਚ ਪਹੁੰਚੇ ਤਾਂ ਉਸਦਾ ਬੜੇ ਖੁਸ਼ੀਆਂ ਤੇ ਚਾਵਾਂ ਨਾਲ ਸਵਾਗਤ ਕੀਤਾ ਗਿਆ। ਦੋਨੋਂ ਹੱਥ ਉੱਪਰ ਚੁੱਕ ਕੇ ਤੇ ਵੱਡੀ ਮੁਸਕਾਨ ਨਾਲ ਉਸਨੇਂ ਚਰਚ ਅੰਦਰ ਦਾਖਲਾ ਕੀਤਾ। ਦੱਖਣੀ ਕੋਰੀਆ ਤੋਂ ਲੰਬਾ ਸਮਾਂ ਪਹਿਲਾਂ ਕਨੇਡੀਅਨ ਸੀਟੀਜਨ ਬਣ ਚੁੱਕੇ ਪਾਸਟਰ ਲਿਮ ਨੂੰ ਆਪਣੇਂ ਗੁਆਂਢੀ ਦੇਸ਼ ਉੱਤਰ ਕੋਰੀਆ ਨਾਲ ਏਨਾਂ ਪਿਆਰ ਹੈ ਕਿ ਉਹ ਉੱਥੇ ਸਮਾਜਕ ਕੰਮਾਂ ਲਈ 100 ਕੁ ਬਾਰ ਚੁੱਕਿਆ ਹੈ। ਪਿਛਲੇ ਢਾਈ ਸਾਲਾਂ ਤੋਂ ਚਰਚ ਉਹਨਾਂ ਲਈ ਦੁਆਵਾਂ ਕਰ ਰਿਹਾ ਸੀ।ਕੰਮ ਤੋਂ ਜਾਣ ਤੋਂ ਪਹਿਲਾਂ ਲੋਕੀ ਉਸ ਦੀ ਰਿਹਾਈ ਲਈ ਸਵੇਰੇ 5 ਵਜੇ ਤੋਂ ਦੂਆ ਕਰਨ ਲਈ ਚਰਚ ਪਹੁੰਚ ਜਾਂਦੇ ਸਨ। ਸਰਵਿਸ ਦੌਰਾਨ ਆਪਣੇ ਪਰਿਵਾਰ ਸਮੇਤ ਨਵ-ਜੰਮੀ ਪੋਤੀ, ਜਿਸ ਦਾ ਜਨਮ ਉਹਨਾਂ ਦੇ ਜੇਲ੍ਹ ਸਮੇਂ ਹੋਇਆ ਸੀ, ਪਹਿਲੀ ਸੀਟ ਤੇ ਬੈਠੇ ਖੁਸ਼ ਨਜਰ ਆ ਰਹੇ ਸਨ। ਪਿਛਲੇ ਢਾਈ ਸਾਲ ਉਸਨੇਂ ਕਿਹੜਾ ਫਿਉਨਰਲ ਮਿਸ ਕੀਤਾ, ਅਮਰੀਕਾ ਦਾ ਰਾਸ਼ਟਰਪਤੀ ਡੋਨਾਲਡ ਟਰੰਪ ਹੈ, ਇਸ ਬਾਰੇ ਚਰਚ ਸਪੋਕਸਪਰਸਨ ਲੀਸਾ ਪਾਰਕ ਨੇਂ ਦੱਸਿਆ ਕਿ ਪਿਛਲੇ ਦੋ ਸਾਲ ਤੋਂ ਬਾਹਰਲੀ ਦੂਨੀਆਂ ਤੋਂ ਉਸਨੂੰ ਬਿਲਕੂਲ ਅਣਜਾਣ ਰਹਿਣਾ ਪਿਆ।ਲਗਭੱਗ ਅੱਧਾ ਘੰਟਾ ਚਰਚ ਵਿੱਚ ਸੰਬੋਧਨ ਕਰਦਿਆਂ ਉਸਨੇਂ ਦਸਿੱਆ ਕਿ ਕਨੇਡੀਅਨ ਸਰਕਾਰ, ਲੋਕਾਂ ਦੇ ਪਿਆਰ, ਹਮਦਰਦੀ, ਸਹਾਰੇ ਅਤੇ ਦੂਆ ਲਈ ਮੈ ਉਹਨਾਂ ਦਾ ਬਹਤ ਸ਼ੁਕਰਗੁਜਾਰ ਹਾਂ ਅਤੇ ਇਸੇ ਲਈ ਹੀ ਮੈਂ ਅੱਜ ਇੱਥੇ ਹਾਂ। ਅੱਜ ਮੇਰਾ ਇੱਥੇ ਹੋਣਾਂ ਇੱਕ ਚਮਤਕਾਰ ਹੈ।ਉਹਨਾਂ ਨੇਂ 2757 ਵਾਰ ਇਕਲਿੱਆਂ ਹੀ ਭੋਜਨ ਖਾਧਾ, 100 ਤੋਂ ਉੱਪਰ ਉੱਤਰ ਕੋਰੀਆ ਦੀਆਂ ਇਤਿਹਾਸਕ ਕਿਤਾਬਾਂ ਪੜ੍ਹੀਆਂ,10 ਬਾਰ ਅੰਗਰੇਜੀ ਅਤੇ ਕੋਰੀਅਨ ਭਾਸ਼ਾਵਾਂ ਵਿੱਚ ਬਾਈਬਲ ਪੜ੍ਹੀ ਅਤੇ ਬਾਈਬਲ ਦੀਆਂ 700 ਆਇਤਾਂ ਵੀ ਚੇਤੇ ਕੀਤੀਆਂ। ਉਸਨੇਂ ਇਹ ਵੀ ਦਸਿੱਆ ਕਿ ਉਮਰ ਕੈਦ ਦੀ ਸਜਾ ਦੌਰਾਨ ਉਸਨੂੰ ਬਹੁਤ ਸਖਤ ਕੰਮ ਵੀ ਦਿੱਤਾ ਗਿਆ। ਸਰਦੀਆਂ ਵਿੱਚ ਉਸਨੂੰ ਬਰਫ ਵਿੱਚ ਜੰਮੀ ਹੋਈ ਜਮੀਨ ਵਿੱਚ ਡੂੰਘੇ ਟੋਏ ਪੁੱਟਣ ਲਈ ਮਜਬੂਰ ਕੀਤਾ ਗਿਆ। ਇੱਕ ਟੋਇਆ ਪੁੱਟਣ ਲਈ ਦੋ ਦਿਨ ਲਗ ਜਾਂਦੇ ਸੀ ਅਤੇ ਉਸਦੀਆਂ ਹੱਥਾਂ ਅਤੇ ਪੈਰਾਂ ਦੀਆਂ ਉਂਗਲੀਆਂ ਖਰਾਬ ਹੋ ਜਾਂਦੀਆਂ ਸਨ। ਤਿੰਨ ਵਾਰ ਹਸਪਤਾਲ ਜਾਣਾਂ ਪਿਆ। 90 ਕਿੱਲੋ ਤੋਂ 67 ਪੌਂਡ ਭਾਰ ਹੋਣ ਤੇ ਉਹ ਸੋਚਦਾ ਸੀ ਕਿ ਲੋਕ ਉਸਨੂੰ ਪਹਿਚਾਣ ਵੀ ਨਹੀਂ ਸਕਣਗੇ। ਕੈਦ ਦੌਰਾਨ ਹੌਂਸਲਾ ਹਾਰਨ, ਮਾਯੂਸੀ ਅਤੇ ਕਈ ਗਿਲੇ-ਸ਼ਿਕਵੇ ਵੀ ਹੋਏ ਪਰ ਜਲਦੀ ਹੀ ਹੋਂਸਲਾ,ਖੁਸ਼ੀ ਅਤੇ ਰੱਬ ਦੀ ਸ਼ੁਕਰਗੁਜਾਰੀ ਵਿੱਚ ਬਦਲ ਗਏ। ਇੱਥੇ ਇਹ ਵਰਨਣਯੋਗ ਹੈ ਕਿ 7 ਅਗਸਤ ਨੂੰ ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਨੈਸ਼ਨਲ ਸਕਿਊਰਟੀ ਸਲਾਹਕਾਰ ਡੈਨੀਅਲ ਜੀਨ ਇੱਕ ਵਫਦ ਨਾਲ ਉੱਤਰੀ ਕੋਰੀਆ ਦੀ ਰਾਜਧਾਨੀਂ ਪਯੌਂਗਯੇਂਗ ਗਿਆ ਸੀ ਅਤੇ ਬੁੱਧਵਾਰ ਤੱਕ ਰਿਹਾਈ ਪੱਕੀ ਹੋ ਗਈ ਸੀ। ਲਿਮ ਨੇ ਕਨੇਡੀਅਨ ਸਰਕਾਰ ਅਤੇ ਖਾਸ ਕਰਕੇ ਸਵੀਡਨ ਦੀ ਸਰਕਾਰ ਦਾ ਧੰਨਵਾਦ ਕੀਤਾ ਜਿਸਨੇ ਉੱਤਰੀ ਕੋਰੀਆ ਵਿੱਚ ਕਨੇਡਾ ਦੀ ਅੰਬੈਸੀ ਨਾਂ ਹੋਣ ਕਰਕੇ ਮਹੱਤਵਪੂਰਵਕ ਭੁਮਿਕਾ ਨਿਭਾਈ। ਚਰਚ ਦੇ ਮੈਂਬਰ ਹੈਰਾਨ ਹੋ ਗਏ ਜਦੋਂ ਉਹਨਾਂ ਨੂੰ ਦਸਿੱਆ ਗਿਆ ਕਿ ਉਸਨੂੰ ਰਿਹਾਈ ਬਾਰੇ 15 ਮਿੰਟ ਪਹਿਲਾਂ ਦਸਿੱਆ ਗਿਆ ਸੀ। ਸਰਵਿਸ ਦੌਰਾਨ ਉਸਦਾ ਦੁਆਰਾ ਜੇਲ੍ਹ ਵਿੱਚ ਲਿਖਿਆ ਗਿਆ ਧਾਰਮਿਕ ਗੀਤ ਵੀ ਗਾਇਆ ਗਿਆ। ਕਨੇਡਾ ਦੀ ਧਰਤੀ ਤੇ ਪੈਰ ਰੱਖਦਿਆਂ ਉਸਨੇ ਸੱਭ ਤੋਂ ਪਹਿਲਾਂ ਦੱਖਣੀ ਕੋਰੀਅਨ ਪਸੰਦੀਦਾ ਭੋਜਨ ਕਿਮਚੀ ਅਤੇ ਕਨੇਡਾ ਦੇ ਪ੍ਰਸਿੱਧ ਕੌਫੀ ਸਟੋਰ ਟਿਮ ਹਾਰਟਨਜ਼ ਤੋਂ ਕੌਫੀ ਅਤੇ ਡੋਨਟ ਦਾ ਆਨੰਦ ਮਾਣਨ ਦੀ ਇੱਛਾ ਜਾਹਿਰ ਕੀਤੀ। ਪਾਸਟਰ ਲਿਮ ਉੱਤੇ ਅਮਰੀਕਾ ਦੀ ਜਾਸੂਸੀ ਕਰਨ ਦੇ ਦੋਸ਼ ਲਗਾਏ ਗਏ ਸਨ ਪਰ ਉਹਨਾਂ ਦੁਆਰਾ ਕਿਹਾ ਗਿਆ ਸੀ ਕਿ ਉਹ ਉੱਥੇ ਮਨੁੱਖਤਾ ਦੇ ਆਧਾਰ ਤੇ ਸਮਾਜ ਸੇਵਾਵਾਂ ਕਰ ਰਹੇ ਸਨ। ਮਾਲਟਨ, ਮਿਸੀਸਾਗਾ ਵਿਖੇ ਪਾਸਟਰ ਲਿਮ ਦੀ ਚਰਚ ਬਿਲਡਿੰਗ ਵਿੱਚ ਪੰਜਾਬੀ ਚਰਚ ਚਲਾ ਰਹੇ ਅਤੇ ਪ੍ਰਸਿੱਧ ਸਮਾਜ ਸੇਵੀ ਸੰਸਥਾ ਰੈਡ ਕਰਾਸ ਨਾਲ ਕਈ ਦਹਾਕਿਆ ਤੋਂ ਕੰਮ ਕਰ ਚੁੱਕੇ, ਪੰਜਾਬੀ ਪਾਸਟਰ ਪ੍ਰਕਾਸ਼ ਮਸੀਹ ਅਤੇ ਉਹਨਾਂ ਦੇ ਚਰਚ ਵਲੋਂ ਵੀ ਪਾਸਟਰ ਲਿਮ ਦੀ ਉੱਤਰੀ ਕੋਰੀਆ ਜੇਲ੍ਹ ਵਿੱਚੋਂ ਰਿਹਾਈ ਤੇ ਖੁਸ਼ੀ ਪ੍ਰਗਟ ਕੀਤੀ ਗਈ। ਆਪਣੀ ਰਿਹਾਈ ਤੋਂ ਬਾਅਦ ਪਾਸਟਰ ਲਿਮ ਨੇਂ ਬਾਰ-ਬਾਰ ਉਹਨਾਂ ਦੀ ਰਿਹਾਈ ਪਿੱਛੇ ਕਨੇਡੀਅਨ ਨਾਗਰਿਕਤਾ ਦਾ ਅਹਿਮ ਰੋਲ ਦੱਸਿਆ ਅਤੇ ਕਿਹਾ ਕਿ ਉਹਨਾਂ ਨੂੰ ਕਨੇਡੀਅਨ ਹੋਣ ਤੇ ਮਾਣ ਹੈ। ਇੱਥੇ ਇਹ ਵਰਨਣਯੋਗ ਹੈ ਕਿ ਕਨੇਡਾ ਵਸਦੇ ਭਾਰਤੀਆਂ ਸਮੇਤ ਸਾਰੇ ਦੇਸ਼ਾਂ, ਧਰਮਾਂ ਦੇ ਲੋਕ ਕਨੇਡੀਅਨ ਹੋਣ ਤੇ ਮਾਣ ਮਹਿਸੂਸ ਕਰਦੇ ਹਨ ਕਿਉਂਕਿ ਲੋਕਤੰਤਰਿਕ ਦੇਸ਼ ਕਨੇਡਾ ਵਿੱਚ ਹਿੰਦੂ, ਸਿੱਖ, ਮੁਸਲਮਾਨ ਅਤੇ ਦੂਸਰੇ ਧਰਮਾਂ ਦੇ ਘੱਟ ਗਿਣਤੀਆਂ ਨੂੰ ਬਿਨਾਂ ਕਿਸੇ ਜਾਤ-ਪਾਤ, ਰੰਗ, ਭੇਦ=ਭਾਵ, ਵਿਤਕਰੇ ਤੋਂ ਕਨੇਡੀਅਨ ਸੰਵਿਧਾਨ ਅਨੂਸਾਰ, ਬਰਾਬਰ ਦਾ ਦਰਜਾ ਦਿੱਤਾ ਜਾਂਦਾ ਹੈ।



ਇਸ ਦਾ ਸੱਭ ਤੋਂ ਵੱਡਾ ਸਬੂਤ ਹੋਰ ਕੋਈ ਹੋ ਨਹੀਂ ਸਕਦਾ ਕਿ ਮੌਜੂਦਾ ਸਮੇਂ ਕਨੇਡਾ ਦਾ ਰੱਖਿਆ ਮੰਤਰੀ ਭਾਰਤ ਦੇਸ਼ ਦਾ ਜੰਮਪਲ ਇੱਕ ਸਿੱਖ ਸਰਦਾਰ ਹਰਜੀਤ ਸਿੰਘ ਸੱਜਣ ਹੈ ਅਤੇ ਇਮੀਗ੍ਰੇਸ਼ਨ ਮੰਤਰੀ ਸੋਮਾਲੀਆ ਦੇਸ਼ ਦਾ ਜੰਮਪਲ ਇੱਕ ਮੁਸਲਮਾਨ ਅਹਿਮਦ ਹੁਸੈਨ ਹੈ।

**- ਰਿਪੋਰਟ: ਡੇਵਿਡ ਝੱਮਟ**

# ਕੈਪਟਨ ਅਮਰਿੰਦਰ ਸਿੰਘ ਵੱਲੋਂ ਆਦਮਪੁਰ ਘਰੇਲੂ ਹਵਾਈ ਅੱਡੇ ਦਾ ਨਾਂ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ 'ਤੇ ਰੱਖਣ ਦੀ ਕੇਂਦਰ ਨੂੰ ਬੇਨਤੀ

**ਚੰਡੀਗੜ੍ਹ–** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਦਮਪੁਰ ਹਵਾਈ ਅੱਡੇ ਦੇ ਘਰੇਲੂ ਟਰਮਿਨਲ ਦਾ ਨਾਂ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ 'ਤੇ ਰੱਖਣ ਲਈ ਕੇਂਦਰੀ ਸ਼ਹਿਰੀ ਹਵਾਬਾਜੀ ਮੰਤਰੀ ਪੀ. ਅਸ਼ੋਕ ਗਜਾਪਥੀ ਰਾਜੂ ਨੂੰ ਪੱਤਰ ਲਿਖਿਆ ਹੈ।



ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਮੰਤਰੀ ਨੂੰ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦਾ ਖਿਆਲ ਰੱਖਦੇ ਹੋਏ ਉਨ੍ਹਾਂ ਤੋਂ ਇਸ ਸਬੰਧ ਵਿਚ ਮਦਦ ਲਈ ਪੱਤਰ ਲਿਖਿਆ ਹੈ ਕਿਉਂਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਸਿੱਖ ਭਾਈਚਾਰੇ ਵਿਚ ਅਥਾਹ ਸਤਿਕਾਰ ਹੈ ਅਤੇ ਉਹ ਇੱਕ ਮਹਾਨ ਆਲੌਕਿਕ ਕਵੀ ਅਤੇ ਭਗਤੀ ਲਹਿਰ ਦੇ ਮੋਢੀਆਂ ਵਿਚੋਂ ਸਨ।

ਇਸ ਸਬੰਧ ਵਿਚ ਅੱਜ ਇੱਥੇ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ ਅਤੇ ਜਲੰਧਰ ਦੇ ਬਹੁਤ ਸਾਰੇ ਵਿਧਾਇਕਾਂ ਨੇ ਸ਼ੁੱਕਰਵਾਰ ਨੂੰ ਮੁੱਖ ਮੰਤਰੀ ਨੂੰ ਮਿਲ ਕੇ ਇਹ ਬੇਨਤੀ ਕੀਤੀ ਸੀ ਜਿਸ ਤੋਂ ਬਾਅਦ ਉਨ੍ਹਾਂ ਨੇ ਇਹ ਮਾਮਲਾ ਕੇਂਦਰੀ ਮੰਤਰੀ ਕੋਲ ਉਠਾਇਆ ਹੈ। ਚੌਧਰੀ ਨੇ ਮੁੱਖ ਮੰਤਰੀ ਨੂੰ ਲਿਖਤੀ ਰੂਪ ਵਿਚ ਕਿਹਾ ਸੀ ਕਿ ਘਰੇਲੂ ਟਰਮਿਨਲ ਦਾ ਨਾਂ ਸ੍ਰੀ ਗੁਰੂ ਰਵਿਦਾਸ ਜੀ ਦੀ ਯਾਦ ਵਿਚ ਰੱਖਣ ਦੀ ਦੋਆਬਾ ਖੇਤਰ ਦੀ ਐਸ.ਸੀ./ਐਸ.ਟੀ. ਜਨਸੰਖਿਆ ਦੀ ਅਥਾਹ ਮੰਗ ਹੈ।

ਚੌਧਰੀ ਨੇ ਕਿਹਾ ਹੈ ਕਿ ਇਸ ਮੰਗ ਦੇ ਬਾਰੇ ਜਨਰਲ ਅਤੇ ਐਸ.ਸੀ./ਐਸ.ਟੀ. ਦੋਵੇਂ ਸ਼੍ਰੇਣੀਆਂ, ਸਾਰੀਆਂ ਸਿਆਸੀ ਪਾਰਟੀਆਂ ਅਤੇ ਸਾਬਕਾ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੀ ਸਹਿਮਤੀ ਹੈ। ਉਨ੍ਹਾਂ ਕਿਹਾ ਕਿ ਉਹ ਇਸ ਸਬੰਧ ਵਿਚ ਕੇਂਦਰੀ ਸ਼ਹਿਰੀ ਹਵਾਬਾਜੀ ਮੰਤਰੀ ਨੂੰ ਨਿੱਜੀ ਤੌਰ 'ਤੇ ਮਿਲੇ ਸਨ ਅਤੇ ਉਹ ਚਾਹੁੰਦੇ ਹਨ ਕਿ ਪੰਜਾਬ ਸਰਕਾਰ ਕੇਂਦਰ ਕੋਲ ਇਹ ਮੰਗ ਸਰਕਾਰੀ ਤੌਰ 'ਤੇ ਉਠਾਵੇ।

ਚੌਧਰੀ ਨੇ 26 ਸਤੰਬਰ ਤੋਂ ਦੋਆਬਾ ਖੇਤਰ ਤੋਂ ਘਰੇਲੂ ਉਡਾਣਾਂ ਸ਼ੁਰੂ ਹੋਣ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਲੋਕਾਂ ਦੀ ਲੰਮੇ ਸਮੇਂ ਤੋਂ ਲੰਬਿਤ ਪਈ ਮੰਗ ਪੂਰੀ ਹੋ ਜਾਵੇਗੀ ਅਤੇ ਇਸ ਨਾਲ ਐਨ. ਆਰ. ਆਈਜ਼, ਵਪਾਰੀਆਂ ਅਤੇ ਉਦਯੋਗਪਤੀਆਂ ਤੋਂ ਇਲਾਵਾ ਧਾਰਮਿਕ ਯਾਤਰੀਆਂ ਨੂੰ ਵੀ ਵੱਡਾ ਲਾਭ ਹੋਵੇਗਾ ਜੋ ਕਿ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿਖੇ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਆਉਣਾ ਚਾਹੁੰਦੇ ਹਨ।

# ਬਾਬਾ ਬੂਟਾ ਰਾਮ ਧਰਮਸੋਤ ਜੀ ਦੀ 20ਵੀ ਬਰਸੀ 23 ਸਤੰਬਰ ਨੂੰ ਫਗਵਾੜਾ ਵਿਖੇ ਮਨਾਈ ਜਾਵੇਗੀ



**ਫਗਵਾੜਾ (ਕਮਲ ਧਰਮਸੋਤ):** ਆਪਣਾ ਸਾਰਾ ਜੀਵਨ ਸਮਾਜ ਸੇਵਾ ਨੂੰ ਸਮਰਪਿਤ ਕਰਨ ਵਾਲੇ ਉੱਘੇ ਸਮਾਜ ਸੁਧਾਰਕ ਬਾਬਾ ਬੂਟਾ ਰਾਮ ਧਰਮਸੋਤ ਜੀ ਦੀ 20ਵੀਂ ਬਰਸੀ ਮੁਹੱਲਾ ਧਰਮਕੋਟ, ਫਗਵਾੜਾ ਵਿਖੇ 23 ਸਤੰਬਰ, 2017 ਨੂੰ ਸਵੇਰੇ 11 ਵਜੇ ਮਨਾਈ ਜਾ ਰਹੀ ਹੈ।

ਸ. ਸਾਧੂ ਸਿੰਘ ਧਰਮਸੋਤ ਕੈਬਨਿਟ ਮੰਤਰੀ ਪੰਜਾਬ ਸਰਕਾਰ ਇਸ ਸਮਾਗਮ ਦੇ ਮੁੱਖ ਮਹਿਮਾਨ ਹੋਣਗੇ। ਸ. ਧਰਮਸੋਤ ਵੱਲੋਂ ਇਸ ਮੌਕੇ ਆਸ਼ਾ ਰਾਣੀ ਧਰਮਸੋਤ ਅਤੇ ਢੂੰਡਾ ਰਾਮ ਧਰਮਸੋਤ ਯਾਦਗਾਰੀ ਕਮਿਊਨਿਟੀ ਹਾਲ ਜੋ ਕਿ ਉਨ੍ਹਾਂ ਦੇ ਪਰਿਵਾਰ ਵੱਲੋਂ ਮੁਕੰਮਲ ਕਰਵਾਇਆ ਗਿਆ ਹੈ, ਮੁਹੱਲਾ ਧਰਮਕੋਟ ਨਿਵਾਸੀਆਂ ਨੂੰ ਸਮਰਪਿਤ ਕੀਤਾ ਜਾਵੇਗਾ।

ਧਰਮਸੋਤ ਵੈੱਲਫੇਅਰ ਸੋਸਾਇਟੀ ਫਗਵਾੜਾ ਦੇ ਪ੍ਰਧਾਨ ਅਸ਼ੋਕ ਕਮਲ ਧਰਮਸੋਤ ਅਤੇ ਦਰਸ਼ਨ ਲਾਲ ਧਰਮਸੋਤ ਕੌਂਸਲਰ ਨੇ ਦੱਸਿਆ ਕਿ ਸਮਾਜ ਸੁਧਾਰਕ ਬਾਬਾ ਬੂਟਾ ਰਾਮ ਧਰਮਸੋਤ ਯਾਦਗਾਰੀ ਸਮਾਜ ਸੇਵਾ ਪੁਰਸਕਾਰ ਸਮਾਜ ਸੇਵਾ ਦੇ ਖੇਤਰ ਵਿੱਚ ਉੱਘਾ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਪ੍ਰਦਾਨ ਕੀਤੇ ਜਾਣਗੇ।

# ਗੁਰਬਾਣੀ ਚਾਨਣ ਵਿੱਚ ਸੰਗਤਿ ਦਾ ਸੰਕਲਪ

**(ਸਫਾ 6 ਦੀ ਬਾਕੀ)**

ਅਮਲੀ ਨ ਅਮਲ ਤਜਤ ਜਯੋਂ ਧਿਕਾਰ ਕੀਏ,
ਦੋਖ ਦੁੱਖ ਲੋਗ ਬੇਦ ਸੁਣਤ ਛਕਤ ਹੈ।
ਅਧਮ ਅਸਾਧੁ ਸੰਗ ਛਾਡਿਤ ਨ ਅੰਗੀਕਾਰ,
ਗੁਰਸਿੱਖ ਸਾਧੁ ਸੰਗ ਛਾਡ ਜਿਉਂ ਸਕਤ ਹੈ।(੩੨੩)

ਭਾਈ ਨੰਦ ਲਾਲ ਜੀ-ਹੇ ਮਿਤ੍ਰ ਜੇ ਤੈਨੂੰ ਭਲੇ ਲੋਕਾਂ ਦਾ ਸੰਗ ਮਿਲੇ ਤਾਂ ਅਬਿਨਾਸ਼ੀ ਧੰਨ ਦੀ ਪ੍ਰਾਪਤੀ ਹੋਵੇ-ਸੁਹਬਤੇ ਨੇਕਾਂ ਅਗਰ ਬਾਸ਼ਦ ਨਸੀਬ। ਦੌਲਤੇ ਜਾਵੀਦ ਯਾਬੀ ਐ ਹਬੀਬ॥੯॥(ਜ਼ਿੰਦਗੀ ਨਾਮਹ) ਸਤਸੰਗਤ ਦੇ ਪ੍ਰਭਾਵ ਕਰਕੇ ਮੈਂ ਧੂੜ ਦੇ ਕਿਣਕੇ ਨੂੰ ਸੰਸਾਰ ਦਾ ਸੂਰਜ ਹੋਇਆ ਡਿੱਠਾ ਹੈ-ਜ਼ੱਰਹ ਰਾ ਦੀਦਮ ਕਿ ਖੁਰਸ਼ੀਦੇ ਜਹਾ। ਸ਼ੁਦ ਜ਼ਿ ਫੈਗ਼ੇ ਸੁਹਬਤੇ ਸਾਹਿਬ ਦਿਲਾਂ॥੧੨੯॥ ਜੋ ਪ੍ਰਭੂ ਪਿਆਰਿਆਂ ਦੀ ਸੰਗਤਿ ਵਿੱਚ ਹੈ, ਦੋਹਾਂ ਲੋਕਾਂ ਦੀ ਮਾਇਆ ਉਸ ਦੇ ਘਰ ਹੈ-ਈਂ ਹਮਹ ਅਜ਼ ਸੁਹਬਤੇ ਮਰਦਾਨਿ ਓਸਤ। ਦੌਲਤੇ ਹਰ ਦੋ ਜ਼ਹਾਂ ਦਰ ਖਵਾਨੇ ਓਸਤ॥੧੯੬॥ ਉਹ ਸਤਸੰਗਤਿ ਧੰਨ ਹੈ ਜਿਸ ਨੇ ਧੂੜਿ ਨੂੰ ਰਸਾਇਣ ਬਣਾ ਦਿੱਤਾ ਤੇ ਨਿਕੰਮੇ ਮੂਰਖ ਨੂੰ ਮਹਾਂ ਚਤੁਰ ਕਰ ਦਿੱਤਾ ਹੈ-ਐ ਜ਼ਹੈ ਸੁਹਬਤ ਕਿ ਖਾਕ ਅਕਸੀਰ ਕਰਦ। ਨਾਕਸੇ ਰਾ ਸਾਹਿਬੇ ਤਦਬੀਰ ਕਰਦ॥੨੬੭॥ ਉਹ ਇਕੱਠ ਭਲਾ ਹੈ ਜੋ ਸੱਚਾ ਜੀਵਨ ਹਾਸਲ ਕਰਨ ਲਈ ਤੇ ਉਹ ਜੋੜ ਮੇਲ ਅੱਛਾ ਹੈ ਜੋ ਰੱਬੀ ਬੰਦਗੀ ਵਾਸਤੇ ਹੈ-ਆਂ ਹਜੂਮੇ ਖੁਸ਼ ਕਿ ਬਹਿਰਿ ਜ਼ਿੰਦਗੀਸਤ। ਆਂ ਹਜੂਮੇ ਖੁਸ਼ ਕਿ ਮਹਿਜੇ ਬੰਦਗੀਸਤ॥੨੩॥

ਇਵੇਂ ਸੰਗਤ ਦੇ ਕਈ ਰੂਪ ਹਨ ਜਿਵੇਂ-ਸੱਚੇ ਗੁਰੂ ਦੀ ਸੰਗਤ, ਸ਼ਬਦ ਗੁਰਬਾਣੀ ਦੀ ਸੰਗਤ, ਸੱਚੇ-ਸੁੱਚੇ ਵਿਚਾਰਾਂ ਦੀ ਸੰਗਤ, ਰਾਗ ਤੇ ਗੀਤਾਂ ਰਾਹੀਂ ਸੱਚ ਦੀ ਸੰਗਤ, ਰੇਡੀਓ-ਟੀਵੀ ਤੇ ਚੰਗੇ ਤੇ ਉਸਾਰੂ ਪ੍ਰੋਗਰਾਮ ਵੇਖਣ ਤੇ ਵਾਚਣ ਦੀ ਸੰਗਤ, ਖੇਡਾਂ ਵਿੱਚ ਚੰਗੀਆਂ ਖੇਡਾਂ ਤੇ ਚੰਗੇ ਖਿਡਾਰੀਆਂ ਦੀ ਸੰਗਤ, ਸੱਚ ਧਰਮ ਤੇ ਮਨੁੱਖਤਾ ਖਾਤਰ ਸ਼ਹੀਦ ਹੋਏ ਪ੍ਰਵਾਨਿਆਂ ਦੀ ਯਾਦਾਸ਼ਤੀ ਸੰਗਤ, ਗੁਰਮੁੱਖਾਂ-ਭਲੇ ਪੁਰਖਾਂ ਦੀ ਸੰਗਤ, ਚੰਗੇ ਗ੍ਰੰਥ ਅਤੇ ਚੰਗੀਆਂ ਪੁਸਤਕਾਂ ਪੜ੍ਹਨ ਦੀ ਸੰਗਤ ਅਤੇ ਆਪਣੇ ਕੰਮ-ਕਾਰ ਡਿਊਟੀ ਨੂੰ ਤਨਦੇਹੀ ਨਾਲ ਨਿਭਾਉਣ ਆਦਿਕ ਸ਼ੁਭ ਕਰਮਾਂ ਦੀ ਸੰਗਤ ਨਾਲ ਜੀਵਨ ਵਿਕਾਰਾਂ ਤੋਂ ਬਚਿਆ, ਉਸਾਰੂ ਤੇ ਚੜਦੀ ਕਲਾ ਨਾਲ ਬੀਤਦਾ ਹੈ। ਜਿਸ ਇਕੱਠ ਵਿੱਚ ਸੱਚ ਦੀ ਥਾਂ ਝੂਠ ਤੇ ਜਥਾਰਥ ਦੀ ਥਾਂ ਮਿਥਿਹਾਸਕ ਤੇ ਮਨਘੜਤ ਵਿਚਾਰਾਂ ਕੀਤੀਆਂ ਤੇ ਲੋਟੂ ਡੇਰੇਦਾਰ ਸਾਧਾਂ ਸੰਤਾਂ ਦੀਆਂ ਦੰਦ ਕਥਾਵੀ ਕਹਾਣੀਆਂ ਸੁਣਾ ਕੇ ਲੋਕਾਂ ਨੂੰ ਵਹਿਮਾਂ-ਭਰਮਾਂ, ਜਾਦੂ ਟੂਣਿਆਂ, ਭੂਤਾਂ-ਪ੍ਰੇਤਾਂ ਆਦਿਕ ਅੰਧਵਿਸ਼ਵਾਸ਼ਾਂ ਅਤੇ ਥੋਥੇ ਕਰਮਕਾਂਡਾਂ ਦੀ ਕੋੜੀ ਤੇ ਬੇ ਬੁਨਿਆਦ ਸਿਖਿਆ ਦਿੱਤੀ ਜਾਂਦੀ ਹੈ, ਉਸ ਨੂੰ ਸਤਸੰਗਤਿ ਨਹੀਂ ਕਿਹਾ ਜਾ ਸਕਦਾ। ਸੋ ਸੰਗਤ ਵੀ ਸੁਚੇਤ ਹੋ ਕੇ ਕਰਨੀ ਚਾਹੀਦੀ ਹੈ।


AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Prop: Jasbir Singh Takhar
510-755-2132

Free Estimates
Free Towing
510- 733- 2222
1421 Industrial PKWY West#F Hayward, CA 94544



Harmandeep Singh



A & S
Auto Repair & Services
Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਨਿੱਜਤਾ ਦਾ ਅਧਿਕਾਰ ਹੈ ਮੌਲਿਕ ਅਧਿਕਾਰ

**ਦੇਸ਼ ਵਿੱਚ ਇਸ ਵੇਲੇ ਖਾਣੇ ਦੀ ਪਸੰਦ 'ਤੇ ਕੰਟਰੋਲ ਦੇ ਮੁੱਦੇ ਦੇ ਨਾਲ-ਨਾਲ ਆਧਾਰ ਸੰਬੰਧੀ ਚਰਚਾ ਸਿਖ਼ਰਾਂ ਉੱਤੇ ਹੈ। ਦੇਸ਼ ਵਿੱਚ ਬੀਫ ਬੈਨ ਦਾ ਮੁੱਦਾ ਗਰਮ ਹੈ। ਕਈ ਸੂਬਿਆਂ ਨੇ ਬੀਫ ਖਾਣ 'ਤੇ ਰੋਕ ਲਗਾ ਦਿੱਤੀ ਹੈ। ਖਾਣੇ ਦੀ ਪਸੰਦ 'ਤੇ ਕੰਟਰੋਲ ਦਾ ਮੁੱਦਾ ਦੇਸ਼ ਦੀਆਂ ਕਈ ਅਦਾਲਤਾਂ ਵਿੱਚ ਲਟਕ ਰਿਹਾ ਹੈ। ਖਾਣ-ਪੀਣ ਵਿਅਕਤੀ ਦੀ ਪਸੰਦ ਦਾ ਮੁੱਦਾ ਹੈ, ਜਿਹੜਾ ਨਿੱਜਤਾ ਦੇ ਦਾਇਰੇ ਵਿੱਚ ਆਉਂਦਾ ਹੈ। ਨੌਂ ਜੱਜਾਂ ਵਿੱਚੋਂ ਇੱਕ ਜੇ. ਚੇਲਮੇਸ਼ਵਰ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਹੈ ਕਿ ਖਾਣ 'ਤੇ ਹੋ ਰਹੀ ਜ਼ਬਰਦਸਤੀ ਨਿੱਜਤਾ ਨਾਲ ਜੁੜੀ ਚਿੰਤਾ ਹੈ। ਕਿਸੇ ਨੂੰ ਪਸੰਦ ਨਹੀਂ ਆਵੇਗਾ ਕਿ ਸਰਕਾਰ ਉਹਨਾਂ ਨੂੰ ਦੱਸੇ ਕਿ ਉਹ ਕੀ ਖਾਣ ਜਾਂ ਕੀ ਪਹਿਨਣ। ਖਾਣ-ਪੀਣ ਦੇ ਮਾਮਲੇ 'ਚ ਦਖ਼ਲ ਕਿਸੇ ਨੂੰ ਪਸੰਦ ਨਹੀਂ।**



ਗੁਰਮੀਤ ਸਿੰਘ ਪਲਾਹੀ
91-98158-02070

24 ਅਗਸਤ 2017 ਨੂੰ ਭਾਰਤ ਦੀ ਸੁਪਰੀਮ ਕੋਰਟ ਵੱਲੋਂ ਇੱਕ ਵਿਸ਼ੇਸ਼ ਫ਼ੈਸਲਾ ਸੁਣਾਇਆ ਗਿਆ ਹੈ। ਇਹ ਫ਼ੈਸਲਾ ਸੁਪਰੀਮ ਕੋਰਟ ਦੇ 9 ਜੱਜਾਂ ਦੀ ਸੰਵਿਧਾਨਕ ਬੈਂਚ ਦਾ ਹੈ। ਪਿਛਲੇ ਕੁਝ ਮਹੀਨੇ ਇਹੋ ਚਰਚਾ ਰਹੀ ਕਿ ਨਿੱਜਤਾ ਦਾ ਅਧਿਕਾਰ ਸਮਾਜ ਦੇ ਉੱਚ ਵਰਗ ਨਾਲ ਸੰਬੰਧਤ ਲੋਕਾਂ ਬਾਰੇ ਕੋਈ ਵਿਸ਼ੇਸ਼ ਮਸਲਾ ਹੈ, ਜਿਸ ਨਾਲ ਆਮ ਲੋਕਾਂ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਭਾਰਤ ਸਰਕਾਰ ਨੇ ਵੀ ਸਿਆਣੇ ਜੱਜਾਂ ਸਾਹਮਣੇ ਇਹ ਪੱਖ ਰੱਖਣ ਦੀ ਕੋਸ਼ਿਸ਼ ਕੀਤੀ ਅਤੇ ਯਤਨ ਕੀਤਾ ਕਿ ਜੱਜਾਂ ਨੂੰ ਇਸ ਗੱਲ ਲਈ ਰਾਜ਼ੀ ਕਰ ਲਿਆ ਜਾਵੇ ਕਿ ਨਿੱਜਤਾ ਦਾ ਅਧਿਕਾਰ ਭਾਰਤੀ ਨਾਗਰਿਕ ਦਾ ਮੌਲਿਕ ਅਧਿਕਾਰ ਨਹੀਂ ਹੈ, ਇੱਕ ਸਧਾਰਨ ਹੱਕ ਹੈ, ਪਰ ਸੁਪਰੀਮ ਕੋਰਟ ਨੇ ਨਿੱਜਤਾ ਦੇ ਅਧਿਕਾਰ ਨੂੰ ਮੌਲ਼ਿਕ ਅਧਿਕਾਰ ਦੇ ਰੂਪ ਵਿੱਚ ਮਾਨਤਾ ਦੇ ਦਿੱਤੀ ਹੈ। ਇਸ ਫ਼ੈਸਲੇ ਨਾਲ ਸਧਾਰਨ ਨਾਗਰਿਕਾਂ ਦੇ ਹੱਕਾਂ ਨੂੰ ਹੋਰ ਮਜ਼ਬੂਤੀ ਮਿਲੀ ਹੈ।

ਦੇਸ਼ ਵਿੱਚ ਇਸ ਵੇਲੇ ਖਾਣੇ ਦੀ ਪਸੰਦ 'ਤੇ ਕੰਟਰੋਲ ਦੇ ਮੁੱਦੇ ਦੇ ਨਾਲ-ਨਾਲ ਆਧਾਰ ਸੰਬੰਧੀ ਚਰਚਾ ਸਿਖ਼ਰਾਂ ਉੱਤੇ ਹੈ। ਦੇਸ਼ ਵਿੱਚ ਬੀਫ ਬੈਨ ਦਾ ਮੁੱਦਾ ਗਰਮ ਹੈ। ਕਈ ਸੂਬਿਆਂ ਨੇ ਬੀਫ ਖਾਣ 'ਤੇ ਰੋਕ ਲਗਾ ਦਿੱਤੀ ਹੈ। ਖਾਣੇ ਦੀ ਪਸੰਦ 'ਤੇ ਕੰਟਰੋਲ ਦਾ ਮੁੱਦਾ ਦੇਸ਼ ਦੀਆਂ ਕਈ ਅਦਾਲਤਾਂ ਵਿੱਚ ਲਟਕ ਰਿਹਾ ਹੈ। ਖਾਣ-ਪੀਣ ਵਿਅਕਤੀ ਦੀ ਪਸੰਦ ਦਾ ਮੁੱਦਾ ਹੈ, ਜਿਹੜਾ ਨਿੱਜਤਾ ਦੇ ਦਾਇਰੇ ਵਿੱਚ ਆਉਂਦਾ ਹੈ। ਨੌਂ ਜੱਜਾਂ ਵਿੱਚੋਂ ਇੱਕ ਜੇ. ਚੇਲਮੇਸ਼ਵਰ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਹੈ ਕਿ ਖਾਣ 'ਤੇ ਹੋ ਰਹੀ ਜ਼ਬਰਦਸਤੀ ਨਿੱਜਤਾ ਨਾਲ ਜੁੜੀ ਚਿੰਤਾ ਹੈ। ਕਿਸੇ ਨੂੰ ਪਸੰਦ ਨਹੀਂ ਆਵੇਗਾ ਕਿ ਸਰਕਾਰ ਉਹਨਾਂ ਨੂੰ ਦੱਸੇ ਕਿ ਉਹ ਕੀ ਖਾਣ ਜਾਂ ਕੀ ਪਹਿਨਣ। ਖਾਣ-ਪੀਣ ਦੇ ਮਾਮਲੇ 'ਚ ਦਖ਼ਲ ਕਿਸੇ ਨੂੰ ਪਸੰਦ ਨਹੀਂ।

ਆਧਾਰ ਪ੍ਰਾਜੈਕਟ ਪਿਛਲੀ ਯੂ ਪੀ ਏ ਸਰਕਾਰ ਵੱਲੋਂ ਸ਼ੁਰੂ ਕੀਤਾ ਗਿਆ ਸੀ। ਉਸ ਸਮੇਂ ਗ਼ਲਤ ਤੱਥਾਂ ਦੇ ਆਧਾਰ ਉੱਤੇ ਯੂ ਪੀ ਏ ਦੀ ਸਰਕਾਰ ਨੇ ਦੇਸ਼ ਨੂੰ ਸਮਝਾਉਣ ਦਾ ਯਤਨ ਕੀਤਾ ਕਿ ਆਧਾਰ ਨਾਲ ਕਲਿਆਣਕਾਰੀ ਯੋਜਨਾਵਾਂ ਵਿੱਚੋਂ ਵੱਢੀ-ਖੋਰੀ ਘਟੇਗੀ, ਭ੍ਰਿਸ਼ਟਾਚਾਰ ਖ਼ਤਮ ਹੋਵੇਗਾ। ਉਸ ਵੇਲੇ ਪੇਸ਼ ਕੀਤੇ ਤੱਥਾਂ ਦੀ ਸੱਚਾਈ ਹੁਣ ਸਾਹਮਣੇ ਆ ਰਹੀ ਹੈ। ਭਾਜਪਾ ਨੇ ਉਸ ਸਮੇਂ ਆਧਾਰ ਦਾ ਵਿਰੋਧ ਕੀਤਾ ਸੀ, ਪਰੰਤੂ ਉਸ ਦੀ ਸਰਕਾਰ ਬਣਨ ਤੋਂ ਬਾਅਦ ਭਾਜਪਾ ਦਾ ਰੁਖ਼ ਬਦਲ ਗਿਆ ਹੈ ਅਤੇ ਉਸ ਨੇ ਵਧੇਰੇ ਜ਼ੋਰ-ਸ਼ੋਰ ਨਾਲ ਇਸ ਪ੍ਰਾਜੈਕਟ ਨੂੰ ਅੱਗੇ ਵਧਾਇਆ ਹੈ। ਹਾਲਾਂਕਿ ਜੁਲਾਈ-ਅਗਸਤ 2015 ਵਿੱਚ ਆਧਾਰ ਨਾਲ ਜੁੜੇ ਮਾਮਲਿਆਂ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਵਿੱਚ ਭਾਰਤ ਦੇ ਅਟਾਰਨੀ ਜਨਰਲ ਮੁਕੁਲ ਰੋਹਤਗੀ ਨੇ ਕਿਹਾ ਸੀ ਕਿ ਆਧਾਰ ਦਾ ਪਹਿਲਾ ਹਮਲਾ ਮਨੁੱਖੀ ਸਰੀਰ ਉੱਤੇ ਹੈ, ਕਿਉਂਕਿ ਸਾਨੂੰ ਆਪਣੇ ਬਾਇਓਮੈਟਰਿਕ, ਭਾਵ ਅੱਖਾਂ ਦੀ ਪੁਤਲੀ ਅਤੇ ਉਂਗਲੀਆਂ ਦੇ ਨਿਸ਼ਾਨ ਦੇਣੇ ਪੈਂਦੇ ਹਨ, ਜਿਹਨਾਂ ਦਾ ਇਤਿਹਾਸ ਅਪਰਾਧਾਂ ਨਾਲ ਜੁੜਿਆ ਹੋਇਆ ਹੈ।

ਆਖ਼ਿਰ ਇੱਕੀਵੀਂ ਸਦੀ ਵਿੱਚ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਸਰਕਾਰ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਦੇ ਕੋਲ ਇਹ ਦਲੀਲ ਲੈ ਕੇ ਕਿਉਂ ਗਈ ਕਿ ਨਿੱਜਤਾ ਦਾ ਅਧਿਕਾਰ ਮੌਲਿਕ ਨਹੀਂ ਹੈ? ਸਰਕਾਰੀ ਦਲੀਲਾਂ 'ਚ ਇਹ ਵੀ ਕਿਹਾ ਗਿਆ ਅਤੇ ਸਰਕਾਰ ਨੇ ਚਾਹਿਆ ਕਿ ਸੁਪਰੀਮ ਕੋਰਟ ਨੇ ਪਿਛਲੇ 40 ਸਾਲਾਂ ਵਿੱਚ ਜਿਹਨਾਂ ਹੁਕਮਾਂ ਵਿੱਚ ਨਿੱਜਤਾ ਨੂੰ ਮੌਲਿਕ ਅਧਿਕਾਰ ਮੰਨਿਆ ਹੈ, ਉਹਨਾਂ ਦੀ ਫਿਰ ਤੋਂ ਸਮੀਖਿਆ ਕਰੇ। ਕੀ ਮੌਜੂਦਾ ਸਰਕਾਰ ਇਹ ਕਹਿ ਕੇ ਭਾਰਤੀ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦਾ ਘਾਣ ਕਰਨ ਦੇ ਰਾਹ 'ਤੇ ਤਾਂ ਨਹੀਂ ਤੁਰੀ ਹੋਈ? ਕੀ ਸਰਕਾਰ ਬੀਫ ਬੈਨ ਨੂੰ ਸਹੀ ਠਹਿਰਾਉਣ ਅਤੇ ਆਧਾਰ ਧਾਰਕਾਂ ਦੀ ਨਿੱਜੀ ਜਾਣਕਾਰੀ ਸਰਵਜਨਕ ਹੋਣ ਅਤੇ ਉਹਨਾਂ ਨੂੰ ਕੰਪਨੀਆਂ ਨਾਲ ਸਾਂਝਿਆਂ ਕਰਨ ਦੇ ਖਦਸ਼ਿਆਂ ਨੂੰ ਜਾਇਜ਼ ਮੰਨਵਾਉਣ ਦਾ ਰਸਤਾ ਤਾਂ ਨਹੀਂ ਲੱਭ ਰਹੀ? ਕੀ ਇਹ ਸਿੱਧਾ ਨਿੱਜਤਾ ਦੇ ਅਧਿਕਾਰ ਉੱਤੇ ਹਮਲਾ ਨਹੀਂ ਹੋਵੇਗਾ?

ਦੇਸ਼ ਵਿੱਚ ਰਹਿਣ ਵਾਲਾ ਹਰ ਸ਼ਖਸ ਆਧਾਰ ਬਣਾਉਣ ਦਾ ਹੱਕਦਾਰ ਹੈ। ਇਹ ਪਛਾਣ-ਪੱਤਰ ਬਣਨ ਵੇਲੇ ਉਂਗਲੀਆਂ ਅਤੇ ਅੰਗੂਠਿਆਂ ਦੇ ਨਿਸ਼ਾਨ, ਅੱਖਾਂ ਦੀ ਰੈਟਿਨਾ ਦਾ ਚਿੱਤਰ, ਫੋਟੋ ਅਤੇ ਹੋਰ ਨਿੱਜੀ ਜਾਣਕਾਰੀਆਂ ਲਈਆਂ ਜਾਂਦੀਆਂ ਹਨ। ਪਹਿਲਾਂ ਆਧਾਰ ਨੂੰ ਸਰਕਾਰੀ ਲਾਭ ਪ੍ਰਾਪਤ ਕਰਨ ਲਈ ਜ਼ਰੂਰੀ ਐਲਾਨਿਆ ਗਿਆ। ਫਿਰ ਬੈਂਕ ਖਾਤਿਆਂ 'ਚ ਇਸ ਨੂੰ ਜ਼ਰੂਰੀ ਕੀਤਾ ਗਿਆ ਅਤੇ ਹੁਣ ਬੈਂਕ ਖਾਤਿਆਂ ਨੂੰ ਆਧਾਰ ਦੇ ਨਾਲ ਜੋੜਨ ਦੀ ਕਵਾਇਦ ਚੱਲ ਰਹੀ ਹੈ। ਇਸ ਵਰੇ ਹਰ ਆਮਦਨ ਕਰ ਰਿਟਰਨ ਨੂੰ ਆਧਾਰ ਨਾਲ ਜੋੜ ਦਿੱਤਾ ਗਿਆ ਹੈ, ਯਾਨੀ ਆਧਾਰ ਦੇ ਜ਼ਰੂਰੀ ਹੋਣ ਦਾ ਦਾਇਰਾ ਲਗਾਤਾਰ ਵਧ ਰਿਹਾ ਹੈ।

ਸੰਨ 2016 ਵਿੱਚ ਲਿਆਂਦੇ ਗਏ ਇੱਕ ਬਿੱਲ ਵਿੱਚ ਕਨੂੰਨੀ ਰੂਪ 'ਚ ਨਿੱਜਤਾ ਦੇ ਅਧਿਕਾਰ ਦਾ ਘਾਣ ਕਰਨ ਨੂੰ ਰੋਕਣ ਲਈ ਵਿਵਸਥਾ ਕੀਤੀ ਗਈ, ਪਰ ਆਧਾਰ ਦੇ ਮਾਮਲੇ 'ਚ ਕਈ ਕਿਸਮ ਦੇ ਨਿੱਜਤਾ ਨਾਲ ਜੁੜੇ ਸੁਆਲ ਉੱਠ ਰਹੇ ਹਨ। ਇਹ ਗੱਲ ਸਪੱਸ਼ਟ ਰੂਪ 'ਚ ਸਮਝਣ ਦੀ ਲੋੜ ਹੈ ਕਿ ਆਧਾਰ ਵਡੇਰੇ ਰੂਪ ਵਿੱਚ ਨਾਗਰਿਕ ਆਜ਼ਾਦੀ ਨਾਲ ਜੁੜਿਆ ਵਿਸ਼ਾ ਹੈ। ਇਹ ਸਿਰਫ਼ ਅੰਕੜਿਆਂ ਦੀ ਸੁਰੱਖਿਆ ਦਾ ਮਸਲਾ ਹੀ ਨਹੀਂ ਹੈ।

ਸਭ ਤੋਂ ਪਹਿਲਾ ਮੁੱਦਾ ਇਹੋ ਹੈ ਕਿ ਕੀ ਆਧਾਰ ਨਾਲ ਜੁੜੀ ਜਾਣਕਾਰੀ ਸੁਰੱਖਿਅਤ ਹੈ? ਜੇਕਰ ਆਧਾਰ ਦੇ ਕੇਂਦਰੀ ਡਾਟਾ ਬੇਸ ਨੂੰ ਹੈਕ ਕਰ ਲਿਆ ਜਾਵੇ ਤਾਂ ਨਾਗਰਿਕਾਂ ਦੀਆਂ ਜਾਣਕਾਰੀਆਂ ਦੀ ਸੁਰੱਖਿਆ ਦਾ ਕੀ ਬਣੇਗਾ? ਅੱਜ ਜਦੋਂ ਨਾਗਰਿਕਾਂ ਦੇ ਆਧਾਰ ਨੰਬਰ ਖੁੱਲੇ ਰੂਪ ਵਿੱਚ ਪ੍ਰਾਪਤ ਹੋਣ ਯੋਗ ਹਨ ਤਾਂ ਉਹਨਾਂ ਦੇ ਬਾਇਓਮੈਟਰਿਕ ਬਣਾ ਕੇ ਆਸਾਨੀ ਨਾਲ ਆਧਾਰ ਆਧਾਰਤ ਭੁਗਤਾਨ ਵਿਵਸਥਾ ਵਿੱਚ ਧੋਖਾਧੜੀ ਦੀ ਕੀ ਸ਼ੰਕਾ ਨਹੀਂ ਹੈ? ਸਾਡੀ ਨਿੱਜੀ ਜਾਣਕਾਰੀ ਕਿਸੇ ਕੰਪਨੀ ਜਾਂ ਵਿਅਕਤੀ ਨਾਲ ਸਾਂਝੀ ਹੋ ਸਕਦੀ ਹੈ। ਤਦ ਫਿਰ ਕੀ ਲੋਕਾਂ ਦੀਆਂ ਜਾਣਕਾਰੀਆਂ ਲਾਭ ਦੇ ਉਦੇਸ਼ ਨਾਲ ਵੇਚੀਆਂ ਨਹੀਂ ਜਾ ਸਕਦੀਆਂ?

ਆਧਾਰ ਅਤੇ ਕਲਿਆਣਕਾਰੀ ਯੋਜਨਾਵਾਂ ਦੀ ਸੱਚਾਈ ਇੱਕ ਦੂਜੇ ਦੇ ਬਿਲਕੁਲ ਉਲਟ ਹੈ। ਸਰਕਾਰ ਦਾ ਦਾਅਵਾ ਹੈ ਕਿ ਆਧਾਰ ਨਾਲ ਕਲਿਆਣਕਾਰੀ ਯੋਜਨਾਵਾਂ ਵਿੱਚ ਬੱਚਤ ਹੋਈ ਹੈ। ਇਉਂ ਲੱਗਦਾ ਹੈ ਕਿ ਬੱਚਤ ਦੀ ਪਰਿਭਾਸ਼ਾ ਹੀ ਸਰਕਾਰ ਨੇ ਬਦਲ ਕੇ ਰੱਖ ਦਿੱਤੀ ਹੈ।

ਪਿੰਡਾਂ 'ਚ ਬੁੱਢੇ ਲੋਕਾਂ ਅਤੇ ਵਿਧਵਾਵਾਂ ਦੀ ਪੈਨਸ਼ਨ ਰੁਕ ਗਈ, ਸਿਰਫ਼ ਇਸ ਕਰ ਕੇ ਕਿ ਉਹਨਾਂ ਨੇ ਬੈਂਕਾਂ 'ਚ ਆਧਾਰ ਕਾਰਡ ਜਮਾਂ ਨਹੀਂ ਕਰਵਾਏ। ਉਹਨਾਂ ਦਾ ਨਾਮ ਪੈਨਸ਼ਨ ਧਾਰਕਾਂ ਵਿੱਚੋਂ ਕੱਟ ਦਿੱਤਾ ਗਿਆ। ਇਹ ਕੱਟੇ ਹੋਏ ਨਾਮ ਸਰਕਾਰ ਵੱਲੋਂ ਫਰਜ਼ੀ ਮੰਨ ਲਏ ਗਏ ਅਤੇ ਇੰਜ ਇਸ ਰਕਮ ਨੂੰ ਬੱਚਤ ਦੇ ਰੂਪ ਵਿੱਚ ਸਰਕਾਰ ਵੱਲੋਂ ਪੇਸ਼ ਕੀਤਾ ਜਾ ਰਿਹਾ ਹੈ।

ਸੁਪਰੀਮ ਕੋਰਟ ਵੱਲੋਂ ਦਿੱਤੇ ਫ਼ੈਸਲੇ 'ਚ ਕਿਹਾ ਗਿਆ ਹੈ ਕਿ ਨਿੱਜਤਾ ਮੌਲਿਕ ਅਧਿਕਾਰ ਹੈ, ਪਰ ਨਿੱਜਤਾ ਦੇ ਮਾਮਲੇ 'ਚ ਕੁਝ ਨਿਯੰਤਰਣ ਹੋ ਸਕਦਾ ਹੈ, ਜਿਸ ਵਿੱਚੋਂ ਇੱਕ ਸਰਕਾਰੀ ਕਲਿਆਣਕਾਰੀ ਖ਼ਰਚ ਨੂੰ ਵਿਅਰਥ ਰੁੜਨ ਤੋਂ ਬਚਾਉਣਾ ਹੈ। ਅਸਲੀਅਤ ਇਹ ਹੈ ਕਿ ਅੱਜ ਆਧਾਰ ਨਾਲ ਜੁੜੀ ਆਈ ਟੀ ਕਲਿਆਣਕਾਰੀ ਖ਼ਰਚ ਵਿਅਰਥ ਕਰ ਰਹੀ ਹੈ। ਪਾਸ (ਪੁਆਇੰਟ ਆਫ਼ ਸੇਲ), ਭਾਵ ਮਸ਼ੀਨ ਇੰਟਰਨੈੱਟ ਅਤੇ ਮੋਬਾਈਲ ਲੋਕਾਂ ਦੀਆਂ ਪ੍ਰੇਸ਼ਾਨੀਆਂ ਵਧਾ ਰਹੇ ਹਨ। ਨਾਲ ਦੀ ਨਾਲ ਉਹ ਚੋਰੀ ਰੋਕਣ 'ਚ ਵੀ ਕਾਮਯਾਬ ਨਹੀਂ ਹੋ ਰਹੇ। ਪਹਿਲਾਂ ਇਹ ਹੁੰਦਾ ਸੀ ਕਿ ਰਾਸ਼ਨ ਦੀ ਦੁਕਾਨ ਵਿੱਚ ਰਜਿਸਟਰ 'ਤੇ 35 ਕਿਲੋਗ੍ਰਾਮ ਅਨਾਜ ਚਾੜ ਦਿੱਤਾ ਜਾਂਦਾ ਸੀ ਤੇ ਲੋਕਾਂ ਨੂੰ 30 ਜਾਂ 32 ਕਿਲੋਗ੍ਰਾਮ ਅਨਾਜ ਦੇ ਦਿੱਤਾ ਜਾਂਦਾ ਸੀ।

ਇਹ ਡੀਪੂ ਵਾਲੇ ਦੀ ਦਾਦਾਗਿਰੀ ਸੀ, ਜਿਹੜੀ ਉਹ ਆਪਣੇ 'ਰਾਖਿਆਂ' ਦੀ ਬਦੌਲਤ ਕਰਦਾ ਸੀ। ਅੱਜ ਰਜਿਸਟਰ ਦੀ ਥਾਂ ਪੁਆਇੰਟ ਆਫ਼ ਸੇਲ, ਯਾਨੀ ਪਾਸ ਨੇ ਲੈ ਲਈ ਹੈ, ਪਰ ਕੀ ਚੋਰੀ 'ਚ ਕਮੀ ਆਈ? ਨਹੀਂ, ਇਹ ਉਵੇਂ ਹੀ ਚੱਲ ਰਹੀ ਹੈ।

ਇੰਜ ਜਾਪਦਾ ਹੈ ਕਿ ਆਧਾਰ ਨਿੱਜਤਾ ਦੇ ਅਧਿਕਾਰ ਅਤੇ ਜੀਣ ਦੇ ਅਧਿਕਾਰ ਦੋਵਾਂ ਲਈ ਹਾਨੀਕਾਰਕ ਸਿੱਧ ਹੋ ਰਿਹਾ ਹੈ। ਸੁਪਰੀਮ ਕੋਰਟ ਦੇ ਨਿੱਜਤਾ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਕਹਿਣ ਉਪਰੰਤ ਸਰਕਾਰ ਵੱਲੋਂ ਆਧਾਰ ਨੂੰ ਹਰ ਜਗਾ ਜ਼ਰੂਰੀ ਕਰਾਰ ਦੇਣ ਅਤੇ ਆਧਾਰ 'ਚ ਨਾਗਰਿਕਾਂ ਦੀਆਂ ਦਿੱਤੀਆਂ ਜਾਣਕਾਰੀਆਂ ਕਿਸੇ ਹੋਰ ਨਾਲ ਸਾਂਝੀਆਂ ਕਰਨ ਸੰਬੰਧੀ ਸਰਕਾਰ ਦੇ ਅਧਿਕਾਰਾਂ ਨੂੰ ਰੋਕ ਲੱਗੇਗੀ। ਇਥੇ ਹੀ ਬੱਸ ਨਹੀਂ, ਅਦਾਲਤ ਦੇ ਨਿੱਜਤਾ ਦੇ ਅਧਿਕਾਰ ਬਾਰੇ ਫ਼ੈਸਲੇ ਦਾ ਬੀਫ ਬੈਨ (ਗਊ ਮਾਸ ਦੀ ਵਰਤੋਂ ਰੋਕਣ) ਸੰਬੰਧੀ ਅਦਾਲਤਾਂ 'ਚ ਚੱਲ ਰਹੇ ਮਾਮਲਿਆਂ 'ਤੇ ਵੀ ਅਸਰ ਪਵੇਗਾ, ਕਿਉਂਕਿ ਹੁਣ ਇਹ ਰਾਏ ਅਦਾਲਤ ਵਿੱਚ ਦਿੱਤੀ ਜਾ ਸਕੇਗੀ ਕਿ ਕੌਣ ਕੀ ਖਾਵੇ, ਕੌਣ ਕੀ ਪਾਵੇ, ਇਹ ਵਿਅਕਤੀ ਦਾ ਨਿੱਜੀ ਮਾਮਲਾ ਹੈ।

## ਅਧਿਆਪਕ

ਕੋਰੇ ਮਨ ਦੇ ਕਾਗਜ਼ ਤੇ ਬੜਾ ਕੁਝ ਵਾਹ ਦੇਵੇ ਅਧਿਆਪਕ
ਮਿਲੇ ਜੇ ਸਹੀ ਤਾਲ ਤਾਂ ਜ਼ਿੰਦਗੀ ਬਣਾ ਦੇਵੇ ਅਧਿਆਪਕ

ਮਨ ਸਮੰਦਰ ਵਿੱਚ ਜੋ ਛੱਲਾਂ ਉੱਠੀਆਂ ਨਾਲ ਸਵਾਲਾਂ ਦੇ
ਦੇ ਜਵਾਬ ਉਹਨਾਂ ਦੇ ਸਭ ਸ਼ਾਂਤ ਕਰਵਾ ਦੇਵੇ ਅਧਿਆਪਕ

ਸੋਨੇ ਜਿਹੀ ਸਹੀ ਚਮਕ ਆਉਂਦੀ ਹੈ ਇਨਸਾਨ ਦੇ ਮਨੋਂ
ਜਦ ਸਹੀ ਗਿਆਨ ਦੀ ਭੱਠੀ ਚ ਤਪਾ ਦੇਵੇ ਅਧਿਆਪਕ

ਹੁੰਦਾ ਵਰਕਾ ਕੋਰਾ ਹੈ ਸ਼ੁਰੂ ਸ਼ੁਰੂ ਚ ਸਿੱਖਣ ਵਾਲੇ ਦਾ ਤਾਂ
ਦੇ ਗਿਆਨ ਦੇ ਅੱਖਰ ਪੂਰੀ ਕਿਤਾਬ ਬਣਾ ਦੇਵੇ ਅਧਿਆਪਕ

ਦਿਸ਼ਾ ਨਹੀਂ ਮਿਲਦੀ ਬਿਨ ਕਿਸੇ ਦੇ ਦੱਸੇ ਤੋਂ ਕਿਸੇ ਨੂੰ ਵੀ
ਦੇ ਦਿਸ਼ਾ ਸਹੀ ਮੰਜਿਲ ਤੇ ਤੁਹਾਨੂੰ ਪੁਹੰਚਾ ਦੇਵੇ ਅਧਿਆਪਕ

ਹੁੰਦਾ ਬੰਦਾ ਇੱਕ ਗਵਾਚੇ ਜੰਗਲ ਵਾਂਗੂੰ ਬਿਨ ਗਿਆਨ ਤੋਂ
ਦੇ ਮਸ਼ਾਲ ਗਿਆਨ ਦੀ ਚਾਨਣ ਤੱਕ ਪੁਹੰਚਾ ਦੇਵੇ ਅਧਿਆਪਕ



- ਹਰਦੀਪ ਬਿਰਦੀ
91-90416-00900

## ਲੋਕਾਂ ਦਾ ਰਾਜ

ਇਹ ਲੋਕਤੰਤਰ ਲੋਕਾਂ ਦਾ ਰਾਜ
ਸਭ ਹੀ ਕਹਿੰਦੇ ਨੇ।
ਕੀ ਸੱਚਮੁੱਚ ਰਾਜ ਕਰਨ ਵਾਲੇ
ਲੋਕ ਅਖਵਾਉਂਦੇ ਨੇ।
ਇਨ੍ਹਾਂ ਨੂੰ ਉੱਪਰ ਬਿਠਾਉਣ ਵਾਲੇ
ਪੂਰਾ ਤਾਣ ਲਾਉਂਦੇ ਨੇ।
ਇਸ ਆਸ ਵਿੱਚ ਇਹ ਲੋਕ
ਕੀ ਕੁਝ ਪੱਲੇ ਪਾਉਂਦੇ ਨੇ।
ਪੰਜ ਸਾਲ ਵਧੀਆ ਮੌਜਾਂ ਮਾਣ ਕੇ
ਫਿਰ ਫੇਰੀ ਲਾਉਂਦੇ ਨੇ।

ਅੱਗੇ ਤੋਂ ਗੱਲ ਪੱਲਾ ਪਾ ਕੇ
ਹੁਣ ਕੰਮ ਕਰਨ ਦੀ ਦੁਹਾਈ ਪਾਉਂਦੇ ਨੇ।
ਕੀਤੀ ਆਪਣੀ ਕਮਾਈ ਨੂੰ
ਵੋਟਾਂ ਲਈ ਲੇਖੇ ਲਾਉਂਦੇ ਨੇ
ਏਹੀਉ ਲੋਕ ਜਨਤਾ ਦੇ ਸੇਵਕ ਹੋਣ ਦੇ
ਥਾਂ ਥਾਂ ਬੈਨਰ ਲਾਉਂਦੇ ਨੇ।
'ਲੋਕ' ਤਾਂ ਲੋਕਾਂ ਦੀ ਗੱਲ ਕਰਦੇ ਹੁੰਦੇ ਨੇ
ਤੇ ਫਿਰ ਇਹ ਕਿਉਂ ਲਾਰੇ ਲਾਉਂਦੇ ਨੇ।
ਇੱਕਠਾ ਕੀਤਾ ਪੈਸਾ ਜਨਤਾ ਦਾ
ਐਸਾਂ ਇਹ ਉਡਾਓਂਦੇ ਨੇ।

ਲੋਕਾਂ ਦਾ ਰਾਜ ਉਡੀਕਦੇ ਲੋਕ
ਮੁੜ ਮੁੜ ਵੋਟਾਂ ਪਾਉਂਦੇ ਨੇ।
ਇਹੋ ਜਿਹੇ ਲੋਕਾਂ ਨੂੰ ਪਰਖ ਲੋਕ
ਕਿਉਂ ਨਹੀਂ ਡੂੰਘੇ ਦਫਨਾਉਂਦੇ ਨੇ।



ਮੇਜਰ ਸਿੰਘ ਨਾਭਾ
91-94635-53962

## ਪਾਖੰਡੀਆਂ ਦੇ ਡੇਰੇ



ਕੀ ਨਹੀਂ ਹੋ ਰਿਹੈ, ਪਾਖੰਡੀਆਂ ਦੇ ਡੇਰੇ ਵਿੱਚ,
ਜਾਣਦੇ ਨਾ ਲੋਕੀ, ਫ਼ਰਕ ਚਾਨਣ ਹਨੇਰੇ 'ਚ।

ਮੇਰੇ ਘਰ ਲਾਲ ਨਹੀਂ, ਲਾਲ ਝੋਲੀ ਪਾ ਦਿਓ,
ਧੀ ਨਹੀਂ ਪੁੱਤ ਬਾਬਾ! ਗੋਦੀ ਵਿੱਚ ਖਿਡਾ ਦਿਓ,
ਬਾਬਾ ਜੀ ਤਬੀਤ ਦੇਓ, ਬਾਲ ਖੇਡੇ ਵਿਹੜੇ ਵਿੱਚ।
ਜਾਣਦੇ ਨਾ ਲੋਕੀ, ਫ਼ਰਕ ਚਾਨਣ ਹਨੇਰੇ ਵਿੱਚ।

ਹੁਕਮ ਜੋ ਲਾਓਗੇ, ਮੈਂ ਸੁੱਖਣਾ ਉਹਂ ਲਾਹੂੰਗੀ,
ਭਰਨ ਲਈ ਚੌਂਕੀ ਬਾਬਾ! ਨੰਗੇ ਪੈਰੀ ਆਉਂਗੀ,
ਮਾਰੋਗੇ ਆਵਾਜ਼ ਜਦੋਂ, ਚੱਲ ਆਊਂ ਡੇਰੇ ਵਿੱਚ।
ਜਾਣਦੇ ਨਾ ਲੋਕੀ, ਫ਼ਰਕ ਚਾਨਣ ਹਨੇਰੇ 'ਚ।

ਰੱਬ ਨੇ ਮੈਸੇਂਜਰ, ਬਣਾ ਕੇ ਤੁਹਾਨੂੰ ਘੱਲਿਆ,
ਤਾਹੀਂ ਤਾਂ ਮੈਂ ਬਾਬਾ ਜੀ! ਦਰ ਤੇਰਾ ਮੱਲਿਆ,
ਕੋਈ ਨਾ ਫ਼ਰਕ ਲੱਗੇ ਰੱਬ ਅਤੇ ਤੇਰੇ ਵਿੱਚ।
ਜਾਣਦੇ ਨਾ ਲੋਕੀ, ਫ਼ਰਕ ਚਾਨਣ ਹਨੇਰੇ 'ਚ।

ਬਣ ਕੇ ਮੈਂ ਚੇਲੀ, ਤੇਰੇ ਡੇਰੇ ਵਿੱਚ ਰਹਾਂਗੀ,
ਕਰਨੀ ਵਾਲੇ ਨੇ ਬਾਬਾ, ਸੰਗਤਾਂ ਨੂੰ ਕਹਾਂਗੀ,
ਪਰਸ਼ੋਤਮ! ਭਵਿੱਖ ਮੈਂ ਤਾਂ, ਲੱਭੂ ਤੇਰੇ ਚਿਹਰੇ ਵਿੱਚ।
ਜਾਣਦੇ ਨਾ ਲੋਕੀ, ਫ਼ਰਕ ਚਾਨਣ ਹਨੇਰੇ 'ਚ।
ਸੰਗ ਲੈ ਜਾਣਾ ਕਿਤੇ, ਸੰਗ ਤੇਰੇ ਰਹਾਂਗੀ,
ਹੋਵੇ ਜੈ ਸਰੋਏ ਦੀ, ਮੈਂ ਸੰਗਤ ਵਿੱਚ
ਕਹਾਂਗੀ,
ਹੋਰ ਕਿਤੇ ਮਿਲੇ ਨਾ, ਜੋ ਸੁੱਖ ਤੇਰੇ
ਨੇੜੇ ਵਿੱਚ।
ਜਾਣਦੇ ਨਾ ਲੋਕੀ, ਫ਼ਰਕ ਚਾਨਣ ਹਨੇਰੇ 'ਚ।

ਪਾਖੰਡੀਆਂ ਤੋਂ ਸੁੱਖ, ਭੋਲੇ-ਭਾਲੇ ਲੋਕ,ਲੱਭਦੇ,
ਤਾਹੀਂ ਇਹ ਪਾਖੰਡੀ, ਭੋਲੇ ਲੋਕਾਂ ਤਾਈਂ ਠੱਗਦੇ,
ਹੁੰਦੇ ਬਰਬਾਦ ਜਾ ਪਾਖੰਡੀਆਂ ਦੇ ਡੇਰੇ ਵਿੱਚ।
ਜਾਣਦੇ ਨਾ ਲੋਕੀ, ਫ਼ਰਕ ਚਾਨਣ ਹਨੇਰੇ ਵਿੱਚ।

ਜਿਸ ਧੀ ਦੀ ਇੱਜਤ, ਪਾਖੰਡੀਆਂ ਨੇ ਖੋਈ ਏ,
ਉਹੀ ਧੀ ਬੇਚਾਰੀ, ਭੁੱਬਾਂ ਮਾਰ-ਮਾਰ ਰੋਈ ਏ,
ਖ਼ੁਸ਼ੀ ਨਾ ਦਿਖਾਈ ਦਿੰਦੀ, ਉਸ ਦੇ ਫੇ ਚਿਹਰੇ ਵਿੱਚ।
ਜਾਣਦੇ ਨਾ ਲੋਕੀ, ਫ਼ਰਕ ਚਾਨਣ ਹਨੇਰੇ ਵਿੱਚ।

ਗੰਦੀ ਰਾਜਨੀਤੀ, ਬਾਬੇ ਗਠਜੋੜ ਰੱਖਦੇ,
ਤਾਹੀਂ ਤਾਂ ਲੁਟੇਰੇ, ਮਨਆਈ ਤੋਂ ਨਾ ਝਕਦੇ,
ਸਮਰਥਨ ਵੋਟਾਂ ਦਾ, ਨੇਤਾ ਭਾਲਦੇ ਨੇ ਡੇਰੇ ਵਿੱਚ।
ਜਾਣਦੇ ਨਾ ਲੋਕੀ, ਫ਼ਰਕ ਚਾਨਣ ਹਨੇਰੇ ਵਿੱਚ।

- ਪਰਸ਼ੋਤਮ ਲਾਲ ਸਰੋਏ,
91-92175-44348

## ਸਵ: ਚਮਨ ਲਾਲ ਦੀ ਯਾਦ ਵਿੱਚ ਸੰਗਤਾਂ ਵਾਸਤੇ ਪੀਣ ਵਾਲੇ ਪਾਣੀ ਨੂੰ ਸਾਫ ਕਰਨ ਵਾਲੀ ਆਰ.ਓ.ਮਸ਼ੀਨ ਲਗਵਾਈ

**ਫਗਵਾੜਾ (ਰੱਤੂ)-** ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ ਫਗਵਾੜਾ ਵਿਖੇ ਸਵ: ਚਮਨ ਲਾਲ ਦੀ ਯਾਦ ਵਿੱਚ ਉਹਨਾਂ ਦੀ ਧਰਮ ਪਤਨੀ ਸ਼੍ਰੀਮਤੀ ਰਾਮ



ਆਸਰੀ ਅਤੇ ਇੰਜੀਨੀਅਰ ਪ੍ਰਦੀਪ ਮੱਲ ਪਿੰਡ ਖਲਵਾੜਾ ਵੱਲੋਂ ਸੰਗਤਾਂ ਵਾਸਤੇ ਪੀਣ ਵਾਲੇ ਪਾਣੀ ਨੂੰ ਸਾਫ ਕਰਨ ਵਾਲੀ ਆਰ. ਓ. ਮਸ਼ੀਨ ਲਗਵਾਈ ਗਈ। ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋ ਪ੍ਰਧਾਨ ਸ਼੍ਰੀ ਸ਼ਰਧਾ ਰਾਮ ਨੇ ਸ੍ਰੀਮਤੀ ਰਾਮ ਆਸਰੀ, ਇੰਜੀ. ਪ੍ਰਦੀਪ ਮੱਲ ਅਤੇ ਲੋਕ ਇਨਸਾਫ ਪਾਰਟੀ ਆਗੂ ਜਰਨੈਲ ਨੰਗਲ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਪ੍ਰਬੰਧਕ ਕਮੇਟੀ ਵਲੋ ਵਿਦੇਸ਼ ਵਿਚ ਰਹਿ ਰਹੇ ਸ਼੍ਰੀ ਪ੍ਰੇਮ ਕੁਮਾਰ, ਬਲਦੇਵ ਰਾਜ ਮੱਲ, ਰਜਤ ਮੱਲ ਅਤੇ ਸਮੂਹ ਮੱਲ ਪਰਿਵਾਰ ਦਾ ਧੰਨਵਾਦ ਕੀਤਾ ਗਿਆ। ਪ੍ਰਧਾਨ ਸ਼ਰਧਾ ਰਾਮ ਨੇ ਹੋਰਨਾਂ ਸੰਗਤਾਂ ਨੂੰ ਵੀ ਸੇਵਾ ਕਰਨ ਲਈ ਪ੍ਰੇਰਿਆ। ਇਸ ਮੌਕੇ ਕਮੇਟੀ ਦੇ ਉਪ ਪ੍ਰਧਾਨ ਸ਼੍ਰੀ ਦਵਿੰਦਰ ਕੁਲਥਮ, ਅਸ਼ੋਕ ਭਾਟੀਆ, ਬਲਦੇਵ ਰਾਜ ਕੋਮਲ, ਹੁਕਮ ਚੰਦ, ਕ੍ਰਿਸ਼ਨ ਦਾਸ ਛਿੰਦੀ, ਰੂਪ ਲਾਲ ਮਕਬੂਲ, ਡਾ. ਯਸ਼ ਬਰਨਾ (ਚੇਅਰਮੈਨ) ਗੁਰੂ ਰਵਿਦਾਸ ਟਾਈਗਰ ਫੋਰਸ, ਪਰਮਿੰਦਰ ਭੁੱਲਾਰਾਈ, ਮਨਜੀਤ ਪਲਾਹੀ, ਜਸਬੀਰ ਜੱਸਲ, ਕੁਲਵੰਤ ਕੁਮਾਰ, ਜਨਕ ਰਾਜ, ਗੁਰਮੀਤ ਪੰਡੋਰੀ ਆਦਿ ਵੀ ਹਾਜਰ ਸਨ।

## ਮਿੰਨੀ ਕਹਾਣੀ/ ਗੁਰੂ - ਚੇਲਾ

ਚੇਲਾ - ਗੁਰੂ ਜੀ, ਕੱਲ੍ਹ ਮੇਰੇ ਨਾਲ ਬਹੁਤ ਬੁਰੀ ਹੋਈ। ਗੁਰੂ - ਚੇਲਿਆ ਕੀ ਹੋ ਗਿਆ ਕੱਲ੍ਹ ਤੇਰੇ ਨਾਲ? ਚੇਲਾ - ਕੱਲ੍ਹ ਮੈਂ ਇਹਨਾਂ ਸੋਹਣਾ ਵਿਚਾਰ ਪੇਸ਼ ਕੀਤਾ ਕੁਝ ਲੋਕਾਂ ਸਾਹਮਣੇ ਪਰ ਸਾਰੇ ਲੋਕ ਮੇਰੇ ਤੇ ਹੱਸਣ ਲਗ ਪਏ। ਕਿਸੇ ਨੇ ਮੇਰੇ ਵਿਚਾਰ ਨੂੰ ਸਹੀ ਮੰਨਿਆ ਹੀ ਨਹੀਂ। ਉਲਟਾ ਸਾਰਿਆਂ ਨੇ ਮੇਰਾ ਮਜ਼ਾਕ ਉਡਾਇਆ । ਮੇਰੀ ਬਹੁਤ ਬੇਇਜ਼ਤੀ ਹੋਈ। ਮੈਨੂੰ ਬਹੁਤ ਬੁਰਾ ਲਗ ਰਿਹਾ।



ਗੁਰੂ - ਉਦਾਸ ਨਾ ਹੋ ਚੇਲਿਆ। ਪਹਿਲੀ ਗਲ, ਬੇਇਜ਼ਤੀ ਹੋਣਾ , ਪ੍ਰਸ਼ੰਸਾ ਹੋਣਾ, ਇਹ ਦੋਨੋਂ ਹੀ ਜੀਵਨ ਦੇ ਅੰਗ ਹਨ । ਹਰ ਇਨਸਾਨ ਦੀ ਬੇਇਜ਼ਤੀ ਅਤੇ ਪ੍ਰਸ਼ੰਸਾ ਹੁੰਦੀ ਹੈ। ਓਦਾਂ ਹੀ ਹਰ ਵਿਚਾਰ ਦੀ ਬੇਇਜ਼ਤੀ ਅਤੇ ਪ੍ਰਸ਼ੰਸਾ ਹੁੰਦੀ ਹੈ। ਚੇਲਿਆ ਤੂੰ ਜੇਹੜਾ ਮਰਜ਼ੀ ਵਿਚਾਰ ਪੇਸ਼ ਕਰ ਲੈ ਲੋਕਾਂ ਸਾਹਮਣੇ, ਹਮੇਸ਼ਾਂ ਕੁਝ ਲੋਕ ਤੇਰੇ ਨਾਲ ਹੋਣਗੇ ਅਤੇ ਕੁਝ ਲੋਕ ਤੇਰੇ ਵਿਰੋਧ ਵਿਚ। ਬਸ ਤੂੰ ਓਹੋ ਹੀ ਕਰਦਾ ਜਾ ਜੋ ਤੈਨੂੰ ਸਹੀ ਲਗਦਾ ਹੈ, ਬਾਕੀ ਸਭ ਰੱਬ ਦੀ ਰਜ਼ਾ ਹੈ।

ਸਕਰਿਪਟ ਰਾਈਟਰ ਅਮਨਪ੍ਰੀਤ ਸਿੰਘ
ਵਟਸਅੱਪ- 09465554088

# CONGRATULATIONS on Vivek Balley's WEDDING




















All pictures by
Prem K. Chumber (Ambedkar Times & Desh Doaba)

Ambedkar Times and Desh Doaba convey its heartiest congratulations on the auspicious occasion of wedding ceremony of Vivek Balley and Inderjit Kaur held on August 12th, 2017 at Shri Guru Ravidass Temple,Pittsburg (CA). Vivek Balley is son of Rakesh Balley and Jasbir Balley,well-established 7-Eleven franchisees and Grandson of Mr. O. P. Balley and late Mrs. Latchmi Balley.

Mr. O. P. Balley, as we all know him as a very well-known and a respectable member of our community, is the Ex-chairman and founder member of Sri Guru Ravidass Temple Pittsburg (California). The festive occasion was graced with the presence of a large gathering of relatives, friends and members of the Managing Committee of Shri Guru Ravidass Sabha,Pittsburg. Prominent members of society including Dr. Harmesh Kumar and Mr. Prem Kumar Chumber, Chief Editor: Desh Doaba and Ambedkar Times addressed the occasion with their congratulatory messages for the newly wedded couple.

Special guests who specially flew from India,U.K and Canada and Las Vegas to attend the wedding included Mr. Balley's younger sisters and sister-in- law and brother-in-law with their families, as well as fifteen members of the family of Mr. Rakesh's in-laws from U.K, thus shedding glamour, grace and lustre to the special occasion. The wedding ceremony was followed by a sumptuous Reception party from the parents of the bride groom held at MEHRAN BANQUET HALL.

Mr. O.P.Balley who personally honored along with other close members of the Balley family thanked them all in his speech for making the occasion a luminous success and honor for the whole family. ***(More pci on page 14)***


ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ, ਅਮਰੀਕਾ ਵਲੋਂ
13ਵਾਂ ਵਿਸ਼ਵ ਕਬੱਡੀ ਕੱਪ
ਮਿਤੀ 17 ਸਤੰਬਰ 2017 ਦਿਨ ਐਤਵਾਰ ਨੂੰ (ਸਵੇਰ 9 ਤੋਂ ਸ਼ਾਮ 6 ਵਜੇ ਤੱਕ)
(James Logan High School 1800 H Street, Union City, California 94587)
ਲੋਗਨ ਹਾਈ ਸਕੂਲ 1800 ਐਚ ਯੂਨੀਅਨ ਸਿਟੀ, ਕੈਲੀਫੋਰਨੀਆਂ 94587 ਦੀਆਂ ਗਰਾਊਂਡਾਂ ਵਿਚ ਕਰਵਾਇਆ ਜਾ ਰਿਹਾ ਹੈ
ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਨੇੜਿਓਂ ਤੱਕਣ ਲਈ ਦਰਸ਼ਕ ਜੇਮਸ ਲੋਗਨ ਹਾਈ ਸਕੂਲ ਵਿਚ ਹੁੰਮ ਹੁਮਾ ਕੇ ਪਹੁੰਚਣ
ਅਮੋਲਕ ਸਿੰਘ ਗਾਖਲ
ਸਰਪ੍ਰਸਤ ਯੂਨਾਈਟਡ ਸਪੋਰਟਸ ਕਲੱਬ
ਪਹੁੰਚ ਰਹੇ ਵਿਸ਼ੇਸ਼ ਮਹਿਮਾਨ
ਤੀਰਥ ਗਾਖਲ
ਰੰਗ ਕਬੱਡੀ ਦੇ
ਮੁੱਖ ਮਹਿਮਾਨ
ਉਦਘਾਟਨ
ਪਹਿਲੇ ਇਨਾਮ ਦੇ ਸਪਾਂਸਰ
DIAMOND TRANSPORTATION
ਦੂਜੇ ਇਨਾਮ ਦੇ ਸਪਾਂਸਰ
ਸਹੋਤਾ ਪਰਿਵਾਰ ਦੇ
ਜੁਗਰਾਜ ਸਿੰਘ ਸਹੋਤਾ 'ਤੇ
ਨਰਿੰਦਰ ਸਿੰਘ ਸਹੋਤਾ
(ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਨੂੰ ਸਮਰਪਿਤ)
ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ ਵਲੋਂ
ਬੈਸਟ ਰੇਡਰ ਅਤੇ ਬੈਸਟ ਸਟਾਪਰ
ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।
ਵਿਸ਼ਵ ਕਬੱਡੀ ਕੱਪ ਵਿਚ ਪਹੁੰਚ ਰਹੇ ਸਟਾਰ ਕਬੱਡੀ ਖਿਡਾਰੀ
ਸਮੂਹ ਖੇਡ ਪ੍ਰੇਮੀਆਂ ਨੂੰ
ਖੇਡ ਮੇਲੇ ਵਿਚ ਪਹੁੰਚਣ ਦਾ
ਖੁੱਲ੍ਹਾ ਸੱਦਾ
ਖੇਡ ਮੇਲੇ ਵਿਚ ਭਾਗ ਲੈਣ ਵਾਲੀਆਂ ਕਲੱਬਾਂ
ਕੁਮੈਂਟੇਟਰ
ਇਹ ਖੇਡ ਮੇਲਾ ਸਮੂਹ ਸਪਾਂਸਰਾਂ ਅਤੇ ਸਹਿਯੋਗੀਆਂ
ਦੇ ਵਡਮੁੱਲੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।
ਸਵ: ਪਰਮਜੀਤ ਸਿੰਘ ਪੰਮੀ
ਵਿਸ਼ਵ ਕਬੱਡੀ ਕੱਪ ਦੇ ਮੀਡੀਆ ਇੰਚਾਰਜ
ਐੱਸ ਅਸ਼ੋਕ ਭੌਰਾ
Phone: 510 415 3315,
Email: ashokbhaura@gmail.com


ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ, ਅਮਰੀਕਾ ਵਲੋਂ
13ਵਾਂ ਵਿਸ਼ਵ ਕਬੱਡੀ ਕੱਪ
ਮਿਤੀ 17 ਸਤੰਬਰ 2017 ਦਿਨ ਐਤਵਾਰ ਨੂੰ (ਸਵੇਰ 9 ਤੋਂ ਸ਼ਾਮ 6 ਵਜੇ ਤੱਕ)
(James Logan High School 1800 H Street, Union City, California 94587)
ਅਮੋਲਕ ਸਿੰਘ ਗਾਖਲ
ਸਰਪ੍ਰਸਤ ਯੂਨਾਈਟਡ ਸਪੋਰਟਸ ਕਲੱਬ
ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਨੇੜਿਓਂ ਤੱਕਣ ਲਈ ਦਰਸ਼ਕ ਜੇਮਸ ਲੋਗਨ ਹਾਈ ਸਕੂਲ ਵਿਚ ਹੁੰਮ ਹੁਮਾ ਕੇ ਪਹੁੰਚਣ
ਪਹੁੰਚ ਰਹੇ ਵਿਸ਼ੇਸ਼ ਮਹਿਮਾਨ
ਤੀਰਥ ਗਾਖਲ
ਰੰਗ ਕਬੱਡੀ ਦੇ
ਮੁੱਖ ਮਹਿਮਾਨ
ਉਦਘਾਟਨ
ਪਹਿਲੇ ਇਨਾਮ ਦੇ ਸਪਾਂਸਰ
DIAMOND TRANSPORTATION
ਦੂਜੇ ਇਨਾਮ ਦੇ ਸਪਾਂਸਰ
ਸਹੋਤਾ ਪਰਿਵਾਰ ਦੇ ਜੁਗਰਾਜ ਸਿੰਘ ਸਹੋਤਾ 'ਤੇ ਨਰਿੰਦਰ ਸਿੰਘ ਸਹੋਤਾ
ਵਿਸ਼ਵ ਕਬੱਡੀ ਕੱਪ ਵਿਚ ਪਹੁੰਚ ਰਹੇ ਸਟਾਰ ਕਬੱਡੀ ਖਿਡਾਰੀ
ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ ਵਲੋਂ ਬੈਸਟ ਰੇਡਰ ਅਤੇ ਬੈਸਟ ਸਟਾਪਰ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।
ਖੇਡ ਮੇਲੇ ਵਿਚ ਭਾਗ ਲੈਣ ਵਾਲੀਆਂ ਕਲੱਬਾਂ
ਇਹ ਖੇਡ ਮੇਲਾ ਸਮੂਹ ਸਪਾਂਸਰਾਂ ਅਤੇ ਸਹਿਯੋਗੀਆਂ ਦੇ ਵਡਮੁੱਲੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।
ਕੁਮੈਂਟੇਟਰ
ਸਵ: ਪਰਮਜੀਤ ਸਿੰਘ ਪੰਮੀ
ਵਿਸ਼ਵ ਕਬੱਡੀ ਕੱਪ ਦੇ ਮੀਡੀਆ ਇੰਚਾਰਜ
ਐੱਸ ਅਸ਼ੋਕ ਭੌਰਾ
Phone: 510 415 3315,


# CONGRATULATIONS on Vivek Balley's WEDDING











All pictures by
Prem K. Chumber (Ambedkar Times & Desh Doaba)












TANDOOR Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

Contact Us:

Ph. 510-885-1212

Fax. 510-885-1532

We are open seven days 11 AM to 10 PM



L.A. MERCHANDISE

Whole Sale +Retail

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।

ਯੁਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।



LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250

# ਵਰਤਮਾਨ ਸਮੱਸਿਆਵਾਂ- ਸਮਾਧਾਨ ਤੇ ਗਿਆਨੀ ਦਿੱਤ ਸਿੰਘ ਜੀ

ਗਿਆਨੀ ਦਿੱਤ ਸਿੰਘ ਜੀ ਦਾ ਸੰਸਾਰਕ ਜੀਵਨ 21 ਅਪ੍ਰੈਲ, 1850 ਤੋਂ 6 ਸਤੰਬਰ 1901 ਈਸਵੀ ਤੱਕ ਬਹੁਤ ਹੀ ਸੀਮਿਤ ਜਿਹੇ ਸਮੇਂ ਵਿੱਚ ਹੈ, ਪਰ ਆਪ ਦੀ ਕਰਨੀ ਹੈਰਾਨੀਜਨਕ ਹੈ। ਆਪ ਇੱਕ ਅਨੁਭਵੀ ਕਵੀ, ਵਾਰਤਾਕਾਰ, ਪੱਤਰਕਾਰ, ਟੀਕਾਕਾਰ, ਇਤਿਹਾਸਕਾਰ, ਗੋਸ਼ਟੀਕਾਰ ਤੇ ਪ੍ਰਭਾਵਸ਼ਾਲੀ ਬੁਲਾਰੇ ਸਨ। ਉਨ੍ਹਾਂ ਦਾ ਸਾਧਾਰਨ ਲੋਕਾਂ ਨੂੰ ਸਮਝਾਉਣ ਦਾ ਢੰਗ ਕਾਬ-ਏ-ਤਾਰੀਫ਼ ਸੀ।

ਇੱਕ ਸਦੀ ਤੋਂ ਉੱਪਰ ਸਮਾਂ ਬੀਤਣ ਦੇ ਬਾਵਜੂਦ ਵੀ ਉਨ੍ਹਾਂ ਦੀਆਂ ਰਚਨਾਵਾਂ ਦੀ ਅਹਿਮੀਅਤ ਸਦਾ ਰਹੇਗੀ ਅੱਜ ਵੀ ਸਾਡੇ ਦੇਸ਼ ਦੀ ਤਸਵੀਰ ਉਹੀ ਹੈ, ਜੋ ਉਨ੍ਹਾਂ 'ਗੁੱਗਾਗਪੌੜਾ' ਪੁਸਤਕ ਵਿੱਚ ਪੇਸ਼ ਕੀਤੀ ਹੈ....

ਦੇਖੋ ਮੂਰਖ ਦੇਸ਼ ਅਸਾਡਾ<br>
ਕਿਕੁਰ ਡੁੱਬਦਾ ਜਾਂਦਾ<br>
ਸੱਪਾਂ ਕੁੱਤਿਆਂ ਬਿੱਲਿਆਂ ਕਾਵਾਂ<br>
ਆਪਨੇ ਪੀਰ ਬਣਾਂਦਾ।<br>
ਇੱਧਰ ਗੁਰਾਂ ਦੇ ਨਾਂ ਉੱਤੇ ਜਿਊਂਦੇ

ਪੰਜਾਬ ਦੀ ਹਾਲਤ ਦੇਖੀਏ ਤਾਂ ਹਰ 10-20 ਕਿ-ਲੋਮੀਟਰ ਉੱਤੇ ਨਾਮਦਾਨ ਦੇਣ ਵਾਲਿਆਂ ਦਾ ਡੇਰਾ ਆ ਜਾਂਦਾ ਹੈ, ਹਰ ਪੰਜਵੇਂ ਪਿੰਡ 'ਚ ਧਾਗੇ ਤਵੀਤ ਦੇਣ ਵਾਲੇ, ਹਰ ਦਸਾਂ ਪਿੰਡਾਂ ਪਿੱਛੇ ਢੋਲ-ਚਿਮਟਾ ਕੁੱਟ ਕੇ ਭੂਤ ਕੱਢਣ ਵਾਲੇ, ਥਾਂ-ਥਾਂ ਕਬਰਾਂ, ਮੜ੍ਹੀਆਂ ਦੀ ਪੂਜਾ ਤੇ ਹਰ ਜ਼ਿਲ੍ਹੇ 'ਚ ਕਿਤੇ ਨਾ ਕਿਤੇ ਸ਼ਰਾਬਾਂ, ਖੀਰਾਂ, ਦੁੱਧਾਂ ਦੇ ਚੜ੍ਹਾਵੇ ਚੜ੍ਹਦੇ ਹਨ। ਇਹ ਸਾਰੀਆਂ ਬਿਮਾਰੀਆਂ ਸਿੱਖ ਘਰਾਣਿਆਂ ਵਿੱਚ ਹਨ। 'ਨਕਲੀ ਸਿੱਖ ਪ੍ਰਬੋਧ' ਪੁਸਤਕ ਵਿੱਚ ਐਸੀ ਸੋਚ ਵਾਲੇ ਸਿੱਖਾਂ ਨੂੰ ਗਿਆਨੀ ਜੀ ਨੇ ਫਿਟਕਾਰਾਂ ਪਾਈਆਂ ਹਨ।

ਗੁਰਮਤਿ ਕੋ ਆਦਰ ਨਹੀਂ,<br>
ਅਨਮਤੋਂ ਕੇ ਦਾਸ।<br>
ਕਹੋ ਭਲਾ ਇਸ ਕਰਮ ਤੇ,<br>
ਕਿਉਂ ਹੋ ਕਾਰਜ ਰਾਸ?<br>
ਗੁਰੂ ਗ੍ਰੰਥ ਕੁਛ ਕਹਤ ਹੈ,<br>
ਯਹ ਕਰਹੈਂ ਕੁਛ ਔਰ।<br>
ਕਹੋ ਅਜੇਹਾ ਖਾਲਸਾ,<br>
ਕਿਉਂ ਪਾਵੋ ਗੁਰ ਠੌਰ।<br>
ਕਹਨੀ ਸੂਰਤ ਸਿੰਘ ਕੀ,<br>
ਰਹਨੀ ਗੀਦੜ ਦੇਖ।<br>
ਗੁਰ ਆਗਯਾ ਕਰ ਭੰਗ ਇਨ,<br>
ਹਰ ਲੀਨੇ ਨਿਜ ਲੇਖ।<br>
ਗੁਰੂ ਬਨਾਏ ਔਰ ਥੇ,<br>
ਇਹ ਬਨ ਬੈਠੇ ਔਰ।<br>
ਬਨੇ ਭੂੰਡ ਯਹ ਗੋਬਰੀ,<br>
ਗੁਰ ਕੀਨੇ ਥੇ ਭੌਰ।

ਹੁਣ ਆਪਣੇ ਦੇਸ਼ ਦੀ ਗੱਲ ਕਰੀਏ ਤਾਂ ਕੋਈ ਵੀ ਝੂਠੀ ਅਫ਼ਵਾਹ ਉਡਾ ਦੇਵੇ ਤੇ ਕੋਈ ਵੀ ਨਵਾਂ ਪਾਖੰਡ ਰਚਾ ਲਵੋ ਫੇਰ ਅੰਨੇ ਤੇ ਅਗਿਆਨੀ ਲੋਕ ਧੜਾ-ਧੜ ਪਿੱਛੇ ਲੱਗ ਜਾਂਦੇ ਹਨ। ਇੱਥੇ ਕਿਹਾ ਜਾਂਦਾ ਭਾਵੇਂ ਸੁਆਹ ਦੀਆਂ ਪੁੜੀਆਂ ਵੇਚ ਲਓ, ਭਾਵੇਂ ਤਵੀਤ ਵੇਚ ਲਵੋ, ਛੱਪੜਾਂ ਦਾ ਪਾਣੀ, ਮੋਮਬੱਤੀਆਂ, ਹਰੀਆਂ ਚੂੜੀਆਂ, ਨਾਰੀਅਲ, ਸ਼ਨੀਵਾਰ ਨਿੰਬੂ ਮਿਰਚਾਂ, ਮੂਰਤੀਆਂ ਨੂੰ ਦੁੱਧ ਪਿਲਾਵੋ, ਨਜ਼ਰਾਂ ਉਤਾਰੋ ਆਦਿ ਹਰ ਭਰਮ ਨਿਤ ਦਿਨ ਵੱਧਦਾ ਹੈ। ਇਸ ਤਰ੍ਹਾਂ ਦੀ ਵਹਿਮੀ ਮਾਨਸਿਕਤਾ ਨੂੰ ਹਰ ਸ਼ੈਤਾਨ ਲੁੱਟ ਰਿਹਾ ਹੈ। ਇਹ ਬੌਧਿਕ ਤੇ ਆਰਥਿਕ ਲੁੱਟ ਹੈ। ਗਿ. ਦਿੱਤ ਸਿੰਘ ਜੀ ਨੇ 'ਦੰਭ ਵਿਦਾਰਨ' ਪੁਸਤਕ ਵਿੱਚ ਸਾਡੇ ਦੇਸ ਦੀ ਹੀ ਤਸਵੀਰ ਪੇਸ਼ ਕੀਤੀ ਹੈਜਿਸ

ਤੇ ਜਿਸ ਨੇ ਜੋ ਕਹਾ,<br>
ਮਾਨ ਗਏ ਮਤ ਹੀਨ।<br>
ਤਿਸ ਹੀ ਪਰ ਦ੍ਰਿੜ ਹੋ ਗਏ,<br>
ਜਾਨਹਿ ਤੱਤ ਕਬੀਨ।<br>
ਇਸੀ ਵਾਸਤੇ ਦੇਸ ਇਹ,<br>
ਗਿਆ ਅਧੋਗਤਿ ਮਾਹਿ।<br>
ਅਪਨੀ ਬੁੱਧੀ ਰਹੀ ਜਦ,<br>
ਇਨ ਲੋਗਨ ਸਿਰ ਨਾਹਿ।

ਜਦੋਂ ਆਪਣੀ ਬੁੱਧੀ ਆਪਣੇ ਸਿਰ 'ਚ ਹੀ ਨਾ ਰਹੀ ਤਾਂ ਸਾਰਾ ਦੇਸ ਅਧੋਗਤੀ ਵਿੱਚ ਗਰਕ ਜਾਂਦਾ ਹੈ। ਬਾਕੀਆਂ ਦੀ ਗੱਲ ਛੱਡੋ, ਅਜੋਕੇ ਸਿੱਖ ਸਮਾਜ ਦੀ ਗੱਲ ਕਰੀਏ, ਤਾਂ ਇੱਥੇ ਗ਼ੈਰਸਿੱਖ ਵੀ ਵੱਸਦੇ ਹਨ, ਪਰ ਉਹ ਕਿਸੇ ਸ਼ੇਖ਼ ਫੱਤੇ, ਰੋਡੇ ਸ਼ਾਹ, ਬੱਗੇ ਸ਼ਾਹ ਜਾਂ ਧਾਉਲੀ ਧਾਰ ਵਾਲੇ ਦੇ ਘੱਟ ਹੀ ਜਾਂਦੇ ਹਨ, ਪਰ ਦੂਜੇ ਪਾਸੇ ਕਈ ਸਿੱਖ ਸਿੱਖਣੀਆਂ ਆਪਣੇ ਗੁਰੂ ਦਾ ਦਰ ਛੱਡ ਕੇ ਮਨਮੱਤੀਆਂ ਦੇ ਸਥਾਨਾਂ ਵੱਲ ਦੌੜਦੇ ਹਨ। ਗਿਆਨੀ ਜੀ ਦੀ ਪੁਰਾਤਨ ਰਚਨਾ 'ਮੀਰਾਂ ਮਨੌਤ ਤੇ ਸੈਲਾਨੀ ਸਿੰਘ' ਵਿੱਚ ਇਸ ਦਾ ਵੇਰਵਾ ਵਰਤਮਾਨ ਸਮੇਂ ਉੱਤੇ ਸਹੀ ਢੁੱਕਦਾ ਹੈ-



ਸਾਰਾ ਜਗਤ ਖ਼ੁਸ਼ੀ ਹੈ ਵੱਸਦਾ।<br>
ਆਪਣੇ ਰੰਗਾਂ ਅੰਦਰ ਰੱਸਦਾ।<br>
ਪਰ ਨਾ ਕਿਸੇ ਪਕੜਦਾ ਮੀਆਂ।<br>
ਸੁੱਖ ਤੇ ਵੱਸਣ ਮਾਵਾਂ ਧੀਆਂ।<br>
ਪਰ ਇਹ ਸਿੱਖ ਨਮਾਣੇ ਚਾਇ।<br>
ਤੁਰਤ ਪੀਰ ਨੇ ਪਕੜੇ ਆਇ।<br>
ਫਿਰਨ ਮਰਦ ਪਕੜੀਆਂ ਨਾਰਾਂ।<br>
ਕਰਦਾ ਮਨ ਭਾਵੰਦੀ ਮਾਰਾਂ।<br>
ਨਹੀਂ ਇਹਨਾਂ ਨੂੰ ਛੱਡੇ ਉਹ।<br>
ਦੇਵਣ ਦੁੱਧ ਮੱਝ ਦਾ ਚੋਅ।

ਹੁਣ ਇਹ ਖੁਆਰੀ ਪੰਜਾਬ ਵਿੱਚ ਕਈ ਥਾਂਈਂ ਅਤੇ ਪੰਜਾਬੋਂ ਬਾਹਰ ਵੀ ਹੋ ਰਹੀ ਹੈ। ਕਾਰਨ ਵੀ ਸਪੱਸ਼ਟ ਹੈ ਕਿ ਸ਼ੈਤਾਨ ਤੇ ਪਾਖੰਡੀ ਲੋਕਾਂ ਨੇ ਹਰ ਯੁੱਗ ਵਿੱਚ ਸਮਾਜ ਨੂੰ ਠੱਗਿਆ ਤੇ ਗੁੰਮ-ਰਾਹ ਕੀਤਾ ਹੈ। ਗਿਆਨੀ ਜੀ ਨੇ 'ਦੁਰਗਾ ਪ੍ਰਬੋਧ' ਵਿੱਚ ਠੱਗਾਂ ਦੀ ਬਿਰਤੀ ਬਿਆਨ ਕੀਤੀ ਹੈ।

ਠੱਗ ਜਿਵੇਂ ਠੱਗੀ ਸਮਯ,<br>
ਜੁਦੇ ਜੁਦੇ ਹੁਇ ਜਾਤ।<br>
ਪਰ ਅੰਦਰ ਮੈਂ ਹੋਤ ਹੈ,<br>
ਸਭਨਾ ਦੀ ਇਕ ਬਾਤ।

ਇਹੋ ਹੀ ਨੁਕਤਾ ਗਿਆਨੀ ਜੀ ਨੇ 'ਨੀਤੀ ਪ੍ਰਕਾਸ਼' ਵਿੱਚ ਦਿੱਤਾ ਹੈ ਕਿ ਜਿਵੇਂ ਰੀਠਾ ਦੇਖਣ ਨੂੰ ਤਾਂ ਮਿੱਠੇ ਬੇਰ ਵਰਗਾ ਪ੍ਰਤੀਤ ਹੁੰਦਾ ਹੈ, ਪਰ ਨਿਰਾ ਜ਼ਹਿਰ ਹੈ। ਇਸੇ ਤਰ੍ਹਾਂ ਦੁਸ਼ਟ ਪੁਰਖ ਵੀ ਭੇਖ ਧਾਰ ਕੇ ਭੁਲੇਖਾ ਪਾ ਜਾਂਦੇ ਹਨ। ਅੱਜ ਪੰਜਾਬ 'ਚ ਫੈਲਿਆ ਦੇਹਧਾਰੀ ਗੁਰੂਡੰਮ ਇਸ ਦਾ ਪ੍ਰਤੱਖ ਪ੍ਰਮਾਣ ਹੈ। ਸਰਸਾ, ਬਿਆਸਾ, ਨੂਰਮਹਿਲੀਏ, ਨਕਲੀ ਨਿਰੰਕਾਰੀਆਂ ਦੇ ਬਾਹਰੀ ਭੇਖ ਨੇ ਕਈ ਸਿੱਖ ਪਰਿਵਾਰ ਵੀ ਆਪਣਏ ਜਾਲ ਵਿੱਚ ਫਸਾ ਲਏ ਹਨ। ਐਸੇ ਭੋਲੇ-ਭਾਲੇ ਗੁੰਮਰਾਹ ਹੋਏ ਲੋਕਾਂ ਨੂੰ ਇਹ ਪੰਕਤੀਆਂ ਸੁਚੇਤ ਕਰ ਰਹੀਆਂ ਹਨ-

ਰੀਠੇ ਮੀਠੇ ਬੇਰ ਸਮ,<br>
ਦੇਖਣ ਕੋ ਮਿਲ ਜਾਤ।<br>
ਤਿਉਂ ਦੁਰਜਨ ਸਮ ਸੁਜਨ ਕੇ,<br>
ਭੇਖ ਧਾਰ ਦਰਸਾਤ।

ਇਸ ਦੀ ਪਰਖ ਨਾ ਕਰ ਸਕਣਾ ਅਗਿਆਨਤਾ ਹੈ ਅਤੇ ਇਹ ਭਟਕਨਾ ਦਾ ਕਾਰਨ ਗਿਆਨ ਦੀ ਅਣਹੋਂਦ ਹੈ। 'ਗੁਰਮਤਿ ਆਰਤੀ ਪ੍ਰਬੋਧ' ਪੁਸਤਕ ਵਿੱਚ ਇਸ ਦਾ ਵੇਰਵਾ ਇਉਂ ਦਿੱਤਾ ਹੈ-

ਇਸ ਅਗਯਾਨ ਨਚਾਇਆ,<br>
ਇਹ ਸਾਰਾ ਸੰਸਾਰ।<br>
ਵੱਡੇ-ਵੱਡੇ ਪੰਡਤ ਕਰੇ,<br>
ਜਿਸ ਨੇ ਪਕੜ ਗਵਾਰ।

ਇਸੇ ਤਰ੍ਹਾਂ ਸਭ ਤੋਂ ਵੱਡਾ ਭਰਮ ਤੇ ਪਾਖੰਡ ਕਰਮ ਦਿਨਾਂ ਦਿਹਾਰਾਂ ਤੇ ਥਿੱਤਾਂ ਮਹੀਨਿਆਂ ਦੀਆਂ ਵਿਚਾਰਾਂ ਤੋਂ ਲੈ ਕੇ, ਵਰਤ ਸਰਾਧਾਂ ਦੀਆਂ ਫੋਕਟ ਵਿਚਾਰਾਂ ਵਿੱਚ ਘੁੰਮਦਾ, ਮੰਤਰਾਂ-ਜੰਤਰਾਂ- ਤੰਤਰਾਂ ਦੇ ਭਰਮ ਜਾਲ ਵਿੱਚ ਆ ਉਲਝਦਾ ਹੈ। ਇਹ ਰੁਝਾਨ ਅਜੋਕੇ ਸਮੇਂ ਵਿੱਚ ਹੋਰ ਵੀ ਖ਼ਤਰਨਾਕ ਹੋ ਗਿਆ ਹੈ। ਗਿਆਨੀ ਜੀ ਇਨ੍ਹਾਂ ਪਾਖੰਡਵਾਦੀ ਲੋਕਾਂ ਦੀ ਹਕੀਕਤ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਜੇਕਰ ਇਹ ਲੋਕ ਰਿੱਧੀਆਂ- ਸਿੱਧੀਆਂ ਰੱਖਦੇ ਹਨ ਤਾਂ ਦਰ-ਦਰ ਕਿਉਂ ਮੰਗਦੇ ਫਿਰਦੇ ਹਨ? ਇਹ ਹਜ਼ਰਤ ਬਣ ਕੇ ਕਿਉਂ ਨਹੀਂ ਬੈਠ ਜਾਂਦੇ? 'ਦੁਰਗਾ ਪ੍ਰਬੋਧ' ਵਿੱਚ ਇਹ ਪਾਖੰਡ ਕਰਮ ਨੂੰ ਇਉਂ ਉਘਾੜਿਆ ਹੈ-

ਮੰਤ੍ਰ ਜੰਤ੍ਰ ਅਰੁ ਤੰਤ੍ਰ ਸਿਧ,<br>
ਜੋ ਇਨ ਮਹਿ ਕਛੁ ਹੋਇ।<br>
ਹਜਰਤ ਹ੍ਵੈ ਆਪਹਿ ਰਵਹਿ,<br>
ਮਾਂਗਤ ਫਿਰਤ ਨਾ ਕੋਇ।

ਅੱਗੇ ਜਾ ਕੇ ਸਿੱਖਾਂ ਨੂੰ ਸੰਬੋਧਨ ਹੁੰਦਿਆਂ ਕਬਰਾਂ ਮੜ੍ਹੀਆਂ ਦੀ ਅਸਲੀਅਤ ਦੱਸ ਕੇ ਆਪਣੇ ਗੁਰੂ ਉੱਤੇ ਮਾਣ ਕਰਨਾ ਦੱਸਿਆ ਹੈ-

ਕਿਆ ਗੁਰ ਤੇ ਇਹ ਜੋਰਾਵਰ ਹੈ।<br>
ਮੜੀਆਂ ਦੇ ਵਿਚ ਜਿਸ ਦਾ ਘਰ ਹੈ।



ਡਾ.ਇੰਦਰਜੀਤ ਸਿੰਘ ਗੋਗੋਆਣੀ<br>
ਖਾਲਸਾ ਕਾਲਜ ਅੰਮ੍ਰਿਤਸਰ

ਸਭ ਤੋਂ ਵੱਡੀ ਗੱਲ ਕਿ ਉਨ੍ਹਾਂ ਨੇ ਸਾਡੇ ਅੱਜ ਵਰਗੇ ਭਾਵਨਾ ਵਿਹੂਣੇ, ਗੁਰਬਾਣੀ ਰੱਸ ਤੋਂ ਵਾਂਝੇ, ਕੁਝ ਕੁ ਅਸ਼ਰਧਕ ਵਿਦਵਾਨਾਂ ਵਾਂਗ ਆਪਣੇ ਅਮੀਰ ਧਰਮ ਸਿਧਾਂਤਾਂ ਉੱਤੇ ਕੁਹਾੜਾ ਨਹੀਂ ਚਲਾਇਆ, ਸਗੋਂ ਨਾਮ ਦੀ ਮਹਿਮਾ ਗੁਰਬਾਣੀ ਵਿਚਾਰ, ਬਾਣੀ-ਬਾਣਾ ਅਤੇ ਕਲਗੀਧਰ ਪਿਤਾ ਜੀ ਲਈ ਅਥਾਹ ਵਿਸ਼ਵਾਸ ਦ੍ਰਿੜ੍ਹ ਕਰਵਾਇਆ ਹੈ। ਜਿਵੇਂ-

ਦਸਮੇ ਗੁਰ ਦੀ ਓਟ ਲੈ,<br>
ਤੇਗ ਗਿਆਨ ਦੀ ਕੱਢ।<br>
ਇਸ ਮੀਏਂ ਸੁਲਤਾਨ ਦਾ,<br>
ਫਸਤਾ ਦੇਸਾਂ ਵੱਢ। (ਸੁਲਤਾਨ ਪੁਆੜਾ)

ਇਹ ਸਵੈ-ਮਾਣ ਤੇ ਸਵੈ-ਵਿਸ਼ਵਾਸ ਪੈਦਾ ਕਰਨਾ ਹੀ ਉਨ੍ਹਾਂ ਦੀਆਂ ਰਚਨਾਵਾਂ ਦਾ ਤੱਤ ਸਾਰ ਰਿਹਾ ਹੈ। ਸੰਨ 1886 ਤੋਂ 1901 ਤੱਕ 'ਖਾਲਸਾ ਅਖਬਾਰ ਲਾਹੌਰ' ਵਿੱਚ ਛਪੇ ਬੇਗਿਣਤ ਲੇਖ, ਸੰਪਾਦਕੀਆਂ, ਨਵੇਂ-ਨਵੇਂ ਕਾਲਮ ਉਨ੍ਹਾਂ ਦੇ ਕੌਮੀ ਦਰਦ ਦੇ ਗਵਾਹ ਹਨ। ਕਦੀ ਉਹ ਆਪਣੀ ਕੌਮ ਨੂੰ 'ਧਰਮ ਦਰਪਣ' ਵਿੱਚ ਇਉਂ ਸਮਝਾਉਂਦੇ ਹਨ-

ਪਰ ਤੂੰ ਦੇਖੀਂ ਵਾਂਗ ਗਵਾਰਾਂ,<br>
ਧੋਖਾ ਨਾ ਖਾ ਜਾਈਂ।<br>
ਲੱਡੂ ਪੇੜੇ ਛੱਡ ਪਿਛਾਹਾਂ,<br>
ਪੱਲੇ ਬੇਰ ਨਾ ਪਾਈਂ।

ਕਦੀ ਉਹ 'ਨੀਤੀ ਬਚਨ' ਰਾਹੀਂ ਆਪਣੇ ਪੰਥ ਦੇ ਵਾਰਸਾਂ ਨੂੰ ਸੁਚੇਤ ਕਰਦੇ ਹਨ ਕਿ ਫੋਕੇ ਆਡੰਬਰ ਵੇਖ ਕੇ ਵਿਸ਼ਵਾਸ ਨਾ ਕਰਿਉ। ਜੋ ਲਾਭ ਹਾਨੀ ਦੀ ਵਿਚਾਰ ਨਹੀਂ ਕਰਦਾ ਉਹ ਮੂਰਖ ਹੈ।

ਦੇਖ ਆਡੰਬਰ ਮਾਤ੍ਰ ਹੀ<br>
ਜੋ ਕਰਕੇ ਵਿਸ਼ਵਾਸ।<br>
ਹਾਨ ਲਾਭ ਅਪਨੀ ਚਹੇ,<br>
ਸੋ ਮੂਰਖ ਦੁਖ ਰਾਸ।

ਜੇ ਸਿੱਖ ਪੰਥ ਦੀਆਂ ਧਾਰਮਿਕ ਸਮੱਸਿਆਵਾਂ ਦਾ ਹੱਲ ਸੀਮਤ ਸ਼ਬਦਾਂ ਵਿੱਚ ਬਿਆਨ ਕਰਨਾ ਹੋਵੇ ਤਾਂ ਗਿ. ਦਿੱਤ ਸਿੰਘ ਜੀ ਨੇ ਆਪਣੀ ਰਚਨਾ 'ਸੁਲਤਾਨ ਪੁਆੜਾ' ਵਿੱਚ ਗੁਰੂ ਦਾ ਸਿੰਘ ਪਰਕਰਣ ਦੌਰਾਨ ਇੱਕ ਦਵੈਯਾ ਬੁਲਾਇਆ ਹੈ, ਜੋ ਸਿੱਖੀ ਦੇ ਵਾਰਸਾਂ ਲਈ ਪ੍ਰੇਰਨਾ ਸ੍ਰੋਤ ਹੈ। ਹੱਦਾਂ ਬੰਨ੍ਹੇ ਟੱਪ ਰਹੇ ਨਸ਼ੇ, ਦੇਹਧਾਰੀ ਗੁਰੂਡੰਮ, ਪਤਿਤਪੁਣਾ ਤੇ ਭਰਮਾਂ ਪਾਖੰਡਾਂ ਦਾ ਇਲਾਜ ਇਹੋ ਹੀ ਹੈ-

ਅੰਮ੍ਰਿਤ ਛਕ ਕੇ<br>
ਦਸਮੇਂ ਗੁਰ ਦੇ ਪੂਰੇ ਸਿੰਘ ਸਦਾਵੋ।<br>
ਪੀਰਾਂ-ਮੀਰਾਂ ਅੱਗੇ ਮੁੜ ਕੇ,<br>
ਕਦੇ ਨਾ ਸੀਸ ਝੁਕਾਵੋ।<br>
ਵਾਹਿਗੁਰੂ ਦੀ ਫ਼ਤੇ ਬੁਲਾ ਕੇ,<br>
ਮੜ੍ਹੀ ਮਸਾਣ ਉਠਾਓ।<br>
ਗੁਰੂ ਗ੍ਰੰਥ ਦਾ ਪਾਠ ਕਰੋ ਨਿੱਤ,<br>
ਬਾਣੀ ਮੈ ਮਨ ਲਾਓ।

# ਗੁਰੂ ਸਾਹਿਬਾਨ ਅਤੇ ਕਾਰਲ ਮਾਰਕਸ ਦੀ ਵਿਚਾਰਧਾਰਾ

ਕੁਝ ਲੋਕ ਗੁਰੂਆਂ ਦੀ ਅਤੇ ਕਾਰਲ ਮਾਰਕਸ ਦੀ ਵਿਚਾਰਧਾਰਾ ਨੂੰ ਇਕ-ਦੂਜੇ ਦੇ ਵਿਰੋਧੀ ਵਿਚਾਰਧਾਰਾ ਸਮਝਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਵਿਚ ਕੁਝ ਧਾਰਨਾਵਾਂ ਇਕ-ਦੂਜੇ ਨਾਲ ਮੇਲ ਨਹੀਂ ਖਾਂਦੀਆਂ ਪਰ ਉਹ ਲੋਕ ਇਸ ਗੱਲੋਂ ਅਗਿਆਨੀ ਹਨ ਕਿ ਗੁਰੂਆਂ ਅਤੇ ਕਾਰਲ ਮਾਰਕਸ ਦੀ ਵਿਚਾਰਧਾਰਾ ਦਾ ਮੁੱਖ ਉਦੇਸ਼ ਇਕੋ ਹੀ ਹੈ ਭਾਵ ਗੁਰੂ ਸਾਹਿਬਾਨ ਅਤੇ ਕਾਰਲ ਮਾਰਕਸ ਦਾ ਮੁੱਖ ਉਦੇਸ਼ ਇਕ ਅਜਿਹੇ ਸਮਾਜ ਦੀ ਸਿਰਜਣਾ ਕਰਨਾ ਹੈ ਜਿਸ ਵਿਚ ਮਨੁੱਖ ਮਨੁੱਖ ਦਾ ਸ਼ੋਸ਼ਣ ਨਾ ਕਰੇ ਅਤੇ ਸੰਸਾਰ ਵਿਚ ਕੋਈ ਵੀ ਕੌਮ ਦੂਜੀ ਕੌਮ ਤੇ ਅੱ-ਤਿਆਚਾਰ ਨਾ ਕਰੇ।

ਅਜਿਹਾ ਆਦਰਸ਼ਕ ਸਮਾਜ ਜਿਸ ਵਿਚ ਹਰ ਇਕ ਮਨੁੱਖ ਨੂੰ Equality, fraternily, Liberty and justice ਪ੍ਰਾਪਤ ਹੋਵੇ ਅਤੇ ਘੱਟੋਂ ਘੱਟ ਹਰ ਇਕ ਨੂੰ ਕੁੱਲੀ, ਜੁੱਲੀ, ਗੁੱਲੀ ਨਸੀਬ ਹੋਵੇ। ਪੰਜਾਬੀ ਸ਼ਬਦਾਂ ਵਿਚ ਬਰਾਬਰਤਾ, ਸਾਂਝੀਵਾਲਤਾ, ਇਨਸਾਫ, ਆਜ਼ਾਦੀ ਪ੍ਰਾਪਤ ਹੋਵੇ।

ਪਰ ਅਫਸੋਸ ਦੀ ਗੱਲ ਇਹ ਹੈ ਕਿ ਇਸ ਵਿਚਾਰਧਾਰਾ ਨੂੰ ਸਦੀਆਂ ਬੀਤ ਗਈਆਂ ਹਨ ਅਤੇ ਗੁਰੂਆਂ ਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਕਾਰਲ ਮਾਰਕਸ ਦਾ ਨਾਮ ਸੁਣਨ ਨੂੰ ਤਿਆਰ ਨਹੀਂ। ਅਤੇ ਕਾਰਲ ਮਾਰਕਸ ਨੂੰ ਮੰਨਣ ਵਾਲੇ ਗੁ-ਰੂਆਂ ਦੀ ਵਿਚਾਰਧਾਰਾ ਨੂੰ ਸੁਣਨ ਲਈ ਤਿਆਰ ਨਹੀਂ। ਇਹ ਲੋਕ ਮੂਰਖ ਅਤੇ ਆਗਿਆਨੀ ਹਨ ਕਿਉਂਕਿ ਇਹਨਾਂ ਲੋਕਾਂ ਨੇ ਇਕ-ਦੂਜੇ ਦੇ ਵਿਚਾਰਾਂ ਨੂੰ ਸਮਝਣ ਦਾ ਯਤਨ ਹੀ ਨਹੀਂ ਕੀਤਾ ਅਤੇ ਹਨ੍ਹੇਰੇ ਵਿਚ ਡਾਂਗਾਂ ਮਾਰੀ ਫਿਰਦੇ ਹਨ, ਜਿਸਦੇ ਸਿੱਟੇ ਵਜੋਂ ਨਾ ਤਾਂ ਅਜੇ ਤੱਕ ਕਾਰਲ ਮਾਰਕਸਵਾਦੀ ਆਪਣੇ ਉਦੇਸ਼ ਵਿਚ ਸਫਲ ਹੋਏ ਹਨ ਅਤੇ ਨਾ ਹੀ ਗੁਰੂਆਂ ਦੀ ਵਿਚਾਰਧਾਰਾ ਹੁਣ ਤੱਕ ਮਨੁੱਖ ਦਾ ਕੁਝ ਸੁਆਰ ਸਕੀ ਹੈ। ਅੱਜ ਦੇ ਮਨੁੱਖ ਦੀ ਸੋਚ ਉਹੀ ਹੁਣ ਵੀ ਹੈ ਜਿਹੜੀ 'ਗੁਰੂ ਸਾਹਿਬਾਨਾਂ' ਵੇਲੇ ਸੀ। ਗੁਰੂ ਸਾਹਿਬਾਨਾਂ ਨੇ ਮਨੁੱਖ ਨੂੰ ਗੁਰਬਾਣੀ ਦੇ ਅਨੁਸਾਰ ਜੀਵਨ ਗੁਜ਼ਾਰਨ ਦੀ ਸਿੱਖਿਆ ਦਿੱਤੀ ਸੀ, ਭਾਵ ਕਿਰਤ ਕਰਨੀ, ਨਾਮ ਜਪਣਾ ਅਤੇ ਵੰਡ ਛਕਣਾ।

ਅਹੰਕਾਰ, ਈਰਖਾ, ਖੁਦਗਰਜ਼ੀ, ਲਾਲਚ, ਕਾਮ ਤੇ ਕ੍ਰੋਧ ਦਾ ਤਿਆਗ ਕਰਨਾ ਅਤੇ ਨਿਮਰਤਾ, ਸਹਿਣਸ਼ੀਲਤਾ ਹਮਦਰਦੀ ਦਇਆ, ਅਦਬ, ਪਿਆਰ ਸਤਿਕਾਰ ਤੇ ਸਬਰ ਸੰਤੋਖ ਦੇ ਧਾਰਨੀ ਹੋਣਾ। ਪਰ ਦੇਖਣਾ ਇਹ ਹੈ ਕਿ ਇਸ ਵਿਚ ਮਨੁੱਖ ਨੇ ਹੁਣ ਤੱਕ ਕਿੰਨੀ ਸਫਲਤਾ ਪ੍ਰਾਪਤ ਕੀਤੀ ਹੈ? ਦੇਖਿਆ ਜਾਵੇ ਤਾਂ ਕੁਝ ਵੀ ਨਹੀਂ। ਗੁਰੂ ਘਰ ਸਿੱਖੀ ਦੇ ਸਿੱਖਿਅਕ ਕੇਂਦਰ ਹਨ ਅਤੇ ਲੋਕਾਂ ਨੇ ਇੱਥੋਂ ਜੀਵਨ ਜਾਚ ਸਿੱਖਣੀ ਹੈ ਪਰ ਪ੍ਰਬੰਧਕ ਤਾਂ ਆਪ ਹੀ ਇਕ-ਦੂਜੇ ਦੀਆਂ ਪੱਗਾਂ ਉਛਾਲੀ ਫਿਰਦੇ ਹਨ ਅਤੇ ਗੁਰੂ ਘਰਾਂ ਵਿਚ ਗੋਲੀਆਂ ਚਲਦੀਆਂ ਹਨ। ਚੌਧਰ ਦੀ ਖਾਤਰ ਕੋਰਟਾਂ ਵਿਚ ਕੇਸ ਚਲਦੇ ਹਨ ਅਤੇ ਸੰਗਤ ਦਾ ਖੂਨ ਪਸੀਨੇ ਨਾਲ ਕਮਾਇਆ ਧਨ ਬਰਬਾਦ ਹੋ ਰਿਹਾ ਹੈ।

ਰੂਸ ਦੀ ਉਦਾਹਰਣ ਸਾਡੇ ਸਾਹਮਣੇ ਹੈ ਕਿ ਕਾਰਲ ਮਾਰਕਸ ਦੀ ਕੀ ਦਸ਼ਾ ਹੋਈ ਹੈ? ਇਸ ਵਿਚ ਕੋਈ ਸ਼ੱਕ ਨਹੀਂ ਇਹ ਵਿਚਾਰਧਾਰਾ ਸਮਾਜ ਲਈ ਕਲਿਆਣਕਾਰੀ ਹੈ ਪਰ ਇਸ ਵਿਚਾਰਧਾਰਾ ਨੂੰ ਮੰਨਣ ਵਾਲੇ ਇਸ ਵਿਚਾਰਧਾਰਾ ਨੂੰ ਲਾਗੂ ਕਰਨ ਵਿਚ ਅਸਫਲ ਰਹੇ ਹਨ ਕਿਉਂਕਿ ਉਹ ਲੋਕ ਸੱਚਮੁੱਚ ਹੀ ਕਾਰਲ ਮਾਰਕਸ ਦੀ ਵਿਚਾਰਧਾਰਾ ਦੇ ਹਾਮੀ ਨਹੀਂ। ਵਿਚਾਰਧਾਰਾ ਕੋਈ ਵੀ ਮਾੜੀ ਨਹੀਂ ਹੁੰਦੀ ਪਰ ਉਸਨੂੰ ਲਾਗੂ ਕਰਨ ਵਾਲੇ ਮਾੜੇ ਹੁੰਦੇ ਹਨ।

ਇਸੇ ਤਰ੍ਹਾਂ ਜਿਵੇਂ ਗੁਰੂਆਂ ਦੀ ਵਿਚਾਰਧਾਰਾ ਵੀ ਸਮਾਜ ਲਈ ਕਲਿਆਣਕਾਰੀ ਹੈ ਪਰ ਗੱਲ ਇਸ ਨੂੰ ਅਮਲੀ ਜਾਮਾ ਪਹਿਨਾਉਣ ਦੀ ਹੁੰਦੀ ਹੈ। ਕਹਿਣੀ ਤੇ ਕਰਨੀ ਵਿਚ ਬਹੁਤ ਫਰਕ ਹੁੰਦਾ ਹੈ।

ਅਸੀਂ ਗੱਲ ਕਾਰਲ ਮਾਰਕਸ ਅਤੇ ਗੁਰੂ ਸਾਹਿਬਾਨਾਂ ਦੀ ਵਿਚਾਰਧਾਰਾ ਦੀ ਕਰ ਰਹੇ ਸੀ। ਗੁਰੂ ਸਾਹਿਬਾਨ ਅਤੇ ਕਾਰਲ ਮਾਰਕਸ ਦੇ ਵਿਚਾਰਾਂ ਵਿਚ ਕੁਝ ਭਿੰਨਤਾ ਵੀ ਹੈ। ਕਾਰਲ ਮਾਰਕਸ ਪ੍ਰਮਾਤਮਾ ਦੀ ਹੋਂਦ ਨੂੰ ਨਹੀਂ ਮੰਨਦਾ ਜਿਵੇਂ ਉਸਨੇ ਕਿਹਾ ਸੀ ਕਿ Religion is the opium of masses.

ਦੂਸਰਾ ਕਾਰਲ ਮਾਰਕਸ ਆਰਥਿਕ ਪੱਖ ਨੂੰ ਹੀ ਸਭ ਕੁਝ ਸਮਝਦਾ ਹੈ ਜਦੋਂ ਕਿ ਮਨੁੱਖ ਦਾ ਮਨੋਵਿਗਿਆਨਕ ਪੱਖ ਵੀ ਹੈ ਅਤੇ ਮਨੁੱਖੀ ਸੁਭਾਅ ਵਿਚ ਕਈ ਪ੍ਰਕਾਰ ਦੀਆਂ ਹੋਰ ਪ੍ਰਵਿਰਤੀਆਂ ਹਨ। ਕਾਰਲ ਮਾਰਕਸ ਦੀ ਵਿਚਾਰਧਾਰਾ ਲੌਜਿਕ ਭਾਵ ਕਾਰਨ 'ਤੇ ਆਧਾਰਿਤ ਹੈ। ਇਸਦੇ ਉਲਟ ਗੁਰੂ ਸਾਹਿਬਾਨ ਪ੍ਰਮਾਤਮਾ ਦੀ ਹੋਂਦ ਨੂੰ ਮੰਨਦੇ ਹਨ ਅਤੇ ਉਹਨਾਂ ਦੇ ਵਿਚਾਰਾਂ ਦੇ ਅਨੁਸਾਰ ਪ੍ਰਮਾਤਮਾ ਹੀ ਸਭ ਕੁਝ ਹੈ ਅਤੇ ਉਹੀ ਹੀ ਕਰੇ ਕਰਾਵੇ ਆਪ।

ਉਹਨਾਂ ਦੇ ਵਿਚਾਰਾਂ ਦੇ ਅਨੁਸਾਰ ਮਨੁੱਖ ਪ੍ਰਮਾਤਮਾ ਨਾਲੋਂ ਵਿਛੜਿਆ ਹੋਇਆ ਹੈ ਅਤੇ ਉਸ ਨੂੰ ਪ੍ਰਮਾਤਮਾ ਨੂੰ ਮਿਲ ਕੇ ਹੀ ਸ਼ਾਂਤੀ ਪ੍ਰਾਪਤ ਹੋ ਸਕਦੀ ਹੈ। ਮਨੁੱਖ ਦਾ ਮੁੱਖ ਉਦੇਸ਼ ਪ੍ਰਮਾਤਮਾ ਵਿਚ ਅਭੇਦ ਹੋਣਾ ਹੈ ਭਾਵ ਪ੍ਰਮਾਤਮਾ ਦੀ ਪ੍ਰਾਪਤੀ ਹੈ। ਇਸ ਸ੍ਰਿਸ਼ਟੀ ਨੂੰ ਸਿਰਜਣ ਵਾਲਾ ਵੀ ਉਹ ਪ੍ਰਮਾਤਮਾ ਹੀ ਹੈ। ਕਾਰਲ ਮਾਰਕਸ ਡਾਰਵਿਨ ਦੀ ਵਿਚਾਰਧਾਰਾ ਦਾ ਹਾਮੀ ਹੈ, ਜਿਵੇਂ ਡਾਰਵਿਨ ਦੀ 'ਥਿਊਰੀ ਆਫ ਅਵੋਲੂਸ਼ਨ' ਦੇ ਅਨੁਸਾਰ ਡਾਰਵਿਨ ਦਾ ਵਿਚਾਰ ਹੈ ਕਿ ਮਨੁੱਖ ਦੀ ਉਤਪੱਤੀ ਇਕਦਮ ਪ੍ਰਮਾਤਮਾ ਨੇ ਨਹੀਂ ਕੀਤੀ ਸਗੋਂ ਮਨੁੱਖ ਦਾ ਅਹਿਸਤਾ ਅਹਿਸਤਾ ਵਿਕਾਸ ਹੋਇਆ ਹੈ। ਪਰ ਇਹਨਾਂ ਭਿੰਨਤਾਵਾਂ ਦੇ ਬਾਵਜੂਦ ਵੀ ਇਨ੍ਹਾਂ ਦੋਹਾਂ ਵਿਚਾਰਧਾਰਾਵਾਂ ਦਾ ਮੁੱਖ ਉਦੇਸ਼ ਮਨੁੱਖ ਦਾ ਕਲਿਆਣ ਕਰਨਾ ਅਤੇ ਇਕ ਆਦਰਸ਼ਕ ਸਮਾਜ ਦੀ ਸਿਰਜਣਾ ਕਰਨਾ ਹੈ, ਜਿਸ ਵਿਚ ਹਰ ਮਨੁੱਖ ਆਪਣਾ ਸ਼ਾਂਤਮਈ, ਸੁਖਮਈ ਅਤੇ ਸੰਤੁਸ਼ਟ ਜੀਵਲ ਬਤੀਤ ਕਰ ਸਕੇ।



ਮਾਸਟਰ<br>
ਨਿਰਮਲ ਸਿੰਘ ਲਾਲੀ






# ਬਲਵੰਤ ਗਾਰਗੀ ਦਾ ਸਾਂਝਾ ਚੁੱਲ੍ਹਾ

**ਥ੍ਰੀ-ਇਨ-ਵੰਨ**, ਜ਼ਿੰਦਾ-ਦਿੱਲ, ਬਲਵੰਤ ਗਾਰਗੀ ਜੰਮਿਆਂ ਤਾਂ ਬਾਣੀਆਂ ਦੇ ਘਰ ਪਰ ਰਹਿੰਦਾ ਉਹ ਜੱਟਾਂ ਵਾਂਗ ਤੇ ਸੋਚਦਾ ਅਮਰੀਕਨਾਂ ਵਾਂਗ ਸੀ। ਦਿੱਲੀ ਵਿਚ ਕਨਾਟ ਪਲੇਸ ਵਿਖੇ ਇਕ ਛੋਟੇ ਜਿਹੇ ਘਰ 'ਚ ਵਾਸਾ ਸੀ ਉਸ ਦਾ ਜਿਸ ਨੂੰ ਲੋਕੀ "ਗਾਰਗੀ ਡੈੱਨ" ਵੀ ਕਹਿੰਦੇ ਸਨ।

ਬਹੁਤ ਹੀ ਖੂਬਸੂਰਤੀ ਨਾਲ ਸਜਾਇਆ ਉਸ ਘਰ ਦਾ ਵੱਡਾ ਕਮਰਾ, ਕੰਧਾਂ 'ਤੇ ਕਾਲਾ ਪੇਂਟ, ਵਿਚੋਂ ਆਉਂਦੀ ਸ਼ਾਰਪ ਲਾਈਟ, ਦੀਵਾਰਾਂ 'ਤੇ ਟੰਗੀਆਂ ਖੂਬਸੂਰਤ ਪੇਂਟਿੰਗਜ਼, ਜ਼ਮੀਨ 'ਤੇ ਵਿਛਿਆ ਗੁਦਗੁਦਾ ਗੱਦਾ, ਉਸ ਉੱਪਰ ਛੋਟੀਆਂ ਛੋਟੀਆਂ ਗੱਦੀਆਂ, ਕਾਨਿਆਂ ਦੇ ਕੁਝ ਕੁ ਮੂਹੜੇ ਤੇ ਉਸੇ ਕਮਰੇ 'ਚ ਦੂਜੇ ਪਾਸੇ ਇਕ ਹੋਰ ਜਣੇ ਦੇ ਸੌਣ ਲਈ ਬਿਸਤਰਾ । ਉਸੇ ਹੀ ਕਮਰੇ ਵਿਚ ਗੱਦੇ 'ਤੇ ਮੂਹੜਿਆਂ ਬੈਠ ਮਹਿਫ਼ਲਾਂ ਸਜਦੀਆਂ। ਜੇ ਲੋਕ ਹੋਰ ਵੱਧ ਹੋ ਜਾਣ ਤਾਂ ਆਪਣੇ ਆਪ ਇੱਧਰ-ਉੱਧਰ ਐਡਜਸਟ ਹੋ ਜਾਂਦੇ। ਬਾਹਰ ਚੌੜਾ ਵਿਹੜਾ ਤੇ ਨਾਲ ਹੀ ਇਕ ਰਸੋਈ। ਗਰਮੀਆਂ ਵੇਲੇ ਵਿਹੜੇ 'ਚ ਬੈਠ ਚੰਦਰਮਾਂ ਦੀ ਚਾਂਦਨੀ ਦਾ ਆਨੰਦ। ਕਦੇ ਸੰਗੀਤ ਦੀਆਂ ਧੁੰਨਾਂ, ਕਦੇ ਕਵਿਤਾ ਦੀਆਂ ਲਾਈਨਾਂ ਤੇ ਕਦੇ ਲਤੀਫਿਆਂ 'ਤੇ ਠਹਾਕੇ। ਤੇ ਕਦੇ-ਕਦੇ ਸੀਰੀਅਸ ਇੰਟੇਲੈਕਚੁਅਲ ਬਹਿਸ। ਗਾਰਗੀ ਦਾ ਆਪਣਾ ਹੀ ਇਕ ਸਟਾਈਲ ਸੀ ਬੋਲਣ ਦਾ, ਸੋਚਣ ਦਾ, ਗ੍ਰਹਿਣ ਕਰਨ ਦਾ। ਤੇ ਵਿਹੜੇ ਤੋਂ ਅੱਗੇ ਬਾਹਰ ਨੂੰ ਨਿਕਲਦੇ ਦਰਵਾਜ਼ੇ ਦੇ ਸੱਜੇ ਪਾਸੇ ਘਰ ਦੇ ਕਾਮੇ ਲਈ ਵੱਖਰਾ ਕਮਰਾ।

ਗਾਰਗੀ ਦੀ ਤੋਰੀ-ਵੱਖਰਤਾ ਵੀ ਕਮਾਲ ਦੀ ਸੀ। ਜਦ ਉਹ ਤੁਰਦਾ ਤਾਂ ਜ਼ਮੀਨ 'ਤੇ ਪੂਰੇ ਪੈਰ ਦੀ ਥਾਂ ਪੰਜੇ 'ਤੇ ਜ਼ੋਰ ਵਧੇਰੇ ਪਾਉਂਦਾ, ਅੱਡੀਆਂ ਉੱਪਰ ਚੁੱਕ ਕਦਮ ਪੁੱਟਦਾ, ਤੁਰਦਿਆਂ ਬਾਹਾਂ ਖਿਲਾਰ ਕੇ ਅਗਾਂਹ ਨੂੰ ਵਧਾਉਂਦਾ ਤੇ ਮੋਢਿਆਂ ਦੇ ਖੂੰਜੇ ਵਾਰ ਵਾਰ ਉੱਪਰ-ਥੱਲੇ ਕਰਦਾ ਰਹਿੰਦਾ। ਜਿਵੇਂ ਕੋਈ ਹੌਲੀ ਹੌਲੀ ਇਸ ਤਰ੍ਹਾਂ ਕਦਮ ਪੁੱਟਦਾ ਤਾਂ ਕਿ ਕਿਸੇ ਨੂੰ ਵਿੜਕ ਨਾ ਪੈ ਜਾਵੇ। ਇਸੇ ਤੋਰ ਨੂੰ ਲੈ ਕੇ ਹੀ ਟਾਈਮਜ਼ ਆਫ ਇੰਡੀਆ ਦੇ ਸੀਨੀਅਰ ਕੌਰੇਸਪੌਂਡੈਂਟ ਸਤਿੰਦਰਾ ਸਿੰਘ ਨੇ ਇਕ ਵਾਰੀ ਆਪਣੇ ਪੰਡਾਰਾ ਰੋਡ ਵਾਲੇ ਘਰ ਬੈਠਿਆਂ ਗਾਰਗੀ ਬਾਰੇ ਲਿਖਿਆ ਹੋਇਆ ਇਕ ਸਕੈੱਚ ਸੁਣਾਇਆ ਸੀ, "ਲਿੱਪੇ ਹੋਏ ਵੇਹੜੇ ਵਿਚ ਤੁਰਦਾ ਕੁੱਕੜ"!

ਗਾਰਗੀ ਇਕ ਐਸਾ ਸ਼ਖਸ ਸੀ ਜਿਸ ਨੂੰ ਜਦੋਂ ਵੀ ਕੋਈ ਆਸ ਹੋਣੀ ਕਿ ਫਲਾਣੀ ਥਾਂਹ ਤੋਂ ਇੰਨੇ ਪੈਸੇ ਆਉਣੇ ਹਨ ਤਾਂ ਉਹ ਉਸ ਦੀ ਲਿਸਟ ਪਹਿਲਾਂ ਹੀ ਬਣਾ ਕੇ ਰੱਖਦਾ ਕਿ ਇਹ ਖਰਚ ਕਿੱਥੇ ਕਰਨੇ ਹਨ। ਕਦੇ ਉਹ ਨੋਟਾਂ ਨਾਲ ਲੱਦਿਆ ਹੁੰਦਾ ਤੇ ਕਦੇ ਮੁਫਲਿਸੀ ਦੀ ਹਾਲਤ ਵਿਚ ਜੇਹਬੇ ਖੋਟੀ ਚੁਆਨੀ ਵੀ ਨਾ ਹੁੰਦੀ।

ਗਾਰਗੀ ਦੀ ਦਲੇਰੀ ਤੇ ਫਕੀਰੀ ਵੀ ਇਕ ਮਿਸਾਲ ਸੀ। ਜਦੋਂ ਉਸ ਨੇ ਆਪਣੇ ਪੁੱਤਰ ਮੰਨੂੰ ਨੂੰ ਉਚੇਰੀ ਪੜ੍ਹਾਈ ਲਈ ਦਾਖਲ ਕਰਾਉਣਾ ਸੀ ਤਾਂ ਉਦੋਂ ਮੁਫਲਿਸੀ ਦਾ ਮਾਹੌਲ ਸੀ। ਪੈਸੇ ਹੈਨ ਨਹੀਂ ਸਨ । ਪੁੱਤਰ ਦੇ ਭਵਿਖ ਦਾ ਸੁਆਲ ਸੀ। ਅਖੀਰ ਉਸ ਨੇ ਆਪਣਾ ਫ੍ਰਿਜ ਵੇਚ ਦਿੱਤਾ ਤੇ ਉਨ੍ਹਾਂ ਪੈਸਿਆਂ ਨਾਲ ਮੁੰਡਾ ਦਾਖਲ ਕਰਾ ਫਖਰ ਮਹਿਸੂਸ ਕਰਦਿਆਂ ਕਹਿੰਦਾ, "ਜੇ ਜੱਟ ਆਪਣਾ ਮੁੰਡਾ ਪੜ੍ਹਾਉਣ ਲਈ ਜ਼ਮੀਨ ਵੇਚ ਸਕਦਾ ਤਾਂ ਕੀ ਬਾਣੀਆਂ ਆਪਣਾ ਫ੍ਰਿਜ ਨਹੀਂ ਵੇਚ ਸਕਦਾ ?"

ਵੈਸੇ ਤਾਂ ਗਾਰਗੀ ਆਪਣੇ ਦੋਸਤਾਂ ਤੋਂ ਉਧਾਰ ਮੰਗਣ ਵਿਚ ਰਤਾ ਵੀ ਸੰਗ ਨਹੀਂ ਸੀ ਕਰਦਾ ਤੇ ਪੂਰੀ ਇਮਾਨਦਾਰੀ ਨਾਲ ਉਨ੍ਹਾਂ ਪੈਸਿਆਂ ਨੂੰ ਮੋੜਦਾ ਵੀ ਸੀ। ਇਸ ਉਧਾਰੀ ਵਿਚ ਹੋਰ ਲੋਕਾਂ ਤੋਂ ਬਿਨਾਂ ਖੁਸ਼ਵੰਤ ਸਿੰਘ ਦਾ ਨਾਂਅ ਗਾਰਗੀ ਇਸ ਲਿਸਟ ਵਿਚ ਸਭ ਤੋਂ ਉਪਰ ਲਿਖਦਾ ਸੀ। ਪਰ ਪਤਾ ਨਹੀਂ ਕਿਸ ਕਾਰਨ ਮੰਨੂੰ ਨੂੰ ਦਾਖਲ ਕਰਾਉਣ ਲਈ ਉਸ ਉਧਾਰੀ ਕਿਉਂ ਨਾ ਲਈ? ਖੈਰ !


ਜਦੋਂ ਗਾਰਗੀ ਨੇ ਫਰਿੱਜ ਵੇਚਿਆ, ਉਦੋਂ ਤੀਕ ਅਮਰੀਕ ਗਿੱਲ ਗਾਰਗੀ ਕੋਲ ਰਹਿਣ ਲਗ ਪਿਆ ਸੀ। ਮੁਫਲਿਸੀ ਦਾ ਤਾਂ ਇਹ ਹਾਲ ਸੀ ਕਿ ਇਕ ਦਿਨ ਮੈਂ ਤੇ ਪ੍ਰੋ. ਸੁਤਿੰਦਰ ਨੂਰ ਉਸ ਪਾਸੇ ਗਏ ਹੋਏ ਸਾਂ। ਸੋਚਿਆ ਗਾਰਗੀ ਨੂੰ ਹੈਲੋ ਕਰਦੇ ਚਲੀਏ। ਅਸੀ ਪਹੁੰਚੇ ਗਾਰਗੀ ਤਾਂ ਘਰ ਨਹੀਂ ਸੀ। ਅਮਰੀਕ ਨੇ ਸਾਨੂੰ ਬਿਠਾਇਆ, ਪੱਖਾ ਚਲਾਇਆ। ਗਾਰਗੀ ਦੇ ਘਰੇਲੂ ਕਾਮੇ ਕਿਸ਼ੋਰੀ ਲਾਲ ਨੂੰ 'ਵਾਜ ਮਾਰੀ "ਕਿਸ਼ੋਰੀ ਲਾਲ...ਸਾਹਬ ਆਏਂ ਹੈਂ..ਬੜ੍ਹੀਆ ਸਾ ਪਾਨੀ ਲਾਓ !" ਮੇਰਾ ਹਾਸਾ ਨਿਕਲ ਗਿਆ। ਪਾਣੀ ਤਾਂ ਪਾਣੀ ਹੀ ਹੋਣਾ ਸੀ "ਬੜ੍ਹੀਆ ਸਾ" ਕੀ ਹੋਇਆ? ਪਰ ਮਗਰੋਂ ਅਹਿਸਾਸ ਹੋਇਆ ਕਿ ਗਰਮੀਆਂ ਦੇ ਦਿਨ...ਘਰ 'ਚ ਫ੍ਰਿਜ ਹੈ ਨਹੀਂ

... ਇਸ ਤਰ੍ਹਾਂ ਉਹ ਪਾਣੀ 'ਚ ਠੰਢਾਸ ਪਾ ਰਿਹਾ ਸੀ। ਉਸ ਦਿਨ ਅਮਰੀਕ ਵੀ ਜੇਬ੍ਹੋਂ ਤੰਗ ਸੀ। ਫਿਰ ਉਸ ਨੇ ਕਿਸ਼ੋਰੀ ਲਾਲ ਨੂੰ ਕਿਹਾ, "ਜ਼ਰਾ ਬੜ੍ਹੀਆ ਸੀ ਚਾਇ ਬਨਾਓ !" ਅਮਰੀਕ ਇਹ ਕਹਿ ਤਾਂ ਬੈਠਾ ਪਰ ਇੱਧਰ ਉਧਰ ਮੂੰਹ ਹੇਠਾਂ ਨੂੰ ਕਰ ਮੁਸਕ੍ਰਾਉਣ ਲਗ ਪਿਆ ਤੇ ਕਿਸ਼ੋਰੀ ਲਾਲ ਬੁੱਤ ਬਣ ਕੇ ਖੜ੍ਹਾ ਰਿਹਾ। ਮੈਨੂੰ ਅੰਦਾਜ਼ਾ ਹੋ ਗਿਆ ਤੇ ਮੈਂ ਕਿਸ਼ੋਰੀ ਲਾਲ ਨੂੰ ਬਾਹਰ ਬੁਲਾ ਕੇ ਕੁਝ ਪੈਸੇ ਦਿੱਤੇ ਕਿ ਉਹ ਦੁੱਧ-ਖੰਡ-ਪੱਤੀ ਲੈ ਆਵੇ। ਤਾਂ ਚਾਹ ਬਣੀ ਤੇ ਅਸੀਂ ਚਾਹ ਪੀਂਦਿਆਂ ਬਹੁਤ ਹੱਸੇ।

ਗਾਰਗੀ ਦੇ ਜੀਬ੍ਹੀ ਸੁਆਦ ਵੀ ਅਵੱਲੇ ਸਨ। ਉਹਨੂੰ ਮੁਰਗ-ਮੁਸੱਲਮ ਦੀ ਥਾਂ ਸ਼ੱਕਰ 'ਚ ਗਰਮ ਦੇਸੀ ਘਿਓ ਪਾ ਕੇ ਰੋਟੀ ਖਾਣ 'ਚ ਹੀ ਵੱਖਰਾ ਆਨੰਦ ਮਿਲਦਾ ਸੀ। ਇਕ ਵਾਰੀ ਉਸ ਦੱਸਿਆ ਕਿ ਲੱਸੀ ਦੀ ਥਾਂ ਉਹ ਕੌਫੀ ਪਸੰਦ ਕਰਦਾ। "ਕੌਫੀ ਇੰਟੀਲੈਕਚੁਅਲ ਡਰਿੰਕ ਹੈ !" ਇਕ ਵਾਰੀ ਕ੍ਰਿਸ਼ਨਜੀਤ ਨੇ ਲਿਖਿਆਂ ਵੀ ਸੀ ਕਿ ਗਾਰਗੀ ਦੇ ਘਰ ਚਾਹ ਜਾਂ ਕੌਫੀ ਵਾਲੀ ਕੇਤਲੀ ਹਮੇਸ਼ਾਂ ਉੱਬਲਦੀ ਰਹਿੰਦੀ ਹੈ। ਦੋਸਤਾਂ ਦੀ ਆਮਦ ਲਈ ਗਾਰਗੀ ਦੇ ਘਰ ਦੇ ਦਰਵਾਜ਼ੇ ਸਦਾ ਖੁੱਲ੍ਹੇ ਰਹਿੰਦੇ। ਚਾਹ/ਕੌਫੀ ਅਤੁੱਟ ਵਰਤਦੀ ਹੈ।

ਸ਼ਾਇਦ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਗਾਰਗੀ ਨੇ ਸਭ ਤੋਂ ਪਹਿਲਾਂ ਆਪਣੀ ਕਲਮ ਅੰਗਰੇਜ਼ੀ 'ਚ ਚਲਾਈ ਸੀ। ਤੇ ਜਦ ਉਸ ਨੇ ਰਾਬਿੰਦਰ ਨਾਥ ਟੈਗੋਰ ਨੂੰ ਆਪਣੀਆਂ ਲਿਖਤਾਂ ਦਿਖਾਈਆਂ ਤਾਂ ਠਾਕੁਰ ਨੇ ਗਾਰਗੀ ਨੂੰ ਪਹਿਲਾ ਸੁਆਲ ਇਹ ਕੀਤਾ ਸੀ ਸੀ ਕਿ "ਤੇਰੀ ਮਾਂ-ਬੋਲੀ ਕਿਹੜੀ ਹੈ?" ਜਦ ਗਾਰਗੀ ਨੇ ਕਿਹਾ ਪੰਜਾਬੀ ਤਾਂ ਠਾਕੁਰ ਰਾਬਿੰਦਰਨਾਥ ਟੈਗੋਰ ਨੇ ਗਾਰਗੀ ਨੂੰ ਸਲਾਹ ਦਿੱਤੀ ਕਿ "ਤੇਰੀ ਲਿਖਤ ਪੰਜਾਬੀ 'ਚ ਹੀ ਆਪਣਾ ਲੋਹਾ ਮੰਨਵਾਵੇਗੀ।"

ਠਾਕੁਰ ਦੇ ਕਹੇ ਨੂੰ ਰੱਬੀ ਹੁਕਮ ਮੰਨ ਗਾਰਗੀ ਨੇ ਪੰਜਾਬੀ 'ਚ ਲਿਖਣ ਵੱਲ ਮੋੜਾ ਤਾਂ ਪਾ ਲਿਆ। ਪਰ ਉਸ ਨੂੰ ਗੁਰਮੁਖੀ ਲਿਖਣੀ ਕਦੇ ਵੀ ਨਹੀਂ ਆਈ। ਉਹ ਆਪਣੇ ਹੱਥ ਨਾਲ ਜਿਹੜੀ ਗੁਰਮੁਖੀ ਲਿਖਦਾ ਸੀ ਉਹ ਲੰਡਿਆਂ ਵਰਗੀ ਹੁੰਦੀ ਸੀ। ਜਦੋਂ ਗਾਰਗੀ ਦੇ ਪਿਤਾ ਦੀ ਬਦਲੀ ਮੁਲਤਾਨ ਵੱਲ ਹੋ ਗਈ ਤਾਂ ਗਾਰਗੀ ਨੇ ਉਥੇ ਪਰਸ਼ੀਅਨ ਲਿਪੀ 'ਚ ਪੰਜਾਬੀ ਨੂੰ ਲਿਖਣਾ ਸ਼ੁਰੂ ਕੀਤਾ। ਗਾਰਗੀ ਭਾਵੇਂ ਖੁਦ ਤਾਂ ਬਠਿੰਡੇ ਦਾ ਠੇਠ ਬਾਣੀਆਂ ਕਹਾਉਣ 'ਚ ਫਖਰ ਮਹਿਸੂਸ ਕਰਦਾ ਸੀ ਪਰ ਉਸ ਨੂੰ ਗੁਰਮੁਖੀ ਲਿਖਣੀ ਨਾ ਆਉਣੀ ਉਸ ਦਾ ਇਕ ਵੱਡਾ ਡਰਾਅਬੈਕ ਸੀ। ਪਰ ਕਈ ਵੇਰ ਆਪਾਂ ਕਹਿੰਨੇ ਹਾਂ ਹਰ ਗੱਲ 'ਚ ਕੋਈ ਨਾ ਕੋਈ ਭਲਾ ਹੁੰਦਾ ਤੇ ਗਾਰਗੀ ਦੇ ਮਾਮਲੇ ਵਿਚ ਇਹ ਵੀ ਕਹਿ ਸਕਦਾਂ ਕਿ ਜੇ ਉਸ ਨੂੰ ਪੰਜਾਬੀ ਲਿਖਣ ਦਾ ਅਭਿਆਸ ਹੁੰਦਾ ਤਾਂ ਕ੍ਰਿਸ਼ਜੀਤ ਤੇ ਅਮਰੀਕ ਗਿੱਲ ਵਰਗੇ ਸ਼ਾਗਿਰਦ ਦੋਸਤਾਂ ਦਾ ਨਿੱਘ ਉਹ ਕਦੇ ਵੀ ਨਾ ਮਾਣ ਪਾਉਂਦਾ ਤੇ ਇਹ ਵੀ ਹੋ ਸਕਦਾ ਕਿ ਜਿੰਨੀ ਵਧੀਆ ਤੇ ਠੇਠ ਪੰਜਾਬੀ ਉਹ 'ਚ ਉਹ ਬੋਲ ਜਾਂ ਸੋਚ ਸਕਦਾ ਸੀ, ਉਸ ਦਾ ਉਹ ਦਿਮਾਗ ਤੇ ਵਕਤ ਕਲਮ ਦੀ ਸਿਆਹੀ ਤੰਦਰੁਸਤ ਕਰਨ 'ਚ ਹੀ ਜ਼ਾਇਆ ਹੋ ਜਾਂਦਾ।



ਉਸ ਨੇ ਦਿੱਲੀ ਆਉਣ ਮਗਰੋਂ ਪਹਿਲਾਂ ਕ੍ਰਿਸ਼ਨਜੀਤ ਤੇ ਫਿਰ ਅਮਰੀਕ ਗਿੱਲ ਨੂੰ ਆਪਣੇ ਘਰ ਰਹਿਣ ਦੀ ਪੇਸ਼ਕਸ਼ ਕਰ ਉਹਨਾਂ ਤੋਂ ਆਪਣੀ ਬੋਲੀ ਹੋਈ ਪੰਜਾਬੀ ਨੂੰ ਗੁਰਮੁਖੀ ਅੱਖਰਾਂ ਵਿਚ ਲਿਖਵਾਉਣ ਦੀ ਸਹੂਲਤ ਪ੍ਰਾਪਤ ਕੀਤੀ । ਕ੍ਰਿਸ਼ਨਜੀਤ ਜਦ ਗਾਰਗੀ ਨਾਲ ਜੁੜ ਗਿਆ ਤੇ ਉਸੇ ਦੇ ਘਰ ਹੀ ਰਹਿਣ ਲਗ ਪਿਆ ਤਾਂ ਗਾਰਗੀ ਜਿੰਨੀ ਮਰਜ਼ੀ ਸਪੀਡ 'ਚ ਬੋਲਦਾ ਉਹ ਗਾਰਗੀ ਦੇ ਲਫਜ਼ਾਂ ਨੂੰ ਹੂ-ਬ-ਹੂ ਆਪਣੇ ਪੈੱਨ ਰਾਹੀਂ ਕਾਗਜ਼ ਤੇ ਅਟੇਰ ਲੈਂਦਾ। ਗਾਰਗੀ ਦੀ ਸੋਚ ਜਾਂ ਲਿਖਵਾਉਣ ਦਾ ਕੋਈ ਵੇਲਾ ਵੀ ਨਹੀਂ ਸੀ। ਕਦੇ ਉਹ ਕ੍ਰਿਸ਼ਨਜੀਤ ਨੂੰ ਅੱਧੀ ਰਾਤੇ ਉਠਾ ਲੈਂਦਾ ਤੇ ਕਦੇ ਰੋਟੀ ਖਾਂਦਿਆਂ ਹੀ ਉਸ ਨੂੰ ਕਹਿੰਦਾ ਆਪਣਾ ਪੈੱਨ ਤੇ ਕਾਗਜ਼ ਲਿਆ। ਗਾਰਗੀ ਰੋਟੀ ਖਾਂਦਾ ਰਹਿੰਦਾ ਤੇ ਨਾਲ ਨਾਲ ਡਿਕਟੇਟ ਕਰਦਾ ਰਹਿੰਦਾ।

ਕ੍ਰਿਸ਼ਨਜੀਤ ਦੀ ਗਾਰਗੀ ਨਾਲ ਸਾਂਝ ਬਣਨ 'ਤੇ ਗਾਰਗੀ ਨੂੰ ਬਹੁਤ ਸਹੂਲਤ ਹੋ ਗਈ ਤੇ ਉਹ ਲਗਾਤਾਰ ਗੁਰਮੁਖੀ ਵਿਚ ਲਿਖਣ ਲਗ ਪਿਆ ਔਰ ਗਾਰਗੀ ਨੇ ਉਦੋਂ ਹੀ ਸਭ ਤੋਂ ਵਧ ਲਿਖਿਆ ਕਿਉਂਕਿ ਕ੍ਰਿਸ਼ਨਜੀਤ ਗਾਰਗੀ ਦਾ ਸਿਰਫ ਸਟੈਨੋ ਨਹੀਂ ਸੀ ਬਲਕਿ ਇਸ ਸੱਚਾ ਤੇ ਵਧੀਆ ਦੋਸਤ ਵੀ ਸੀ। ਜਦੋਂ ਕ੍ਰਿਸ਼ਨਜੀਤ ਕੈਨੇਡਾ ਚਲਾ ਗਿਆ ਤਾਂ ਕੁਝ ਸਮੇਂ ਉਪ੍ਰੰਤ ਕ੍ਰਿਸ਼ਨਜੀਤ ਦੀ ਥਾਂ ਅਮਰੀਕ ਗਿੱਲ ਨੇ ਲੈ ਲਈ। ਅਮਰੀਕ ਉਦੋਂ ਨੈਸ਼ਨਲ ਸਕੂਲ ਆਫ ਡਰਾਮਾ ਵਿਚ ਪੜ੍ਹਨ ਦਿੱਲੀ ਆਇਆ ਸੀ। ਹੋਸਟਲ 'ਚ ਰਹਿਣ ਦੀ ਬਜਾਏ ਅਮਰੀਕ ਨੂੰ ਗਾਰਗੀ ਦਾ ਘਰ ਵਧੇਰੇ ਮੁਨਾਸਿਬ ਸੀ। ਗਾਰਗੀ ਥੀਏਟਰ ਦਾ ਵਿਦਵਾਨ ਸੀ ਤੇ ਅਮਰੀਕ ਵਿਦਿਆਰਥੀ । ਅਮਰੀਕ ਨੂੰ ਗਾਰਗੀ ਕੋਲੋਂ ਬਹੁਤ ਕੁਝ ਸਿੱਖਣ ਨੂੰ ਮਿਲ ਸਕਦਾ ਸੀ। ਗਾਰਗੀ ਨੂੰ ਇਸ ਤਰ੍ਹਾਂ ਦੋ ਫਾਇਦੇ ਸਨ। ਉਸ ਨੂੰ ਇਕ ਤਾਂ ਗੁਰਮੁਖੀ ਲਿਖਣ ਲਈ ਸਹਾਇਕ ਮਿਲ ਗਿਆ ਤੇ ਦੂਜਾ ਉਸ ਦੀ ਇਕੱਲਤਾ 'ਚ ਗੱਲਾਂ ਕਰਨ ਲਈ ਸਾਥ ਵੀ । ਸੋ ਦੋਹਾਂ ਦੀ ਗਿੱਟ-ਮਿਟ ਹੋ ਗਈ।

ਮੈਂ ਪਹਿਲੋਂ ਤਾਰਾ ਸਿੰਘ ਦੇ ਨਾਲ ਹੀ ਗਾਰਗੀ ਨੂੰ ਮਿਲਣ ਜਾਂਦਾ ਹੁੰਦਾ ਸੀ। ਫਿਰ ਮੈਂ 1971 ਵਿਚ ਚਾਰ ਸਾਲ ਲਈ ਦਿੱਲੀ ਛੱਡ ਜਲੰਧਰ, ਚੰਡੀਗੜ੍ਹ ਤੇ ਮਗਰੋਂ ਬੰਬਈ ਰਹਿਣ ਮਗਰੋਂ ਮੈਂ ਦਿੱਲੀ ਵਾਪਸ ਆਇਆ ਤਾਂ ਆਪਣੀ ਪਬਲੀਕੇਸ਼ਨ ਸ਼ੁਰੂ ਕਰ ਲਈ। ਜਲਦੀ ਹੀ ਮੇਰੇ ਪੁਰਾਣੇ ਰਿਸ਼ਤੇ ਰੀਵਾਈਵ ਹੋਣ ਲੱਗੇ ਤੇ ਹੋਰ ਬਹੁਤ ਸਾਰੇ ਨਵੇਂ ਦੋਸਤ ਵੀ ਬਣ ਗਏ ਜਿਨ੍ਹਾਂ ਵਿਚ ਪੰਜਾਬੀ ਤੋਂ ਬਿਨਾਂ ਅੰਗਰੇਜ਼ੀ ਤੇ ਹਿੰਦੀ ਦੇ ਲੇਖਕ, ਪੱਤਰਕਾਰ, ਰੰਗਾਂ ਦੇ ਧਨੀ-ਕਲਾਕਾਰ, ਬੁੱਤਘਾੜੇ, ਸਟੇਜੀ ਤੇ ਸੰਗੀਤ ਦੀ ਦੁਨੀਆਂ ਦੇ ਵਾਸਿੰਦੇ ਸ਼ਾਮਲ ਸਨ। ਇਸ ਲਿਸਟ ਵਿਚ ਪੱਤਰਕਾਰ ਤੇ ਸ਼ਾਇਰ ਸੁਰੇਸ਼ ਕੋਹਲੀ ਵੀ ਸ਼ਾਮਿਲ ਸੀ ਜਿਸ ਨੇ ਇਕ ਵਾਰੀ ਮੇਰੇ ਨਾਲ ਜ਼ਿਕਰ ਵੀ ਕੀਤਾ ਕਿ ਗਾਰਗੀ ਦੇ ਪੁੱਤਰ ਮੰਨੂੰ ਨੂੰ ਦੇਵ-ਆਨੰਦ ਨਾਲ ਮਿਲਾਉਣ ਵਿਚ ਸੁਰੇਸ਼ ਦਾ ਖਾਸਾ ਹੱਥ ਸੀ। ਪਰ ਇਹ ਸੱਚ ਹੈ ਜਾਂ ਨਹੀਂ, ਇਸ ਬਾਰੇ ਮੈਂ ਯਕੀਨ ਨਾਲ ਨਹੀਂ ਕਹਿ ਸਕਦਾ ਪਰ ਦੇਵ ਆਨੰਦ ਦੀ ਇਕ ਯੰਗ ਹੀਰੋ ਦੀ ਤਲਾਸ਼ ਬਾਰੇ ਸੁਰੇਸ਼ ਮੈਨੂੰ ਪਹਿਲਾਂ ਵੀ ਕਈ ਵਾਰੀ ਕਹਿ ਚੁੱਕਾ ਸੀ ਤੇ ਦੇਵ ਆਨੰਦ ਸੁਰੇਸ਼ ਦੇ ਕਾਫੀ ਗੂਹੜੇ ਮਿੱਤਰ ਵੀ ਸਨ। ਸੋ ਗਾਰਗੀ ਨਾਲ ਵੀ ਮੇਰਾ ਰਿਸ਼ਤਾ ਥੋਹੜਾ ਬਹੁਤ ਹੀ ਰੀਵਾਈਵ ਹੋਇਆ, ਪਰ ਜਦੋਂ ਉਸ ਨੇ "ਨੇਕਡ ਟਰਾਈਐਂਗਲਸ" ਨਾਂਅ ਦਾ ਅੰਗਰੇਜ਼ੀ 'ਚ ਨਾਵਲ ਲਿਖਿਆ, ਉਦੋਂ ਸਾਡੇ ਰਿਸ਼ਤੇ ਕੁਝ ਵਧੇਰੇ ਹੀ ਨੇੜਲੇ ਹੁੰਦੇ ਗਏ। ਮੇਰੀ ਇੱਛਾ ਸੀ ਕਿ ਇਹ ਨਾਵਲ ਮੈਂ ਪ੍ਰਕਾਸ਼ਿਤ ਕਰਾਂ ਪਰ ਗਲਪ-ਪ੍ਰਕਾਸ਼ਨ ਮੇਰੀ ਲਾਈਨ ਨਹੀਂ ਸੀ। ਇਸ ਕਰਕੇ ਇਹ ਨਾਵਲ ਮੇਰੇ ਦੋਸਤ ਨਰਿੰਦਰ ਕੁਮਾਰ (ਵਿਕਾਸ ਪਬਲਿਸ਼ਿੰਗ ਹਾਊਸ) ਨੇ ਪ੍ਰਕਾਸ਼ਿਤ ਕੀਤਾ। ਨਰਿੰਦਰ ਦੀ ਖੂਬੀ ਸੀ ਕਿ ਉਹ ਮੁਨਾਸਿਬ ਕੰਟਰੋਵਰਸੀ ਕਰੀਏਟ ਕਰ ਲੈਂਦਾ ਸੀ ਜਿਸ ਨਾਲ ਪਾਠਕ ਦੀ ਦਿਲਚਸਪੀ ਪੜ੍ਹਨ ਵਾਸਤੇ ਵੱਧਦੀ ਹੈ ਪਰ ਮੇਰੀ ਲਾਈਨ ਵਿਚ ਸਿਰਫ ਗੰਭੀਰ ਬਹਿਸ ਹੋ ਸਕਦੀ ਸੀ ਤੇ ਹੋਈਆਂ ਵੀ।

ਮੇਰੀ ਇਹ ਧਾਰਣਾ ਵੀ ਰਹੀ ਹੈ ਕਿ ਕੋਈ ਵੀ ਪੁਸਤਕ ਹਮੇਸ਼ਾਂ ਉਸ ਪ੍ਰਕਾਸ਼ਨ-ਘਰ ਤੋਂ ਹੀ ਪ੍ਰਕਾਸ਼ਿਤ ਹੋਣੀ ਚਾਹੀਦੀ ਹੈ ਜਿਸ ਵਿਚ ਵਿਸ਼ਾ ਤੇ ਲਾਈਨ ਆਪਸ ਵਿਚ ਮੇਲ ਖਾਂਦੇ ਹੋਣ, ਵਰਨਾ ਕਿਤਾਬ ਕਿੱਲ ਹੋ ਜਾਂਦੀ ਹੈ ਤੇ ਪ੍ਰਕਾਸ਼ਕ ਤੇ ਲੇਖਕ ਦੋਵੇਂ ਘਾਟੇ ਵਿਚ ਰਹਿੰਦੇ ਹਨ।

ਉਂਜ ਗਾਰਗੀ ਨਾਲ ਅਕਸਰ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ। ਕਦੇ ਕਿਸੇ ਪਾਰਟੀ ਵਿਚ। ਕਦੇ ਕਿਸੇ ਸਾਹਿਤਿਕ ਇਕੱਠ ਵਿਚ। ਭਾਪਾ ਪ੍ਰੀਤਮ ਸਿੰਘ ਦੇ ਫਾਰਮ ਹਾਊਸ 'ਤੇ ਸੱਜਦੀ "ਧੁੱਪ ਦੀ ਮਹਿਫਲ" ਵਿਚ।

ਜਦੋਂ ਅਮਰੀਕ ਗਿੱਲ ਗਾਰਗੀ ਦੇ ਘਰ ਆ ਚੁੱਕਾ ਸੀ ਉਦੋਂ ਫਿਰ ਮੇਰਾ ਗਾਰਗੀ ਦੇ ਘਰ ਮੇਰਾ ਆਉਣਾ ਜਾਣਾ ਵਧੇਰੇ ਹੋ ਗਿਆ। ਚੰਡੀਗੜ੍ਹ ਤੋਂ "ਪੈਟਰੀਆਟ" ਅਖਬਾਰ ਦਾ ਬਿਊਰੋ ਚੀਫ ਸ਼ੌਕੀਨ ਸਿੰਘ ਜਦ ਦਿੱਲੀ ਆਉਂਦਾ ਤਾਂ ਸਾਡੀ ਚੌਂਕੜੀ ਖੂਬ ਜੰਮਦੀ। ਕਦੇ ਅਸੀਂ ਸ਼ੁਕੀਨ ਦੇ ਪੰਜਾਬ ਭਵਨ ਵਾਲੇ ਕਮਰੇ 'ਚ ਬੈਠ ਗੱਪਾਂ ਮਾਰਨੀਆਂ ਤੇ ਕਦੇ ਮੇਰੇ ਘਰ। ਕਦੇ ਕਦੇ ਅਸੀਂ ਅਮਰੀਕ ਨਾਲ ਗਾਰਗੀ ਦੇ ਘਰ ਇਕੱਠੇ ਹੋ ਜਾਦੇ। ਪ੍ਰੋਫੈਸਰ ਨੂਰ ਵੀ ਹਮੇਸ਼ਾਂ ਮੇਰੇ ਨਾਲ-ਨਾਲ ਹੀ ਹੁੰਦਾ।

ਗਾਰਗੀ ਦੇ ਮਨੁੱਖੀ ਦੇਹ ਛੱਡਣ ਤੋਂ ਕਰੀਬ ਦੋ ਕੁ ਸਾਲ ਪਹਿਲਾਂ ਦਿੱਲੀ ਦੀ ਪੰਜਾਬੀ ਸਾਹਿਤ ਸਭਾ ਨੇ ਗਾਰਗੀ ਨੂੰ ਫੈਲੋਸ਼ਿਪ ਦੇਣ ਦਾ ਫੈਸਲਾ ਕੀਤਾ ਤਾਂ ਇਸ ਰਸਮ ਨੂੰ ਨੇਪਰੇ ਚਾਹੜਣ ਲਈ ਦਿੱਲੀ ਤੋਂ ਭਾਪਾ ਪ੍ਰੀਤਮ ਸਿੰਘ ਤੇ ਕਹਾਣੀਕਾਰ ਗੁਲਜ਼ਾਰ ਸੰਧੂ ਬੰਬਈ ਗਏ। ਗੁਲਜ਼ਾਰ ਨੇ ਕਿਹਾ ਕਿ ਜੇ ਮੈਂ ਵੀ ਇਸ ਮੌਕੇ ਪਹੁੰਚ ਸਕਾਂ ਤਾਂ ਪਹੁੰਚਾਂ। ਬੰਬਈ ਦੇ ਵਰਸੋਵਾ ਇਲਾਕੇ ਵਿਚ ਛੇਵੀਂ ਮੰਜ਼ਿਲ 'ਤੇ ਗਾਰਗੀ ਦੇ ਪੁੱਤਰ ਮੰਨੂੰ ਗਾਰਗੀ ਦਾ ਘਰ। ਫਿਲਮਸਾਜ਼ ਤੇ ਸ਼ਾਇਰ ਗੁਲਜ਼ਾਰ ਨੇ ਇਹ ਰਸਮ ਅਦਾ ਕੀਤੀ। ਇਕ ਜ਼ਮਾਨੇ 'ਚ "ਚੇਤਨਾ" ਮੈਗਜ਼ੀਨ ਦੀ ਆਮਦ ਨਾਲ ਤੇ ਮਗਰੋਂ ਸਮਾਰਟ ਕਾਰਡ ਤੇ ਹੋਰ ਕਾਢਾਂ 'ਚ ਪਹਿਲ ਕਰਨ ਵਾਲਾ ਮੇਰਾ ਦੋਸਤ ਐੱਸ ਸਵਰਨ, ਗਾਰਗੀ ਦੇ ਵਿਦਿਆਰਥੀ ਅਮਰੀਕ ਗਿੱਲ (ਫਿਲਮ-ਲੇਖਕ ਤੇ ਐਕਟਰ), ਗਿਰਜਾ ਸ਼ੰਕਰ (ਮਹਾਭਾਰਤ ਦਾ ਧ੍ਰਿਤਰਾਸ਼ਟਰ) ਤੋਂ ਬਿਨਾਂ ਗਾਰਗੀ ਦੇ ਹੋਰ ਵੀ ਕੁਝ ਵਿਦਿਆਰਥੀ ਹਾਜ਼ਿਰ ਸਨ। ਕੁਝ ਦੋਸਤ ਵੀ ਸਨ ਜਿਨ੍ਹਾਂ 'ਚ ਬਲਜੀਤ ਵੀ ਸ਼ਾਮਿਲ ਸੀ। ਉਦੋਂ ਗਾਰਗੀ ਤੋਂ ਬੋਲ ਨਹੀਂ ਸੀ ਹੋ ਰਿਹਾ। ਪਰ ਉਹ ਸਾਨੂੰ ਸਾਰੇ ਦੋਸਤਾਂ ਤੇ ਆਪਣੇ ਵਿਦਿਆਰਥੀਆਂ ਨੂੰ ਦੇਖ ਉਹ ਅੰਤਾਂ ਦਾ ਖੁਸ਼ ਸੀ। ਮੈਂ ਮਹਿਸੂਸ ਕੀਤਾ ਜਿਵੇਂ ਉਹ ਮੇਰੇ ਨਾਲ ਦਿੱਲੀ 'ਚ ਬਿਤਾਏ ਸਮਿਆਂ ਨੂੰ ਜੀਬ੍ਹ ਰਾਹੀਂ ਬੋਲਣ ਦੀ ਥਾਂ ਅੱਖਾਂ 'ਚੋਂ ਗੱਲਾਂ ਕਰਦਿਆਂ ਉਨ੍ਹਾਂ ਸਮਿਆਂ 'ਚ ਪਹੁੰਚ ਖੁਸ਼ ਹੋ ਰਿਹਾ ਹੋਵੇ।

ਗਾਰਗੀ ਨਾਲ ਗਾਰਗੀ ਦੇ ਜੀਵਤ ਸਰੀਰ ਹੁੰਦਿਆਂ ਇਹ ਮੇਰੀ ਆਖਰੀ ਮੁਲਾਕਤ ਸੀ।

ਚਾਰ ਦਸੰਬਰ 1916 ਨੂੰ ਬਠਿੰਡਾ ਜ਼ਿਲ੍ਹੇ 'ਚ ਪੈਂਦੇ ਇਕ ਕਸਬੇ ਦੀ ਨੀਤਾ ਮੱਲ ਗਲੀ 'ਚ ਵੱਸਦੇ ਖੇਤੀ ਬਾੜੀ ਮਹਿਕਮੇ 'ਚ ਹੈੱਡ ਕਲਰਕ ਸ਼ਿਵ ਚੰਦ ਦੇ ਘਰ 'ਚ ਜਨਮੇਂ ਗਾਰਗੀ ਨੂੰ ਕਿੱਥੇ ਪਤਾ ਹੋਣਾ ਕਿ ਉਸ ਦੇ ਜਨਮ-ਸਥਾਨ ਦੇ ਸਾਹਮਣੇ ਹੀ ਕਰੀਬ ਅਠ੍ਹਾਰਾਂ ਸਦੀਆਂ ਪੁਰਾਣਾ ਉਹ ਗੋਬਿੰਦ ਕਿਲ੍ਹਾ ਹੈ ਜਿਥੇ ਕਦੇ ਰਜ਼ੀਆ ਸੁਲਤਾਨ ਵਰਗੀ ਹਾਕਮ ਨੂੰ ਕੈਦ 'ਚ ਰੱਖਿਆ ਗਿਆ ਸੀ?

ਗਾਰਗੀ ਨਾਲ ਮੇਰੀ ਪਹਿਲੀ ਮੁਲਾਕਾਤ ਵੀ ਇਕ ਦਿਲਚਸਪ ਵਾਕਿਆ ਹੋ ਗੁਜ਼ਰੀ। ਮੈਂ ਪਿੰਡੋਂ ਦਿੱਲੀ ਪਹੁੰਚ ਗਿਆਨੀ ਜ਼ੈਲ ਸਿੰਘ ਦੀ ਮਾਇਕ ਸਰਪ੍ਰਸਤੀ ਨਾਲ ਚਲਦੇ ਅਖਬਾਰ "ਰੋਜ਼ਾਨਾ ਖਾਲਸਾ ਸੇਵਕ" ਵਿਚ ਤਾਰਾ ਸਿੰਘ ਦੀ ਸੰਪਾਦਕੀ ਹੇਠ ਸਹਾਇਕ ਦੀ ਨੌਕਰੀ ਸ਼ੁਰੂ ਕੀਤੀ ਹੀ ਸੀ। ਉਨ੍ਹਾਂ ਦਿਨਾਂ ਵਿਚ ਪੱਤਰਕਾਰਾਂ ਦੀ ਬਹੁਤ ਇੱਜ਼ਤ ਹੁੰਦੀ ਸੀ। ਪੱਤਰਕਾਰ ਨੂੰ ਪੱਕੀ ਸਿਆਹੀ ਨਾਲ ਸੱਚ ਲਿਖਣ ਵਾਲਾ ਮੰਨਿਆਂ ਜਾਂਦਾ ਸੀ। ਵਿਦੇਸ਼ੀ ਸਿਫਾਰਤਖਾਨੇ ਆਪੋ-ਆਪਣੇ ਦੇਸ਼ਾਂ ਦੇ ਸਭਿਆਚਾਰਕ ਤੇ ਆਰਥਿਕ ਤਰਕੀਆਂ ਤੋਂ ਜਾਣੂੰ ਕਰਾਉਣ ਲਈ ਅਖਬਾਰ ਦੇ ਪੱਤਰਕਾਰਾਂ ਨੂੰ ਚਾਹ-ਦਾਰੂ ਪਾਰਟੀਆਂ ਵਿਚ ਬੁਲਾਉਂਦੇ ਹੀ ਰਹਿੰਦੇ ਸਨ। "ਖਾਲਸਾ ਸੇਵਕ" ਵਿਚ ਵੀ ਕੋਈ ਨਾ ਕੋਈ ਸੱਦਾ-ਪੱਤਰ ਆਇਆ ਹੀ ਰਹਿੰਦਾ ਕਿਉਂਕਿ ਦਿੱਲੀ ਵਿਚੋਂ ਪੰਜਾਬੀ 'ਚ ਪ੍ਰਕਾਸ਼ਿਤ ਹੋਣ ਵਾਲਾ ਇਹ ਇਕੋ-ਇਕ ਅਖਬਾਰ ਸੀ। ਤਾਰਾ ਸਿੰਘ ਆਪ ਵੀ ਇਹੋ ਜਿਹੀਆਂ ਪਾਰਟੀਆਂ 'ਚ ਜਾਂਦਾ, ਪਰ ਕਦੇ ਕਦੇ ਮੈਨੂੰ ਵੀ ਨਾਲ ਲੈ ਜਾਂਦਾ ਤੇ ਕਦੇ ਕਦੇ ਇਕੱਲਾ ਵੀ ਭੇਜ ਦਿੰਦਾ। ਉਸ ਦਿਨ ਅਸੀਂ ਦੋਵੇਂ ਹੀ ਇਸੇ ਤਰ੍ਹਾਂ ਦੀ ਇਕ ਪਾਰਟੀ 'ਤੋਂ ਮੁੜੇ ਸਾਂ। ਦੀਵਾਲੀ ਦਾ ਦਿਨ ਸੀ। ਤਾਰਾ ਸਿੰਘ ਮੈਨੂੰ ਕਰੋਲ ਬਾਗ ਵਿਚਲੇ ਹਰਧਿਆਨ ਸਿੰਘ ਰੋਡ ਤੇ ਆਪਣੇ ਘਰ ਲੈ ਗਿਆ। ਉਦੋਂ ਉਹ ਇਕੋ ਕਮਰੇ ਦੇ ਘਰ ਵਿਚ ਰਹਿੰਦਾ ਸੀ। ਵਿਚੇ ਸਟੋਵ 'ਤੇ ਰੋਟੀ ਪੱਕਦੀ ਸੀ। ਅਸੀਂ ਤਾਰਾ ਸਿੰਘ ਦੇ ਮੰਜੇ 'ਤੇ ਬੈਠ ਗਏ। ਰੋਟੀ ਪੱਕਦੀ ਸੀ। ਉਤੋਂ ਬਲਵੰਤ ਗਾਰਗੀ ਕੋਟ-ਸ਼ੋਟ ਪਾ ਕੇ ਆ ਗਿਆ। ਗਾਰਗੀ ਤਾਰਾ ਸਿੰਘ ਦਾ ਬਹੁਤ ਯਾਰ ਸੀ। ਉਸ ਨੇ ਕੋਈ ਅਮਰੀਕਨ ਮਿਸਾਲ ਦਿੱਤੀ ਜਿਸ ਵਿਚ ਇਕ ਥਾਂ ਦਾ ਜ਼ਿਕਰ ਕਰਦਿਆਂ ਕਹਿੰਦਾ ਕਿ ਉਥੇ ਇਕ ਚੁੰਬਕੀ ਸ਼ਕਤੀ ਰਹਿੰਦੀ ਸੀ, ਤੇ ਜੋ ਵੀ ਉਸ ਇਲਾਕੇ ਵਿਚ ਮਾਨਵ ਜਾਂਦਾ ਉਹ ਉਸ ਸ਼ਕਤੀ ਵਲ ਖਿੱਚਿਆ ਆਉਂਦਾ। ਤੇ ਤਾਰਾ ਸਿਆਂ ਤੂੰ ਵੀ ਉਸ ਚੁੰਬਕੀ ਸ਼ਕਤੀ ਤੋਂ ਘੱਟ ਨਹੀਂ। ਗਾਰਗੀ ਇਸ ਪਾਸੇ ਕਿਧਰੇ ਵੀ ਆਇਆ ਹੋਵੇ ਤੇਰੀ ਚੁੰਬਕ ਮੈਨੂੰ ਤੇਰੇ ਕੋਲ ਖਿੱਚ ਹੀ ਲਿਆਉਂਦੀ ਹੈ।

ਗਾਰਗੀ ਵੀ ਉਸੇ ਮੰਜੇ ਦੀ ਪੁਆਂਦ ਵੱਲ ਬਹਿ ਗਿਆ। ਸਭ ਨੇ ਰੋਟੀ ਖਾਧੀ। ਜਦੋਂ ਗਾਰਗੀ ਤੁਰਨ ਲੱਗਾ ਤਾਂ ਤਾਰਾ ਸਿੰਘ ਮੈਨੂੰ ਕਹਿੰਦਾ ਕਿ ਗਾਰਗੀ ਕੋਲ ਟੈਕਸੀ ਹੈ ਤੇ ਤੂੰ ਉਸੇ ਪਾਸੇ ਜਾਣਾ ਇਹ ਤੈਨੂੰ ਰਾਹ ਵਿਚ ਛੱਡ ਦੇਵੇਗਾ। ਗਾਰਗੀ ਨੇ ਖੁਸ਼ੀ ਖੁਸ਼ੀ ਮੈਨੂੰ ਇਹ ਸੋਚਦਿਆਂ ਨਾਲ ਬਿਠਾ ਲਿਆ ਕਿ ਤਾਰਾ ਸਿੰਘ ਦਾ ਦੋਸਤ ਹੈ, ਪਤਾ ਨਹੀਂ ਕਿਨਾ ਵੱਡਾ ਲੇਖਕ ਹੋਵੇਗਾ ? ਰਾਹ ਵਿਚ ਗੱਲਬਾਤ ਕਰਦਿਆਂ ਮੈਨੂੰ ਗਾਰਗੀ ਪੁਛਦਾ ਕਿ ਮੈਂ ਵੀ ਲੇਖਕ ਹਾਂ ?.. ਪਰ ਮੇਰੀ ਅਭੋਲਤਾ ਦੀ ਇੰਤਹਾ ਇਹ ਕਿ ਮੇਰੇ ਮੂੰਹੋਂ ਨਿਕਲ ਗਿਆ ਕਿ ਹਾਂ ਜੀ ਮੇਰੀ ਇਕ ਕਵਿਤਾ "ਖਾਲਸਾ ਸੇਵਕ" ਵਿਚ ਛਪੀ ਹੈ।...ਗਾਰਗੀ ਮੇਰੇ ਮੂੰਹ ਵੱਲ ਦੇਖੇ ਜਿਵੇਂ ਇਹ ਸੋਚ ਰਿਹਾ ਹੋਵੇ ਕਿ ਇਹਨੂੰ ਟੈਕਸੀ 'ਚੋਂ ਬਾਹਰ ਕਦੋਂ ਸੁੱਟਾਂ ?...ਪਰ ਇਹ ਗੱਲ ਗਾਰਗੀ ਨੇ ਚੰਗੀ ਦੋਸਤੀ ਹੋਣ ਮਗਰੋਂ ਮੈਨੂੰ ਬਹੁਤ ਬਾਅਦ ਵਿਚ ਦੱਸੀ ਕਿ ਉਸ ਦਿਨ ਵਾਕਈ ਉਸ ਮੈਨੂੰ ਬਾਹਰ ਸੁੱਟ ਦੇਣਾ ਸੀ ਪਰ ਉਹ ਮੇਰੀ ਅਭੋਲਤਾ ਤੇ ਸੱਚਾਈ ਦਾ ਕਇਲ ਹੋ ਗਿਆ ਤੇ ਮੇਰੇ ਨਾਲ ਦੋਸਤੀ ਕਰ ਲਈ, ਜੋ ਉਸ ਦੀ ਮੌਤ ਤੀਕ ਨਾਲ ਚੱਲੀ। ਬਾਈ ਅਪਰੈਲ, 2003 ਨੂੰ ਬੰਬਈ ਤੋਂ ਅਮਰੀਕ ਗਿੱਲ ਦਾ ਫੋਨ ਆਇਆ। ਗਾਰਗੀ ਨਹੀਂ ਰਹੇ। ਮ੍ਰਿਤਿਕ ਸਰੀਰ ਦਿੱਲੀ ਲਿਆ ਰਹੇ ਹਾਂ। ਦੋਸਤਾਂ ਨੂੰ ਇਤਲਾਹ ਦੇ ਦੇਹ। ਲੋਧੀ ਇਸਟੇਟ 'ਚ ਬਣੇ ਕਰੈਟੋਰੀਅਮ ਵਿਖੇ ਅੰਤਮ ਸੰਸਕਾਰ ਹੋਣਾ ਹੈ। ਜਿੱਥੇ ਜਿੱਥੇ ਮੈਂ ਦੱਸ ਸਕਦਾ ਸੀ, ਦੱਸਿਆ। ਦੁਪਹਿਰ ਬਾਅਦ ਮੈਂ ਆਪਣੀ ਪਤਨੀ ਜਸਬੀਰ ਅਟਵਾਲ ਤੇ ਪ੍ਰੋ ਸੁਤੀਂਦਿਰ ਸਿੰਘ ਨੂਰ ਨੂੰ ਲੈ ਕੇ ਕਰੈਟੋਰੀਅਮ ਪਹੁੰਚ ਗਿਆ। ਗਾਰਗੀ ਦਾ ਸਰੀਰ ਪਹੁੰਚ ਚੁਕਾ ਸੀ। ਅੰਦਰ ਪਰਦੇ ਵਿਚ ਅੰਤਮ ਇਸ਼ਨਾਨ ਕਰਵਾਉਣ ਦੀ ਤਿਆਰੀ ਸੀ । ਪਹੁੰਚਦਿਆਂ ਹੀ ਮੇਰੀ ਸਭ ਤੋਂ ਪਹਿਲੀ ਨਜ਼ਰ ਉਥੇ ਉਦਾਸ ਤੇ ਚੁੱਪ ਬੈਠੇ ਗਾਰਗੀ ਦੇ ਵਿਦਿਆਰਥੀ ਅਨੁਪਮ ਖੇਰ 'ਤੇ ਪਈ ਜੋ ਗਾਰਗੀ ਦੇ ਸਰੀਰ ਨਾਲ ਹੀ ਬੰਬਈ ਤੋਂ ਆਇਆ ਸੀ । ਅੰਦਰ ਸਰੀਰ ਕੋਲ ਮੰਨੂੰ, ਅਮਰੀਕ ਗਿੱਲ ਤੇ ਸ਼ਾਇਦ ਇਕ ਦੋ ਲੋਕ ਹੋਰ ਖੜ੍ਹੇ ਸਨ। ਗਾਰਗੀ ਦੀ ਬੇਟੀ ਜੱਨਤ ਵੀ ਸੀ ਕਿ ਨਹੀਂ ਹੁਣ ਚੇਤਾ ਨਹੀ। ਪਰ ਅਮਰੀਕਾ ਤੋਂ ਬੰਬਈ ਉਹ ਆਈ ਹੋਈ ਸੀ। ਸ਼ਰੀਰ ਨੂੰ ਅੰਤਮ ਇਸ਼ਨਾਨ ਕਰਾਇਆ ਗਿਆ। ਗਾਰਗੀ ਫਿਰ ਲਾੜਾ ਬਣ ਗਿਆ। ਕੁਝ ਹੀ ਪਲਾਂ ਵਿਚ ਲੋਕਾਂ ਦੀ ਭੀੜ ਉਮੜਨੀ ਸ਼ੁਰੂ ਹੋ ਗਈ। ਲੇਖਕ, ਪੱਤਰਕਾਰ, ਕਲਾਕਰ, ਦੋਸਤ। ਪੰਜਾਬੀ, ਹਿੰਦੀ, ਅੰਗਰੇਜ਼ੀ ਉਰਦੂ। ਸਭ ਭਾਸ਼ਾਵਾਂ ਦੇ। ਗਾਰਗੀ ਦੇ ਸੀਰੀਅਲ "ਸਾਂਝਾ ਚੁੱਲ੍ਹਾ" ਵਾਂਗ ਅੱਜ ਸਭ ਨੇ ਸਾਂਝੇ ਦੋਸਤ ਨੂੰ ਆਖਰੀ ਵਿਦਾ ਦੇਣੀ ਸੀ। ਆਖਰੀ ਅਲਵਿਦਾ ਕਹਿਣਾ ਸੀ। ਕੁਝ ਹੀ ਪਲਾਂ 'ਚ ਗਾਰਗੀ ਅੱਗ ਦੀਆਂ ਲਪਟਾਂ ਵਿਚ ਸਾਡੇ ਤੋਂ ਵਿਦਾ ਹੋ ਗਿਆ। ਪਤਾ ਨਹੀ ਉਹ ਕਿਹੜੀ ਦੁਨੀਆਂ 'ਚ ਤੁਰ ਗਿਆ, ਪਰ ਤੁਰ ਗਿਆ। ਅਸੀਂ ਅਲਵਿਦਾ ਕਹਿ ਉਸ ਦੀ ਅੰਤਮ ਇੱਛਾ ਪੂਰੀ ਕਰਨ ਵਿਚ ਰੁੱਝ ਗਏ। ਬੰਬਈ ਤੋਂ ਬਲਜੀਤ ਨੇ ਉਸੇ ਦਿਨ ਦੱਸਿਆ ਸੀ ਕਿ ਜਦ ਗਾਰਗੀ ਦੇ ਸਵਰਗਵਾਸ ਦੀ ਖਬਰ ਸੁਣ ਉਹ ਬੰਬਈ ਮੰਨੂੰ ਦੇ ਘਰ ਪਹੁੰਚਾ ਤਾਂ ਮੰਨੂੰ ਅੰਤਮ ਸੰਸਕਾਰ ਦੀਆਂ ਤਿਆਰੀਆਂ ਕਰ ਰਿਹਾ ਸੀ। ਸਰੀਰ ਨੂੰ ਦਿੱਲੀ ਲਿਜਾਣ ਦੇ ਪ੍ਰਬੰਧ ਕਰ ਰਿਹਾ ਸੀ। ਗਾਰਗੀ ਦਾ ਸਰੀਰ ਜ਼ਮੀਨ 'ਤੇ ਮਖਮਲੀ ਚਾਦਰ ਉੱਪਰ ਲਿਟਿਆ ਹੋਇਆ ਸੀ। ਮੰਨੂੰ ਨੇ ਬਲਜੀਤ ਨੂੰ ਇਕ ਟਾਈਪ ਕੀਤੀ ਪਰਚੀ ਦਿਖਾਈ ਜਿਸ ਤੇ ਗਾਰਗੀ ਨੇ ਸਤਾਰਾਂ ਸਤੰਬਰ 1977 ਦੀ ਤਾਰੀਖ ਪਾ ਕੇ ਲਿਖਿਆ ਸੀ, "ਮੇਰੀਆਂ ਅਸਥੀਆਂ ਮੇਰੇ ਜੱਦੀ ਇਲਾਕੇ ਬਠਿੰਡੇ ਪਹੁੰਚਦੀ ਸਰਹਿੰਦ ਨਹਿਰ ਦੇ ਪਾਣੀ ਵਿਚ ਪਰਵਾਅ ਕਰਨਾ ਜਿੱਥੇ ਮੈਂ ਆਪਣੇ ਬਚਪਨ ਵਿਚ ਉਥੋਂ ਦੀ ਸੁਨਹਿਰੀ ਮਿੱਟੀ ਨਾਲ ਖੇਡਦਾ ਹੁੰਦਾ ਸੀ !" ਗਾਰਗੀ ਦੀ ਆਖਰੀ ਇੱਛਾ 'ਚ ਇਹ ਵੀ ਸ਼ਾਮਿਲ ਸੀ ਮੇਰੇ ਮਰਨ 'ਤੇ ਕਿਸੇ ਨੇ ਰੋਣਾ ਨਹੀਂ! ਕੋਈ ਰਸਮ ਨਹੀਂ ਕਰਨੀ। ਬੱਸ ਮਿਲਜੁਲ ਕੇ ਵਧੀਆ ਜਸ਼ਨ ਮਨਾਉਣਾ। ਵਧੀਆ ਖਾਣਾ ਖਾਣਾ। ਇਕ ਪਰਵਿਾਰ ਵਾਂਗ। ਸਾਂਝੇ ਚੁਲ੍ਹੇ 'ਤੇ ਪਕਾਏ ਖਾਣੇ ਵਾਂਗ। ਅਸੀਂ ਉਸ ਸ਼ਾਮ ਗਾਰਗੀ ਦੀ ਅੰਤਮ ਇੱਛਾ ਪੂਰੀ ਕਰਨ ਲਈ ਵਧੀਆ ਖਾਣਾ ਤੇ ਮਹਿੰਗੀ ਸ਼ਰਾਬ ਖਰੀਦੀ ਤੇ ਰੋਂਦਿਆਂ-ਹੱਸਦਿਆਂ-ਲਤੀਫੇਬਾਜ਼ੀ ਕਰਦਿਆਂ ਸ਼ਾਮ ਤਾਂ ਬਿਤਾ ਦਿੱਤੀ ਪਰ ਗਾਰਗੀ ਨੂੰ ਆਪਣੇ ਆਪ ਤੋਂ ਦੂਰ ਤੋਰਨ ਦੀ ਥਾਂਹ ਗਾਰਗੀ ਸਾਡੇ ਢਿੱਡ 'ਚ ਹੋਰ ਵੜ ਗਿਆ।

# ਦੇਸ਼ ਦੁਆਬਾ ਦੇ ਕੰਧ ਚਿੱਤਰ -5 / ਪਿੰਡ ਜਨੌੜੀ ਜ਼ਿਲ੍ਹਾ ਹੁਸ਼ਿਆਰਪੁਰ



ਪ੍ਰਿੰਸੀਪਲ ਦਰਸ਼ਨ ਸਿੰਘ ਦਰਸ਼ਨ
1102 ਫਰੈਂਨਡਜ਼ ਇੰਨਕਲੇਵ, ਹੁਸ਼ਿਆਰਪੁਰ
singhdarshan1362@gmail.com

ਜਨੌੜੀ ਕਸਬਾ-ਨੁਮਾ ਪਿੰਡ ਹੈ ਜੋ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿੱਚ ਉੱਚੀ ਨੀਵੀਂ ਜਗਾ 'ਤੇ ਕਾਫੀ ਵੱਡੇ ਰਕਬੇ ਵਿੱਚ ਵਸਿਆ ਹੋਇਆ ਹੈ।ਇਸ ਪਿੰਡ ਵਿੱਚ ਪਹੁੰਚਣ ਵਾਸਤੇ, ਹੁਸ਼ਿਆਰਪੁਰ ਤੋਂ ਕਸਬਾ ਹਰਿਆਣਾ ਰਾਹੀਂ ਲਗਪਗ 30 ਕਿਲੋ ਮੀਟਰ ਦੀ ਦੂਰੀ ਤਹਿ ਕਰਨੀ ਪੈਂਦੀ ਹੈ ਜਿੱਥੇ ਬੜੀ ਆਸਾਨੀ ਨਾਲ਼ ਪਹੁੰਚਿਆ ਜਾ ਸਕਦਾ ਹੈ। ਇਹ ਪਿੰਡ ਆਪਣੀ ਪ੍ਰਾਚੀਨਤਾ ਤੇ ਤੇ ਵਿਸ਼ਾਲਤਾ ਕਰਕੇ ਪ੍ਰਸਿੱਧ ਹੈ ਜੋ ਕਈ ਪੱਤੀਆਂ (ਮੁਹੱਲਿਆਂ) ਵਿੱਚ ਵੰਡਿਆ ਹੋਇਆ ਹੈ ਜਿਨ੍ਹਾਂ ਦਾ ਪ੍ਰਬੰਧ ਇੱਕ ਤੋਂ ਵੱਧ ਪੰਚਾਇਤਾਂ ਕੋਲ਼ ਹੈ।ਇੱਥੇ ਮੰਦਿਰ ਬਹੁਤ ਹਨ ਜੋ ਤਰ੍ਹਾਂ ਤਰ੍ਹਾਂ ਦੀਆਂ ਕਲਾਵਾਂ ਦਾ ਖਜ਼ਾਨਾ ਹਨ। ਇਸ ਦੇ ਨੇੜੇ ਹੀ ਇੱਕ ਹੋਰ ਪਿੰਡ ਢੋਲਵਾਹਾ ਹੈ ਜੋ ਇਤਹਾਸਿਕ ਪੈੜਾਂ ਨੂੰ ਆਪਣੇ ਵਿੱਚ ਸਮੋਈ ਬੈਠਾ ਹੈ ਜਿਸ ਦਾ ਜਿਕਰ ਅਗਲੇ ਲੇਖਾਂ ਵਿੱਚ ਕੀਤਾ ਜਾਵੇਗਾ,।

ਇਸ ਪਿੰਡ ਦੀ ਯਾਤਰਾ ਕਰਦਿਆਂ ਕਈ ਮੰਦਿਰ ਜੋ ਕਈ ਕਲਾਵਾਂ ਨਾ਼ਲ ਭਰਪੂਰ ਹਨ ਦੇਖੇ ਗਏ ਜਿਨ੍ਹਾਂ ਵਿੱਚ ਇੱਕ ਅਜਿਹਾ ਮੰਦਿਰ ਮਿਲਿਆ ਜਿਸ ਵਿੱਚ ਅਨੇਕਾਂ ਤਰ੍ਹਾਂ ਦੇ ਛੋਟੇ ਤੋਂ ਛੋਟੇ ਤੇ ਵੱਡੇ ਤੋਂ ਵੱਡੇ ਪੁਰਾਣੀ ਸ਼ੈਲੀ ਨੂੰ ਨਵੀਨਤਾ ਰਾਂਹੀ ਅੱਗੇ ਲਿਆਉਂਦੇ ਦਿਖਾਏ ਗਏ ਹਨ ਜਿਨ੍ਹਾਂ ਵਿੱਚ ਹਿੰਦੂ ਮਤ ਅਨੁਸਾਰ ਲਗਪਗ ਸਾਰੀਆਂ ਦੇਵੀਆਂ, ਵੱਖ ਵੱਖ ਮੁਦਰਾਵਾਂ ਵਿੱਚ, ਉਨ੍ਹਾਂ ਦੇ ਵਾਹਨ ਸਮੇਤ ਚਿੱਤਰਿਤ ਕੀਤੀਆਂ ਮਿਲਦੀਆਂ ਹਨ। ਇਨ੍ਹਾਂ ਤੋਂ ਇਲਾਵਾ ਪਸ਼ੂ ਪੰਛੀਆਂ, ਡਿਜਾਇਨਾਂ (ਕੁਦਰਤੀ ਡਿਜ਼ਾਇਨ- ਜੁਮੈਟਰੀਕਲ ਡਿਯਾਇਨ) ਅਤੇ ਹੋਰ ਲੋਕਾਂ ਦੇ ਆਮ ਜੀਵਨ ਨਾ਼ਲ ਸੰਬੰਧਤ ਚਿੱਤਰ, ਮਾਤਾ ਦੇ ਇਸ ਮੰਦਿਰ ਵਿੱਚ ਦੇਖਣ ਨੂੰ ਮਿਲੇ।

ਇਹ ਦੁਰਗਾ ਮਾਤਾ ਜੀ ਦਾ ਮੰਦਿਰ,ਭੱਦਰਕਾਲੀ ਮਾਤਾ ਦੇ ਨਾਮ ਨਾ਼ਲ ਵੀ ਪ੍ਰਸਿੱਧ ਹੈ ਤੇ ਛਮੇੜੀ ਪੱਟੀ (ਮੁਹੱਲਾ) ਵਿੱਚ ਪੱਕੀ ਗ਼ਲੀ ਦੇ ਪੱਛਮ ਵਿੱਚ ਚੜਦੇ ਨੂੰ ਮੂੰਹ ਕਰਕੇ ਬਣ-ਾਇਆ ਹੈ।ਜਿਸ ਸੇ ਮੁੱਖ ਦਰਵਾਣੇ ਉੱਤੇ ਇਸ ਦੀ ਉਸਾਰੀ ਦੀ ਪਹਿਚਾਣ ਲਈ ਦੋ ਤਾਰੀਖਾਂ ਲਿਖੀਆਂ ਹੋਈਆ ਹਨ ਜੋ ਇਸ ਪ੍ਰਕਾਰ ਹਨ।

'ਪ੍ਰਾਰੰਭਕ 1995 ਸੰਮਤ 12 ਭਾਦੋਂ",

'ਸੰਮਤ 1995, 20 ਮਾਘ'।

ਦੁਰਗਾ ਮਾਤਾ ਦਾ ਇਹ ਮੰਦਿਰ ਚਾਰ ਦਿਵਾਰੀ ਦੇ ਅੰਦਰ ਹੈ। ਮੰਦਿਰ ਦੀ ਮੁੱਖ ਇਮਾਰਤ ਵਰਗਾਕਾਰ (ਅੱਠ ਫੁੱਟ ਲੰਬਾਈ ਤੇ ਅੱਠ ਫੁੱਟ ਚੌੜਾਈ) ਹੈ।ਜਿਸ ਦੇ ਅਗੇ ਛੋਟਾ ਬਰਾਂਦਾ ਹੈ। ਇਸ ਮੰਦਿਰ ਦੀਆਂ ਕੰਧਾਂ ਦੀ ਚੌੜਾਈ ਲਗਪਗ ਡੇੜ ਤੋਂ ਦੋ ਫੁੱਟ ਦੀ ਹੈ।

ਜਿੰਨੀਆਂ ਮਾਤਾਵਾਂ ਦੇ ਚਿੱਤਰ ਇਸ ਮਮਦਿਰ ਦੀਆਂ ਕੰਧਾਂ ਉੱਤੇ ਚਿੱਤਰੇ ਦੇਖੇ ਗਏ ਹਨ ਉਨ੍ਹੇ ਹੋਰ ਕਿਸੇ ਮਮਦਰ ਵਿੱਚ ਦੇਖਣ ਨੂੰ ਨਹੀਂ ਮਿਲਦੇ।ਹਰੇਕ ਚਿੱਤਰ ਵਿੱਚ ਇਨ੍ਹਾਂ ਦੇ ਨਾਮ ਵੀ ਲਿਖੇ ਹੋਏ ਹਨ ਜਿਸ ਕਰਕੇ ਇਨ੍ਹਾਂ ਨੂੰ ਪਹਿਚਾਣ ਵਿੱਚ ਕੋਈ ਸੰਦੇਹ ਨਹੀਂ ਹੈਕਿ ਇਨ੍ਹਾਂ ਵਿੱਚ ਵਿਸ਼ੇਸ਼ ਤੌਰ 'ਤੇ ਸ਼੍ਰੀ ਤਾਰਾ, ਸ਼੍ਰੀ ਮਤੰਗੀ, ਸ਼੍ਰੀ ਮਹਾਂਕਾਲੀ, ਸ਼੍ਰੀ ਛੋਡਸ਼ੀ, ਸ਼੍ਰੀ ਗਾਇਤਰੀ, ਸ਼੍ਰੀ ਤਰੀਕਰ ਭੈਰਵੀ, ਸ਼੍ਰੀ ਭੂਮਤੀ, ਸ਼੍ਰੀ ਸਰਸਵਤੀ, ਸ਼੍ਰੀ ਮਹਾਂ ਕਾਲੀ, ਸ਼੍ਰੀ ਮਹਾਂ ਲੱਕਸ਼ਮੀ, ਸ਼੍ਰੀ ਪਿਤਮਬਰਾ, ਸ਼੍ਰੀ ਛਿੰਨ ਮਸਤਕਾ, ਸ਼੍ਰੀ ਸਰਸਵਤੀ, ਸ਼੍ਰੀ ਰਾ-ਹਚਰਾ, ਸ਼੍ਰੀ ਦੁਰਗਾ ਮਾਤਾ,ਸ਼੍ਰੀ ਬਰਮਦੇਸ਼ਵਰੀ ਜੀ, ਆਦਿ ਮਾਤਾਵਾਂ ਦੇ ਨਾਮ ਲਿਖੇ ਚਿੱਤਰ ਪ੍ਰਾਪਤ ਹੋਏ ਹਨ। ਇਨ੍ਹਾਂ ਤੋਂ ਇਲਾਵਾ ਹੋਰ ਵੱਖ ਵੱਖ ਤਰ੍ਹਾਂ ਦੇ ਡਿਜਾਇਨ, ਪੰਛੀਆਂ ਦੇ ਚਿੱਤਰ ਵੀ ਕਲਾਕਾਰ ਨੇ ਭੜੀ ਸ਼ਿੱਦਤ ਨਾ਼ਲ ਚਿੱਤਰੇ ਹਨ ਜੋ ਮੰਦਿਰ ਦੀਆਂ ਅੰਦਰਲੀਆਂ ਕੰਧਾਂ ਉੱਤੇ ਹੋਣ ਕਰਕੇ ਸੁਰੱਖਿਅਤ ਹਨ। ਇਹ ਚਿੱਤਰ ਮੰਦਿਰ ਦੀ ਅੰਦਰਲੀ ਉੱਤਰ ਪਾਸੇ ਦੀ ਦਿਵਾਰ 'ਤੇ ਚਿੱਤਰਿਆ ਹੋਇਆ ਹੈ ਜਿਸ ਵਿੱਚ ਮਾਂ ਸਰਸਵੀ ਜੀ ਦੀਆਂ ਚਾਰ ਭੁਜਾਵਾਂ ਦਿਖਾਈਆਂ ਹਨ। ਉਹ ਸਿਤਾਰ ਬਜਾ ਰਹੀ ਹੈ ਅਤੇ ਧਿਆਨ ਸਿੱਧਾ ਸਾਹਮਣੇ ਕੀਤਾ ਦਿਖਾਇਆ ਹੋਇਆ ਹੈ। ਇਸ ਚਾਰਭੁਜੀ ਚਿੱਤਰ ਵਿੱਚ ਦੋ ਹੱਥਾਂ ਵਿੱਚ ਸਿਤਾਰ। ਤੀਸਰਾ ਸੱਜਾ ਹੱਥ ਜੋ ਉਪਰ ਨੂੰ ਕੀਤਾ ਹੋਇਆ ਹੈ, ਵਿੱਚ ਰਚਨਾ ਹੈ ਤੇ ਚੌਥਾ ਖੱਬੇ ਹੱਥ ਵਿੱਚ ਵੀ ਕੁੱਝ ਫੜਿਆ ਹੋਈਆ ਹੈ, ਜੋ ਖੱਬੀ ਲੱਤ ਦੇ ਉੱਪਰ ਚਿੱਤਰਿਆ ਹੈ। ਬਸਤਰਾਂ ਵਿੱਚ ਜਿਆਦਾਤਰ ਭੁਰੇ ਰੰਗ ਦੀ ਭਰਮਾਰ ਹੈ। ਸਰੀਰ ਵਿੱਚ ਵੀ ਇਸ ਰੰਗ ਨੂੰ ਹਲਕੇ ਕਰਕੇ ਭਰਿਆ ਹੈ ਤੇ ਬਾਹਰੀ ਰੇਖਾ ਨਾਲ ਵੱਖਰਾ ਕੀਤਾ ਹੈ। ਇਸ ਤੋਂ ਇਲਾਵਾ ਪੀਲੇ ਅਤੇ ਨੀਲੇ ਰੰਗ ਦਾ ਵੀ ਬਸਤਰਾਂ ਵਿੱਚ ਪ੍ਰਯੋਗ ਕੀਤਾ ਹੈ ਸਿਰ ਉੱਤੇ ਪੀਲੇ ਰੰਗ ਵਿੱਚ ਹੀ ਮੁੱਕਟ ਬਣਾਇਆ ਹੈ ਤੇ ਇਸੇ ਰੰਗ ਨਾ਼ਲ ਹੀ ਮਾਤਾ ਦੇ ਸਿਰ ਦੇ ਪਿੱਛੇ ਵੱਡਾ ਭਗਤੀ ਚੱਕਰ ਦਿਖਾਇਆ ਹੈ ਜਿਸ ਨੂੰ, ਮਤਾਤ ਦੇ ਸਿਰ ਦੇ ਵਾ਼ਲਾ ਵਿੱਚ ਹਰਾ ਰੰਗ ਭਰ ਕੇ ਵੱਖਰਾ ਕੀਤਾ ਹੈ। ਇਸ ਤੋਂ ਇਹ ਪ੍ਰਗਟ ਹੂੰਦਾ ਹੈ ਕਿ ਕਲਾਕਾਰ ਰੰਗਾਂ ਦੇ ਇਸਤੇਮਾਲ ਵਿੱਚ ਆਜ਼ਾਦੀ ਚਾਹੁੰਦਾ ਹੈ। ਪਿੱਠ ਭੂਮੀ ਵਿੱਚ ਨੀਲੇ ਰੰਗ ਦਾ ਇਸਤੇਮਾਲ ਕੀਤਾ ਹੋਇਆ ਹੈ ਜਿਸ ਨੇ ਬਾਕੀ ਸਾਰੇ ਰੰਗਾਂ ਨੂੰ ਆਪਣੇ ਪ੍ਰਬੰਧ ਵਿੱਚ ਰੱਖਿਆ ਹੋਇਆ ਹੈ। ਚਿੱਤਰ ਵਿੱਚ ਕਲਾਕਾਰ ਨੇ ਮਾਤਾ ਦੀ ਆਕਰੀਤੀ ਨੂੰ ਪੂਰਾ ਡਿਜ਼ਾਇਨਾਂ ਅਤੇ ਗਹਿਣਿਆਂ ਨਾ਼ਲ ਸਜਾਇਆ ਹੋਇਆ ਹੈ। ਕਲਾਕਾਰ ਨੇ ਸਾਰੇ ਰੰਗਾਂ ਦਾ ਪ੍ਰਯੋਗ ਚਿੱਤਰ ਦੀ ਪਿੱਠ ਭੂਮੀ ਵਿੱਚ ਕਰਕੇ ਸਾਰੇ ਚਿੱਤਰ ਵਿੱਚ ਇੱਕਸੁਰਤਾ ਪੈਦਾ ਕੀਤੀ ਹੈ।

ਮੰਦਿਰ ਦੇ ਗੁੰਬਦ ਵਿੱਚ ਮਨੁੱਖੀ ਆਕਾਰ ਦੀਆਂ ਨੀਲੇ ਰੰਗ ਦੀਆਂ ਵੱਡੀਆਂ ਵੱਡੀਆਂ ਆਕਰੀਤੀਆਂ ਵੀ ਚਿੱਤਰੀਆਂ ਹੋਈਆਂ ਹਨ। ਇਨ੍ਹਾਂ ਦੇ ਚਿਹਰੇ ਇੱਕ ਪਾਸੜ ਹਨ। ਇਹ ਨੀਲੇ ਰੰਗ ਦੀਆਂ ਹਨ। ਮੋਟੀਆਂ ਤੇ ਭਾਰੀਆਂ ਇਨ੍ਹਾਂ ਆਕਰੀਤੀਆਂ ਦੇ ਬਸਤਰ (ਲੰਗੋਟ) ਗੇਰੂਏ ਰੰਗ ਦੇ ਹਨ।

ਕੰਧ ਚਿੱਤਰਾਂ ਦੇ ਇਨ੍ਹਾਂ ਪੈਨਲਾਂ ਵਿੱਚ (ਖੱਬੇ) ਕਲਾਕਾਰ ਨੇ ਮੋਰ ਨੂੰ ਬੜੀ ਬਾਖੂਬੀ ਨਾਲ ਸੂੰਦਰ ਰੰਗਾਂ ਵਿੱਚ ਚਿੱਤਰਿਆ ਹੈ। ਉਸ ਦੀ ਲੰਬੀ ਧੌਣ ਉਸ ਦੇ ਕੂਕਣ ਨੂੰ ਪ੍ਰਗਟ ਕਰਦੀ ਹੈ ਜਿਵੇਂ ਸਾਵਣ ਆਇਆ ਹੋਇਆ ਹੋਵੇ। ਹਲਕੇ ਰੰਗੀ ਗਰੇ ਪਿੱਠਭੂਮੀ ਉੱਤੇ ਮੋਰ ਵਿੱਚ ਗੂੜੇ ਨੀਲੇ ਪੀਲੇ ਬਸੰਤੀ ਅਤੇ ਹਰੇ ਰੰਗ ਦਾ ਕਲਾਕਾਰ ਨੇ ਇਸਤੇਮਾਲ ਕਰਕੇ ਅਤੇ ਉਨ੍ਹਾਂ ਹੀ ਰੰਗਾਂ ਵਿੱਚ ਦਰਖਤ ਨੂੰ, ਜਿਸ ਉੱਤੇ ਮੋਰ ਬੈਠਾ ਹੈ, ਚਿੱਤਰ ਕੇ ਆਪਣੀ ਵਿਲੱਖਣਕਾਰੀ ਸੋਝ ਦਾ ਸਬੂਤ ਦਿੱਤਾ ਹੈ। ਦਰਖਤ ਦੇ ਮੁੱਖ ਤਣਿਆਂ ਦੇ ਸਿਰਿਆਂ ਉੱਤੇ ਬਣਾਏਆਂ ਡਾਹਣੀਆ ਤੇ ਪੱਤੇ ਆਦਿ ਵੀ ਇੱਕ ਖਾਸ ਪ੍ਰਭਾਵ ਨੂੰ ਪ੍ਰਗਟ ਕਰਦੇ ਹਨ।

ਇਸ ਚਿੱਤਰ ਦੇ ਸੱਜੇ ਪੈਨਲ ਵਿੱਚ ਮਾਂ ਦੁਰਗਾ ਸ਼ੇਰ ,ਤੇ ਸਵਾਰ ਦਿਕਾਈ ਹੈ ਜਿਵੇਂ ਉਹ ਯੁੱਧ ਨੂੰ ਜਾ ਰਹੀ ਹੋਵੇ। ਸ਼ੇਰ ਦੀ ਬਾਹਰ ਨਿੱਕਲੀ ਜੀਭ ਹਮਲਾ ਕਰਨ ਵਾ਼ਲੀ ਚਿੱਤਰੀ ਹੋਈ ਹੈ। ਮਾਤਾ ਦੀ ਦ੍ਰਿਸ਼ਟੀ ਦੂਰ ਸਾਹਣੇ ਨੂੰ ਦੇਖਦੇ ਦਿੰਖਾਈ ਹੈ।ਇਸ ਪੈਨਲ ਵਿੱਚਲੀ ਪਿੱਠ ਭੂਮੀ ਦਾ ਗਰੇ ਰੰਗ ਕਿਤਿਓ ਕਿਤਿਾਂ ਕਲਾਕਾਰ ਨੇ ਲੋੜ ਅਨੁਸਾਰ ਜਿਅਦਾ ਸਫੇਦ ਵੀ ਕੀਤਾ ਹੈ ਜਿੱਥੇ ਉਸ ਨੇ ਆਕਰੀਤਆਿ ਵਿੱਚ ਗੂੜੇ ਰੰਗ ਦਾ ਇਸਤੇਮਾਲ ਕੀਤਾ ਹੈ। ਇਸ ਚਿੱਤਰ ਵਿੱਚ ਕਲਾਕਾਰ ਨੇ ਗੂੜ੍ਹੇ ਪੀਲੇ-ਬਸੰਤੀ ਨੀਲੇ ਅਤੇ ਭਾਰਤੀ ਲਾ਼ਲ ਰੰਗ ਦਾ ਸਿੱਦਟ ਤੌਰ 'ਤੇ ਇਸਤੇਮਾਲ ਕੀਤਾ ਹੇ ਜੋ ਬੜਾ ਸੁੰਦਰ ਲੱਗਦਾ ਹੈ।

ਇਸ ਪੈਨਲ ਦੇ ਉੱਪਰ ਡਿਜਾਇਨ ਬਣਾਏ ਹੋਏ ਹਨ। ਉੱਪਰਲੇ ਹਿੱਸੇ ਵਿੱਚਲ ਫਿੱਕੇ ਸਲੇਟੀ ਰੰਗ ਦੀ ਪਿੱਠ ਭੂਮੀ 'ਤੇ ਗੂੜੇ ਲਾਲ ਰੰਗ ਦਾ ਜਿਉਮੈਟਰੀਕਲ ਡਿਜਾਇਨ ਗੂੜੇ ਨੀਲੇ ਰੰਗ ਦੇ ਨਾ਼ਲ ਤਿਆਰ ਕੀਤਾ ਹੈ।

ਜਦ ਕਿ ਹੇਠਲੇ ਹਿੱਸੇ ਵਿੱਚ ਕੁਦਰਤੀ ਫਿੱਕੇ ਹਰੇ ਫੁੱਲਾਂ ਵਿੱਚ ਘੂੜੇ ਲਾਲ ਰੰਗ ਨਾਲ ਬਾਰਡਰੀਕਲ ਨਮੂਨਾ ਅਤੀ ਸੁੰਦਰ ਢੰਗ ਨਾ਼ਲ ਲਗਾਤਾਰਤਾ ਵਿੱਚ ਤਿਆਰ ਕੀਤਾ ਹੋਇਆ ਹੈ। ਜਿੱਥੇ ਚਿੱਤਰਾਂ ਵਿੱਚ ਕਲਾਕਾਰ ਨੇ ਬੜੀ ਮਿਹਨਤ ਕੀਤੀ ਹੈ ਉੱਥੇ ਡਿਜਾਇਨਾਂ ਵਿੱਚ ਵੀ ਪੂਰੀ ਰੁੱਚੀ ਨਾਲ ਕੰਮ ਕੀਤਾ ਗਿਆ ਹੈ।

ਸੋ ਅਖੀਰ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਇਸ ਮੰਦਿਰ ਵਿੱਚ ਉੱਥੋਂ ਦੇ ਲੋਕਲ ਕਲਾਕਾਰਾਂ ਦਾ ਪਰੰਪਰਾਵਾਦੀ ਸ਼ੈਲੀ ਵਿੱਚ ਕੰਮ ਕੀਤਾ ਮਿਲਦਾ ਹੈ। ਉਨ੍ਹਾਂ ਨੇ ਮਾਤਾਵਾਂ ਦੇ ਅਨੇਕਾਂ ਚਿੱਤਰ ਦੇ ਨਾਲ ਹੋਰ ਵੀ ਪਸ਼ੂਆਂ, ਪੰਛੀਆਂ, ਬੇਲ-ਬੂਟਿਆਂ ਆਦਿ ਦੇ ਚੱਤਰ ਬੜੀ ਨਿੱਠਠਾ ਨਾਲ ਇਸ ਲਕਿ ਕਲਾ ਸ਼ੈਲੀ ਵਿੱਚ ਚਿੱਤਰੇ ਹਨ ਜੋ ਆਉਣ ਵਾਲੇ ਕਲਾ- ਖੋਜੀਆਂ ਤੇ ਕਲਾ ਪ੍ਰੇਮੀਆਂ ਲਈ ਸਾਰਥਕ ਸਿੱਧ ਹੋਣਗੇ।



ਸ਼੍ਰੀ ਦੁਰਗਾ ਭਵਨਮ ਜਨੌੜੀ ਦਾ ਪਰਵੇਸ਼ ਦੁਆਰ (ਹੁਸ਼ਿਆਰਪੁਰ)



ਮਾਤਾ ਸਰਸਵਤੀ ਜੀ



ਪੈਨਲ ਵਿੱਚ (ਖੱਬੇ) ਮੋਰ, (ਸੱਜੇ) ਸ਼ੇਰ ਉੱਤੇ ਸਵਾਰ ਮਾਤਾ ਦੁਰਗਾ ਜੀ ਤੇ ਡਿਜ਼ਾਇਨ ਆਦਿ

# ਮੋਦੀ ਸਰਕਾਰ ਦੇ ਮੰਤਰੀ-ਮੰਡਲ ਵਿਚ ਫੇਰਬਦਲ: ਨਿਰਮਲਾ ਸੀਤਾਰਮਨ ਬਣੀ ਰੱਖਿਆ ਮੰਤਰੀ

**ਨਵੀਂ ਦਿੱਲੀ-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੇਂਦਰੀ ਵਜ਼ਾਰਤ 'ਚ ਰੱਦੋਬਦਲ ਕਰਦਿਆਂ ਕੰਮ ਰਾਹੀਂ ਪਛਾਣ ਬਣਾਉਣ ਵਾਲੇ ਮੰਤਰੀਆਂ ਨੂੰ ਸ਼ਾਬਾਸ਼ੀ ਦਿੰਦਿਆਂ ਉਨ੍ਹਾਂ ਨੂੰ ਤਰੱਕੀ ਦੇ ਦਿੱਤੀ। ਨਿਰਮਲਾ ਸੀਤਾਰਮਨ ਨੂੰ ਮੁਲਕ ਦੀ ਰੱਖਿਆ ਮੰਤਰੀ ਵਜੋਂ ਪੂਰਾ ਚਾਰਜ ਉਨ੍ਹਾਂ ਦੇ ਹਵਾਲੇ ਕਰ ਦਿੱਤਾ। ਸਾਲ 2019 ਦੀਆਂ ਲੋਕ ਸਭਾ ਚੋਣਾਂ ਦੀ ਤਿਆਰੀ 'ਤੇ ਧਿਆਨ ਕੇਂਦਰਤ ਕਰਦਿਆਂ ਉਨ੍ਹਾਂ ਤਿੰਨ ਜੂਨੀਅਰ ਮੰਤਰੀਆਂ ਪਿਊਸ਼ ਗੋਇਲ, ਧਰਮਿੰਦਰ ਪ੍ਰਧਾਨ ਅਤੇ ਮੁਖਤਾਰ ਅੱਬਾਸ ਨਕਵੀ ਨੂੰ ਕੈਬਨਿਟ ਰੈਂਕ ਨਾਲ ਨਿਵਾਜਿਆ। ਇਸ ਦੇ ਨਾਲ ਚਾਰ ਸਾਬਕਾ ਨੌਕਰਸ਼ਾਹਾਂ ਸਮੇਤ 9 ਨਵੇਂ ਚਿਹਰਿਆਂ ਨੂੰ ਰਾਜ ਮੰਤਰੀ ਦਾ ਦਰਜਾ ਦਿੱਤਾ ਗਿਆ। ਕੇਂਦਰੀ ਵਜ਼ਾਰਤ 'ਚ ਮੰਤਰੀਆਂ ਦੀ ਗਿਣਤੀ 73 ਤੋਂ ਵੱਧ ਕੇ 76 ਹੋ ਗਈ ਹੈ। ਇਸ ਤੋਂ ਪਹਿਲਾਂ ਅੱਜ ਸਵੇਰੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ 9 ਨਵੇਂ ਮੰਤਰੀਆਂ ਨੂੰ ਅਹੁਦੇ ਦੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ।

ਬਿਜਲੀ ਖੇਤਰ 'ਚ ਆਪਣੇ ਕੰਮ ਨਾਲ ਨਾਮਣਾ ਖੱਟਣ ਵਾਲੇ ਪਿਊਸ਼ ਗੋਇਲ ਨੂੰ ਰੇਲ ਮਹਿਕਮਾ ਸੌਂਪਿਆ ਗਿਆ ਹੈ ਜੋ ਵਧਦੇ ਹਾਦਸਿਆਂ ਕਾਰਨ ਆਲੋਚਨਾ ਦਾ ਸ਼ਿਕਾਰ ਬਣ ਰਿਹਾ ਸੀ ਅਤੇ ਸੁਰੇਸ਼ ਪ੍ਰਭੂ ਨੂੰ ਵਣਜ ਤੇ ਸਨਅਤ ਮੰਤਰੀ ਬਣਾਇਆ ਗਿਆ ਹੈ। ਸ੍ਰੀ ਗੋਇਲ ਕੋਇਲਾ ਮੰਤਰਾਲੇ ਦਾ ਕਾਰਜਭਾਰ ਵੀ ਦੇਖਦੇ ਰਹਿਣਗੇ। ਬੁਨਿਆਦੀ ਢਾਂਚੇ ਨਾਲ ਸਬੰਧਤ ਮੰਤਰਾਲਿਆਂ 'ਚ ਰੱਦੋਬਦਲ ਕਰਦਿਆਂ ਪ੍ਰਧਾਨ ਮੰਤਰੀ ਨੇ ਦੋ ਸਾਬਕਾ ਆਈਏਐਸ ਅਧਿਕਾਰੀਆਂ ਅਲਫੌਂਸ ਕਨਾਂਤਨਮ ਅਤੇ ਆਰ ਕੇ ਸਿੰਘ ਤੇ ਸਾਬਕਾ ਰਾਜਦੂਤ ਹਰਦੀਪ ਪੁਰੀ ਨੂੰ ਅਹਿਮ ਵਿਭਾਗ ਦਿੰਦਿਆਂ ਸੁਤੰਤਰ ਰਾਜ ਮੰਤਰੀ ਬਣਾਇਆ ਹੈ। ਨਿਤਿਨ ਗਡਕਰੀ ਨੂੰ ਉਮਾ ਭਾਰਤੀ ਦੇ ਮਹਿਕਮੇ ਜਲ ਸਰੋਤਾਂ ਅਤੇ ਗੰਗਾ ਦੇ ਕਾਇਆ ਕਲਪ ਸਬੰਧੀ ਮੰਤਰਾਲਾ ਸੌਂਪਿਆ ਗਿਆ ਹੈ। ਉਂਜ ਸ੍ਰੀ ਗਡਕਰੀ ਕੋਲ ਸੜਕ ਆਵਾਜਾਈ ਅਤੇ ਰਾਜਮਾਰਗਾਂ ਬਾਰੇ ਮੰਤਰਾਲੇ ਦਾ ਚਾਰਜ ਵੀ ਰਹੇਗਾ ਜਿਥੇ ਉਨ੍ਹਾਂ ਦੀ ਖ਼ੂਬ ਸ਼ਲਾਘਾ ਹੋਈ ਹੈ। ਉਮਾ ਭਾਰਤੀ ਦੀ ਕਾਰਗੁਜ਼ਾਰੀ ਨਿਗਰਾਨੀ ਹੇਠ ਸੀ ਜਿਥੇ ਸ੍ਰੀ ਮੋਦੀ ਦੇ ਪਸੰਦੀਦਾ ਕਲੀਨ ਗੰਗਾ ਪ੍ਰੋਗਰਾਮ 'ਚ ਕੋਈ ਪ੍ਰਗਤੀ ਨਜ਼ਰ ਨਹੀਂ ਆ ਰਹੀ ਸੀ। ਉਸ ਨੂੰ ਪੀਣ ਵਾਲੇ ਪਾਣੀ ਅਤੇ ਸੈਨੀਟੇਸ਼ਨ ਮੰਤਰਾਲੇ ਦਾ ਕਾਰਜਭਾਰ ਸੌਂਪਿਆ ਗਿਆ ਹੈ। ਧਰਮਿੰਦਰ ਪ੍ਰਧਾਨ ਅਤੇ ਮੁਖਤਾਰ ਅੱਬਾਸ ਨਕਵੀ ਦੇ ਮੰਤਰਾਲਿਆਂ ਨਾਲ ਛੇੜਛਾੜ ਨਹੀਂ ਕੀਤੀ ਗਈ ਹੈ। ਸ੍ਰੀ ਪ੍ਰਧਾਨ ਨੂੰ ਹੁਨਰ ਵਿਕਾਸ ਮੰਤਰਾਲੇ ਦਾ ਵਾਧੂ ਚਾਰਜ ਦਿੱਤਾ ਗਿਆ ਹੈ ਜੋ ਪਹਿਲਾਂ ਰਾਜੀਵ ਪ੍ਰਤਾਪ ਰੂਡੀ ਕੋਲ ਸੀ ਜਿਨ੍ਹਾਂ ਕੁਝ ਦਿਨ ਪਹਿਲਾਂ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਸਾਬਕਾ ਰਾਜਦੂਤ ਹਰਦੀਪ ਪੁਰੀ ਨੂੰ ਹਾਊਸਿੰਗ ਅਤੇ ਸਹਿਰੀ ਵਿਕਾਸ ਰਾਜ ਮੰਤਰੀ (ਸੁਤੰਤਰ ਚਾਰਜ) ਅਤੇ ਸਾਬਕਾ ਆਈਏਐਸ ਅਧਿਕਾਰੀ ਅਲਫੌਂਸ ਕਨਾਂਤਨਮ ਨੂੰ ਸੈਰ ਸਪਾਟਾ ਰਾਜ ਮੰਤਰੀ (ਸੁਤੰਤਰ ਚਾਰਜ) ਬਣਾਇਆ ਗਿਆ ਹੈ। ਸਾਬਕਾ ਗ੍ਰਹਿ ਸਕੱਤਰ ਆਰ ਕੇ ਸਿੰਘ ਨੂੰ ਬਿਜਲੀ ਅਤੇ ਨਵਿਆਉਣਯੋਗ ਊਰਜਾ ਰਾਜ ਮੰਤਰੀ ਬਣਾਇਆ ਗਿਆ ਹੈ। ਮੁੰਬਈ ਦੇ ਸਾਬਕਾ ਪੁਲੀਸ ਕਮਿਸ਼ਨਰ ਸਤਿਆਪਾਲ ਸਿੰਘ ਨੂੰ ਐਚਆਰਡੀ, ਜਲ ਸਰੋਤਾਂ ਅਤੇ ਗੰਗਾ ਦੀ ਕਾਇਆ ਕਲਪ ਸਬੰਧੀ ਰਾਜ ਮੰਤਰੀ ਬਣਾਇਆ ਗਿਆ ਹੈ। ਕੈਬਨਿਟ ਮੰਤਰੀ ਹਰਸ਼ਵਰਧਨ, ਜਿਨ੍ਹਾਂ ਨੂੰ ਅਨਿਲ ਦਵੇ ਦੇ ਦੇਹਾਂਤ ਮਗਰੋਂ ਵਾਤਾਵਰਨ ਮੰਤਰਾਲੇ ਦਾ ਵਾਧੂ ਚਾਰਜ ਸੌਂਪਿਆ ਗਿਆ ਸੀ, ਉਹ ਇਹ ਮਹਿਕਮਾ ਵੀ ਦੇਖਦੇ ਰਹਿਣਗੇ। ਇਸੇ ਤਰ੍ਹਾਂ ਸਮ੍ਰਿਤੀ ਇਰਾਨੀ, ਜਿਸ ਨੂੰ ਜੁਲਾਈ 'ਚ ਐਮ ਵੈਂਕਈਆ ਨਾਇਡੂ ਦੇ ਉਪ ਰਾਸ਼ਟਰਪਤੀ ਬਣਨ ਮੌਕੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦਾ ਵਾਧੂ ਚਾਰਜ ਦਿੱਤਾ ਗਿਆ ਸੀ, ਕੋਲ ਵੀ ਇਹ ਮੰਤਰਾਲਾ ਬਹਾਲ ਰਹੇਗਾ। ਖੇਡ ਮੰਤਰਾਲੇ ਵਿਜੇ ਗੋਇਲ ਤੋਂ ਲੈ ਕੇ ਰਾਜਿਆਵਰਧਨ ਸਿੰਘ ਰਾਠੌੜ ਨੂੰ ਦਿੱਤਾ ਗਿਆ ਹੈ। ਸ੍ਰੀ ਗੋਇਲ ਨੂੰ ਸੰਸਦੀ ਮਾਮਲਿਆਂ ਅਤੇ ਅੰਕੜਾ ਤੇ ਪ੍ਰੋਗਰਾਮ ਨਿਰਧਾਰਣ ਸਬੰਧੀ ਰਾਜ ਮੰਤਰੀ ਬਣਾਇਆ ਗਿਆ ਹੈ। ਨਵੇਂ ਮੰਤਰੀਆਂ 'ਚੋਂ ਸ਼ਿਵ ਪ੍ਰਤਾਪ ਸ਼ੁਕਲਾ ਨੂੰ ਅਰਜੁਨ ਰਾਮ ਮੇਘਵਾਲ ਦੀ ਥਾਂ ਵਿੱਤ ਰਾਜ ਮੰਤਰੀ, ਅਸ਼ਵਨੀ ਕੁਮਾਰ ਚੌਬੇ ਨੂੰ ਸਿਹਤ ਰਾਜ ਮੰਤਰੀ ਅਤੇ ਵੀਰੇਂਦਰ ਕੁਮਾਰ ਨੂੰ ਮਹਿਲਾ ਤੇ ਬਾਲ ਵਿਕਾਸ ਰਾਜ ਮੰਤਰੀ ਅਤੇ ਮੇਘਵਾਲ ਨੂੰ ਸੰਸਦੀ ਮਾਮਲਿਆਂ ਬਾਰੇ ਮੰਤਰੀ ਬਣਾਇਆ ਗਿਆ ਹੈ। ਨਵੇਂ ਚਿਹਰੇ ਅਨੰਤ ਕੁਮਾਰ ਹੇਗੜੇ ਨੂੰ ਹੁਨਰ ਵਿਕਾਸ ਰਾਜ ਮੰਤਰੀ ਜਦਕਿ ਗਜੇਂਦਰ ਸਿੰਘ ਸ਼ੇਖਾਵਤ ਨੂੰ ਖੇਤੀਬਾੜੀ ਰਾਜ ਮੰਤਰੀ ਬਣਾਇਆ ਗਿਆ ਹੈ। ਦੋ ਮੰਤਰੀਆਂ ਸੰਤੋਸ਼ ਗੰਗਵਾਰ ਅਤੇ ਗਿਰੀਰਾਜ ਸਿੰਘ ਨੂੰ ਵੀ ਤਰੱਕੀ ਦਿੱਤੀ ਗਈ ਹੈ। ਗੰਗਵਾਰ ਕਿਰਤ ਅਤੇ ਰੁਜ਼ਗਾਰ ਰਾਜ ਮੰਤਰੀ (ਸੁਤੰਤਰ ਚਾਰਜ) ਅਤੇ ਗਿਰੀਰਾਜ ਸਿੰਘ ਨੂੰ ਸੂਖਮ, ਲਘੂ ਅਤੇ ਦਰਮਿਆਨੇ ਉੱਦਮਾਂ ਬਾਰੇ ਰਾਜ ਮੰਤਰੀ (ਸੁਤੰਤਰ ਚਾਰਜ) ਬਣਾਇਆ ਗਿਆ ਹੈ।



ਵਿਰੋਧੀ ਧਿਰ ਵੱਲੋਂ ਆਲੋਚਨਾ: ਕਾਂਗਰਸ ਪਾਰਟੀ ਨੇ ਚਾਰ ਨੌਕਰਸ਼ਾਹਾਂ ਨੂੰ ਵਜ਼ਾਰਤ 'ਚ ਲਏ ਜਾਣ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣੇ ਸਿਆਸੀ ਸਾਥੀਆਂ 'ਤੇ ਭਰੋਸਾ ਨਹੀਂ ਰਿਹਾ ਹੈ। ਕਾਂਗਰਸ ਤਰਜਮਾਨ ਮਨੀਸ਼ ਤਿਵਾੜੀ ਨੇ 9 ਨਵੇਂ ਮੰਤਰੀਆਂ ਦੀ ਵੱਡੀ ਉਮਰ ਨੂੰ ਦੇਖਦਿਆਂ ਉਨ੍ਹਾਂ ਨੂੰ ਸੀਨੀਅਰ ਸਿਟੀਜ਼ਨ ਕਲੱਬ ਕਰਾਰ ਦਿੱਤਾ ਹੈ। ਨਿਰਮਲਾ ਸੀਤਾਰਮਨ ਨੂੰ ਰੱਖਿਆ ਮੰਤਰੀ ਬਣਾਏ ਜਾਣ 'ਤੇ ਉਨ੍ਹਾਂ ਆਸ ਜਤਾਈ ਕਿ ਉਹ ਵਣਜ ਮੰਤਰਾਲੇ ਵਾਂਗ ਨਵੇਂ ਮੰਤਰਾਲੇ ਦਾ ਹਾਲ ਨਹੀਂ ਕਰਨਗੇ।

ਉਧਰ ਬਸਪਾ ਮੁਖੀ ਮਾਇਆਵਤੀ ਨੇ ਕਿਹਾ ਕਿ ਸਿਆਸਤਦਾਨਾਂ ਦੀ ਬਜਾਏ ਨੌਕਰਸ਼ਾਹਾਂ 'ਤੇ ਵੱਧ ਭਰੋਸਾ ਪ੍ਰਗਟਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਜ਼ਾਰਤ 'ਚ ਰੱਦੋਬਦਲ ਸਰਕਾਰ ਨੇ ਆਪਣੀਆਂ ਨਾਕਾਮੀਆਂ ਤੋਂ ਲੋਕਾਂ ਦਾ ਧਿਆਨ ਵੰਡਾਉਣ ਲਈ ਕੀਤਾ ਹੈ। ਇਸ ਦੌਰਾਨ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਵਿਅੰਗ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਹੈਰਾਨੀ ਭਰੇ ਫ਼ੈਸਲੇ ਲਏ ਜਾਣ ਨੂੰ ਕੋਈ ਚੁਣੌਤੀ ਨਹੀਂ ਦੇ ਸਕਦਾ। ਉਂਜ ਉਨ੍ਹਾਂ ਨਿਰਮਲਾ ਸੀਤਾਰਮਨ ਅਤੇ ਰਾਜਿਆਵਰਧਨ ਰਾਠੌੜ ਨੂੰ ਤਰੱਕੀ 'ਤੇ ਵਧਾਈ ਵੀ ਦਿੱਤੀ ਹੈ।

# ਪੰਜਾਬੀ ਭਾਸ਼ਾ ਸਾਹਮਣੇ ਅੰਤਰ ਰਾਸ਼ਟਰੀ ਚੁਣੌਤੀਆਂ



ਡਾ. ਜਤਿੰਦਰ ਕੌਰ

ਮੈਂ ਪੰਜਾਬੀ, ਪੰਜਾਬ ਦੇ ਰਹਿਣ ਵਾਲਾ,
ਹਾਂ ਮੈਂ ਪੇਂਡੂ ਪਰ ਸ਼ਹਿਰੀਏ ਢੰਗ ਦਾ ਹਾਂ।
ਸਮਝਾਂ ਉਰਦੂ, ਹਿੰਦੀ ਵੀ ਖੂਬ ਬੋਲਾਂ,
ਥੋੜ੍ਹੀ ਬਹੁਤ ਅੰਗਰੇਜ਼ੀ ਵੀ ਅੰਗਦਾ ਹਾਂ।
ਬੋਲੀ ਆਪਣੀ ਨਾਲ ਪਿਆਰ ਰੱਖਾਂ,
ਇਹ ਗੱਲ ਆਖਣੋਂ ਕਦੀ ਨਾਂ ਸੰਗਦਾ ਹਾਂ।
ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਮੈਂ,
ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ।
ਮਿਲੇ ਮਾਣ ਪੰਜਾਬੀ ਨੂੰ ਦੇਸ਼ ਅੰਦਰ,
ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ।
ਵਾਰਿਸ ਸ਼ਾਹ ਤੇ ਬੁੱਲ੍ਹੇ ਦੇ ਰੰਗ ਅੰਦਰ,
ਡੋਬ ਡੋਬ ਕੇ ਜ਼ਿੰਦਗੀ ਰੰਗਦਾ ਹਾਂ।
ਰਵਾਂ ਇੱਥੇ ਤੇ ਯੂ.ਪੀ. ਚਿ ਕਰਾਂ ਗੱਲਾਂ,
ਐਸੀ ਅਕਲ ਨੂੰ ਛਿੱਕੇ ਤੇ ਟੰਗਦਾ ਹਾਂ।
ਮੈਂ ਪੰਜਾਬੀ, ਪੰਜਾਬੀ ਦਾ ਸ਼ਰਫ਼ ਸੇਵਕ,
ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ।

ਬਾਬੂ ਫ਼ੀਰੋਜ਼ਦੀਨ ਸ਼ਰਫ਼ ਦੀ ਇਸ ਕਵਿਤਾ ਪਾਠ ਦੇ ਨਾਲ ਹੀ ਮੈਂ ਇਸ ਵਿਸ਼ਵ ਪੰਜਾਬੀ ਕਾਨਫਰੈਂਸ ਦਾ ਮੰਤਵ-ਟੀਚਾ ਤੁਹਾਡੇ ਨਾਲ ਸਾਂਝਾ ਕਰਨ ਜਾ ਰਹੀ ਹਾਂ। ਅਸੀਂ ਵੀ ਸਾਰੇ ਜੋ ਇਸ ਧਰਤੀ ਤੇ ਬੈਠੇ ਹਾਂ, ਬਾਬੂ ਫ਼ੀਰੋਜ਼ਦੀਨ ਸ਼ਰਫ਼ ਵਾਂਗ ਪੰਜਾਬੀ ਮਾਂ ਬੋਲੀ ਦੇ ਖ਼ੈਰ ਖ਼ਾਹ ਹਾਂ, ਵਿਸ਼ਵ ਦੇ ਕਿਸੇ ਵੀ ਹਿੱਸੇ ਵਿਚ ਬੈਠਾ ਪੰਜਾਬੀ ਆਪਣੀ ਮਾਂ ਬੋਲੀ ਪੰਜਾਬੀ ਦੀ ਚੜ੍ਹਦੀ ਕਲਾ ਚਾਹੁੰਦਾ ਹੈ, ਇਸੇ ਲਈ ਸਦਾ ਉਸਦੀ ਖ਼ੈਰ ਮੰਗਦਾ ਹੈ। ਪੰਜਾਬ ਤੋਂ ਬਾਹਰ ਬੈਠੇ ਸਾਡੇ ਵਰਗੇ ਲੋਕ ਜੋ ਭਾਵੇਂ ਭਾਰਤੀ ਪੰਜਾਬ ਤੋਂ ਵੱਡਾ ਪੰਜਾਬ ਵਸਾਈ ਬੈਠੇ ਹਨ, ਪਰ ਹਮੇਸ਼ਾ ਹੀ ਪੰਜਾਬੀ ਬੋਲੀ ਨਾਲ ਜੁੜੇ ਰਹਿਣਾ ਚਾਹੁੰਦੇ ਹਨ ਕਿਉਂ ਕਿ ਉਹਨਾਂ ਨੂੰ ਇਸ ਦੇ ਵਿੱਸਰ ਜਾਣ ਦਾ ਹਮੇਸ਼ਾ ਡਰ ਬਣਿਆ ਰਹਿੰਦਾ ਹੈ। ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਡੇ ਬੱਚੇ ਇਸ ਨਾਲ ਜੁੜੇ ਰਹਿਣ, ਹਰ ਪਰਵਾਸੀ ਹਰ ਪਲ ਇਸੇ ਗੱਲ ਦੀ ਤਵੱਕੋ ਕਰਦਾ ਹੈ। ਸਾਡੇ ਬੱਚੇ ਜਿਸ ਮਾਹੌਲ ਵਿਚ ਵੱਧ ਫੁਲ ਰਹੇ ਹਨ ਉਹ ਸਭਿਆਚਾਰ ਬਹੁਰੰਗਾ ਹੈ। ਇੱਥੇ 'ਕੱਲੀ ਅੰਗਰੇਜ਼ੀ ਦੀ ਮਾਰ ਨਹੀਂ ਸਗੋਂ ਵਨ ਸਵੰਨੀਆਂ ਬੋਲੀਆਂ ਅਤੇ ਸਭਿਆਚਾਰ ਫੁੱਲਾਂ ਵਾਂਗ ਖਿੜੇ ਪਏ ਹਨ ਤੇ ਇਸ ਰੰਗਭਰੀ ਫੁਲਵਾੜੀ ਵਿਚੋਂ ਇਕ ਦਿਲਕਸ਼, ਠਾਠਾਂ ਮਾਰਦੇ ਵਨਸੁਵੰਨੇ ਰੰਗਾਂ ਅਤੇ ਬੋਲੀਆਂ ਦੇ ਹੜ੍ਹ ਵਿਚੋਂ ਆਪਣੇ ਪੰਜਾਬੀ ਬੋਲੀ - ਸਾਡੀ ਮਾਂ ਬੋਲੀ ਦੇ ਗੁਲਾਬੀ ਫੁੱਲ ਨੂੰ ਵੀ ਕਿਵੇਂ ਸਾਂਭ ਸੰਵਾਰ ਕੇ ਅਗਾਂਹ ਤੋਰਨਾ ਹੈ ਤਾਂ ਜੋ ਸਾਡੇ ਬੱਚੇ ਇਸ ਨਾਲ ਜੁੜੇ ਰਹਿਣ? ਇਹ ਕੰਮ ਐਨਾ ਸੁਖਾਲਾ ਨਹੀਂ। ਇਸ ਰਾਹ ਵਿਚ ਔਕੜਾਂ ਤੇ ਚੁਣੌਤੀਆਂ ਵੀ ਬਹੁਤ ਹਨ। ਇਸ ਲਈ ਸਾਡੀ ਇਸ ਦੋਸ਼ੀ ਵਿਸ਼ਵ ਪੰਜਾਬੀ ਕਾਨਫਰੈਂਸ ਦਾ ਵਿਸ਼ਾ : ਪੰਜਾਬੀ ਭਾਸ਼ਾ ਭਵਿੱਖ ਅਤੇ ਚੁਣੌਤੀਆਂ ਹੈ। ਜਿਵੇਂ ਅਸੀਂ ਸਾਰੇ ਪੰਜਾਬੀ ਭਾਸ਼ਾ ਦੇ ਭਵਿੱਖ ਅਤੇ ਵਰਤਮਾਨ ਨੂੰ ਲੈ ਕੇ ਚਿੰਤਤ ਹਾਂ ਜਾਂ ਦੂਜੇ ਲਫ਼ਜ਼ਾਂ ਵਿਚ ਚੇਤੰਨ ਹਾਂ ਵੀ ਕਹਿ ਸਕਦੇ ਹਾਂ, ਉਨਾਂ ਹੀ ਫਿਕਰਮੰਦ ਅਸੀਂ ਪੰਜਾਬੀਆਂ ਵਿਚ ਨੈਤਿਕਤਾ ਬਣੀ ਰਹੇ, ਇਸ ਵਿਸ਼ੇ ਲਈ ਵੀ ਹਾਂ। ਜਿੱਥੇ ਪੰਜਾਬੀਆਂ ਦੀ ਵੀਰਤਾ-ਬਹਾਦਰੀ ਅਤੇ ਧਰਮ ਤੇ ਪੱਕੇ ਰਹਿਣ ਵਾਲੇ ਕੰਮ ਅਤੇ ਧਰਮ ਲਈ ਜਾਨ ਵਾਰਨ ਵਾਲੇ ਕਿੱਸੇ ਹਰ ਇਕ ਜ਼ੁਬਾਨ ਵਿਚ ਰਹੇ ਹਨ ਉੱਥੇ ਨੈਤਿਕ ਮੁਲਾਂ-ਉੱਚਾ ਸੁੱਚਾ ਆਚਰਣ ਵੀ ਪੰਜਾਬੀਆਂ ਦਾ ਵੱਡਮੁਲਾ ਗਹਿਣਾ ਰਿਹਾ ਹੈ। ਹਰੀ ਸਿੰਘ ਨਲੂਆ ਇਸ ਦੀ ਸਭ ਤੋਂ ਵੱਡੀ ਮਿਸਾਲ ਹੈ। ਜਿੱਥੇ ਉਹਨਾਂ ਦੀ ਛਵੀ ਬਹਾਦੁਰੀ, ਵੀਰਤਾ ਅਤੇ ਤਾਕਤਵਰ ਜਰਨੈਲ ਦੇ ਰੂਪ ਵਿਚ ਸਾਡੇ ਸਾਹਮਣੇ ਹੈ ਉੱਥੇ ਉਹਨਾਂ ਦੇ ਉੱਚੇ ਸੁੱਚੇ ਚਰਿੱਤਰ ਅਤੇ ਨੈਤਿਕ ਮੁੱਲਾਂ ਦੀਆਂ ਕਹਾਣੀਆਂ ਵੀ ਅਸੀਂ ਬਚਪਨ ਤੋਂ ਸੁਣਦੇ ਆ ਰਹੇ ਹਾਂ। ਪਿਛਲੇ ਕੁਝ ਸਮੇਂ ਤੋਂ ਪੰਜਾਬੀਆਂ ਦਾ ਨੈਤਿਕ ਮਿਆਰ ਕੁਝ ਹੇਠਾਂ ਨੂੰ ਸਰਕਣਾ ਸ਼ੁਰੂ ਹੋ ਗਿਆ ਹੈ। ਪੰਜਾਬੀਆਂ ਵਿਚ ਹੱਕ, ਸੱਚ, ਨਸ਼ਿਆਂ ਰਹਿਤ ਜੀਵਨ, ਸੱਚੀ ਸੁੱਚੀ ਕਾਰ ਅਤੇ ਹੋਰ ਨੈਤਿਕ ਮੁੱਲ ਕੁਝ ਦੁਜੈਲੇ ਹੁੰਦੇ ਜਾ ਰਹੇ ਹਨ ਜੋ ਇਸ ਵਿਸ਼ੇ ਤੇ ਗੱਲ ਨਾ ਆਰੰਭੀ ਗਈ ਤੇ ਸਿੱਟੇ ਹੋਰ ਵੀ ਮਾੜੇ ਹੋ ਸਕਦੇ ਹਨ। ਇਸੇ ਲਈ ਇਸ ਪੰਜਾਬੀ ਵਿਸ਼ਵ ਕਾਨਫਰੈਂਸ ਦਾ ਦੂਜਾ ਵਿਸ਼ਾ "ਪੰਜਾਬੀਆਂ ਵਿਚ ਨੈਤਿਕਤਾ" ਮਿਥਿਆ ਗਿਆ ਹੈ।

ਜਦੋਂ ਅਸੀਂ ਪੰਜਾਬੀ ਬੋਲੀ ਦੀ ਗੱਲ ਕਰਦੇ ਹਾਂ ਤੇ ਪਹਿਲਾ ਸਵਾਲ ਸਾਡੇ ਅੱਗੇ ਆ ਖੜ੍ਹਾ ਹੁੰਦਾ ਹੈ ਕਿ ਪੰਜਾਬੀ ਬੋਲੀ ਦਾ ਭਵਿੱਖ ਖਤਰੇ ਵਿਚ ਹੈ। ਭਵਿੱਖ ਬਾਰੇ ਗੱਲ ਕਰਨ ਲਗਿਆਂ ਇੰਜ ਜਾਪਦਾ ਹੈ ਕਿ ਸਾਨੂੰ ਹਵਾ ਵਿਚ ਮਾਰਨ ਲਈ ਤਲਵਾਰਾਂ ਦੇ ਦਿੱਤੀਆਂ ਗਈਆਂ ਹੋਣ। ਮੇਰਾ ਭਾਵ ਇਹ ਹੈ ਕਿ ਭਵਿਖ ਦੀ ਚਿੰਤਾ ਕਰਨ ਤੋਂ ਪਹਿਲਾਂ ਸਾਨੂੰ ਸਾਡਾ ਵਰਤਮਾਨ ਸੁਆਰਨਾ ਪੈਣਾ ਹੈ, ਭਵਿੱਖ ਤਾਂ ਆਪ ਹੀ ਬਣ ਜਾਣਾ ਹੈ। ਸਾਡੇ ਅੱਗੇ ਚੁਣੌਤੀਆਂ ਵੀ ਹਨ ਅਸੀਂ ਇਹਨਾਂ ਚੋਂ ਉੱਭਰ ਕੇ ਬਾਹਰ ਕਿਵੇਂ ਆਉਣਾ ਹੈ ਤੇ ਅਸੀਂ ਇਹਨਾਂ ਚੁਣੌਤੀਆਂ ਨਾਲ ਨਜਿੱਠਣ ਲਈ ਉਪਰਾਲੇ ਕੀ ਕਰ ਰਹੇ ਹਾਂ ਇਹੀ ਸਾਡੇ ਲਈ ਪ੍ਰਾਥਮਿਕਤਾ ਹੋਣੀ ਚਾਹੀਦੀ ਹੈ। ਕੈਨੇਡਾ, ਭਾਰਤੀ-ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਭਾਸ਼ਾ ਦੀਆਂ ਸਥਿਤੀਆਂ ਵੱਖੋ ਵੱਖਰੀਆਂ ਹਨ। ਇਸ ਮੰਚ ਤੋਂ ਵਿਸ਼ਵ ਪੱਧਰ ਤੇ ਪੰਜਾਬੀ ਦੀ ਗੱਲ ਹੋ ਰਹੀ ਹੈ ਤੇ ਸਾਨੂੰ ਸਾਰੀਆਂ ਹੀ ਸਥਿਤੀਆਂ ਸਾਹਮਣੇ ਰੱਖਣੀਆਂ ਪੈਣੀਆਂ ਹਨ। ਮੈਂ ਆਪਣੀ ਜ਼ਿੰਦਗੀ ਦਾ ਅੱਧ ਨਾਲੋਂ ਵੱਧ ਸਮਾਂ ਭਾਰਤ ਵਿਚ ਗੁਜ਼ਾਰਿਆ ਹੈ ਜਿੱਥੇ ਮੈਂ ਬਹੁਤਾ ਸਮਾਂ ਪੰਜਾਬੀ ਭਾਸ਼ਾ ਦੀ ਵਿਦਿਆਰਥਣ ਰਹੀ ਹਾਂ ਤੇ ਥੋੜ੍ਹਾ ਸਮਾਂ ਅਧਿਆਪਨ ਕੀਤਾ ਹੈ। ਜਦੋਂ ਤੁਸੀਂ ਯੂਨੀਵਰਸਿਟੀ ਵਿਚ ਪੰਜਾਬੀ ਭਾਸ਼ਾ ਵਿੱਚ ਉੱਚ ਪੱਧਰੀ ਡਿਗਰੀਆਂ ਲੈ ਰਹੇ ਹੁੰਦੇ ਹੋ ਉਦੋਂ ਸਥਿਤੀ ਵੱਖਰੀ ਹੁੰਦੀ ਹੈ। ਤੁਸੀਂ ਬਹੁਤ ਆਸ਼ਾਵਾਦੀ ਹੁੰਦੇ ਹੋ। ਮੈਂ ਕੁਰੂਕਸ਼ੇਤਰ ਯੂਨੀਵਰਸਿਟੀ ਪੰਜਾਬੀ ਅਤੇ ਪੰਜਾਬ ਯੂਨੀਵਰਸਿਟੀਆਂ ਦੀਆਂ ਲਾਇਬਰੇਰੀਆਂ ਵਿੱਚ ਬੈਠ ਕੇ ਰਿਸਰਚ ਪੇਪਰ ਪੜ੍ਹੇ-ਲਿਖੇ ਅਤੇ ਖੋਜ ਕਾਰਜ ਕੀਤਾ ਹੈ, ਉੱਥੇ ਅਧਿਆਪਕਾਂ ਦੀ ਸੰਗਤ ਵਿੱਚ ਰਹਿ ਕੇ ਪੰਜਾਬੀ ਭਾਸ਼ਾ ਦੇ ਨਿਕਾਸ-ਵਿਕਾਸ ਤੇ ਚਰਚਾਵਾਂ ਕੀਤੀਆਂ ਹਨ। ਉੱਥੇ ਕਿਤੇ ਇਹ ਨਹੀਂ ਪੜ੍ਹਿਆ ਕਿ ਯਥਾਰਥ ਵਿੱਚ ਜਾ ਕੇ ਭਾਵ ਵਿਦਿਆਰਥੀ ਜੀਵਨ ਤੋਂ ਬਾਹਰ ਜਾ ਕੇ ਸਕੂਲੀ ਪੱਧਰ ਤੇ ਬੱਚਿਆਂ ਨੂੰ ਪੰਜਾਬੀ ਨਾਲ ਕਿਵੇਂ ਜੋੜਨਾ ਹੈ, ਉਹਨਾਂ ਵਿੱਚ ਪੰਜਾਬੀ ਲਈ ਰੁਚੀ ਕਿਵੇਂ ਪੈਦਾ ਕਰਨੀ ਹੈ। ਹਾਲਾਂ ਕਿ ਉੱਚੀਆਂ ਡਿਗਰੀਆਂ ਲੈਂਦੇ ਸਮੇਂ ਸਾਡੇ ਸੁਪਨੇ ਵੀ ਉੱਚੇ ਹੁੰਦੇ ਹਨ ਅਸੀਂ ਕਾਲਿਜ ਪ੍ਰੋਫ਼ੈਸਰੀ ਤੋਂ ਹੇਠਾਂ ਤਾਂ ਸੋਚਦੇ ਹੀ ਨਹੀਂ। ਪੰਜਾਬੀ ਦਾ ਨਿਕਾਸ ਤੇ ਪੜ੍ਹ ਲਿਆ ਪਰ ਵਿਕਾਸ ਕਿਵੇਂ ਕਰਨਾ ਹੈ ਇਸ ਦੀ ਗੱਲ ਅਸੀਂ ਨਹੀਂ ਸਿੱਖਦੇ ਜਾਂ ਕਰਦੇ, ਸਾਡੇ ਨਾਲ ਬਹੁਤੇ ਵਿਦਿਆਰਥੀ ਐਮ. ਏ ਅਤੇ ਐਮ. ਫਿਲ. ਜਾਂ ਪੀ.ਐਚ.ਡੀ. ਕਰਦਿਆਂ ਵੀ ਅਜਿਹੇ ਸਨ ਜੋ ਬਸ ਵਿੱਚ ਸਫਰ ਕਰਨ ਲਗਿਆਂ ਜਾਂ ਕਿਤੇ ਹੋਰ ਕੈਫੇ ਜਾਂ ਕਿਤੇ ਵੀ ਬਾਹਰ ਵਿਚਰਦਿਆਂ ਪੰਜਾਬੀ ਦੀਆਂ ਕਿਤਾਬਾਂ ਉਪਰ ਕੋਈ ਅੰਗਰੇਜ਼ੀ ਦੀ ਕਿਤਾਬ ਰੱਖ ਲੈਂਦੇ ਸਨ ਤਾਂ ਕਿ ਸਾਨੂੰ ਪੰਜਾਬੀ ਪੜ੍ਹਦਾ ਜਾਣ ਕੇ ਜਾਂ ਪੰਜਾਬੀ ਦੇ ਵਿਦਿਆਰਥੀ ਸਮਝ ਕੇ ਕੋਈ ਸਾਨੂੰ ਐਵੇਂ ਜਿਹਾ ਹੀ ਨਾ ਸਮਝੇ। ਇਹ ਹੀਣ ਭਾਵਨਾ ਉਦੋਂ ਅੱਜ ਤੋਂ ਵੀਹ-ਕੁ ਸਾਲ ਪਹਿਲਾਂ ਪੰਜਾਬੀ ਪੜ੍ਹਦੇ ਵਿਦਿਆਰਥੀਆਂ ਦੇ ਵਿੱਚ ਹੁੰਦੀ ਸੀ। ਅੱਜ ਦਾ ਮੈਨੂੰ ਪਤਾ ਨਹੀਂ, ਜਦੋਂ ਜਿਸ ਭਾਸ਼ਾ ਨੂੰ ਅਸੀਂ ਪੀ.ਐਚ.ਡੀ. ਤਕ ਪੜ੍ਹ ਰਹੇ ਹਾਂ ਪਰ ਦੱਸਣ ਲੱਗੇ ਸ਼ਰਮਾਉਣੇ ਹਾਂ ਫਿਰ ਉਸਦਾ ਵਿਕਾਸ ਸਾਡੇ ਹੱਥੋਂ ਕੀ ਹੋ ਸਕਦਾ ਸੀ? ਸਾਡਾ ਹਾਲ ਵੀ ਉਹੀ ਸੰਸਕ੍ਰਿਤ ਭਾਸ਼ਾ ਵਾਲਾ ਹੋਇਆ ਪਿਆ ਹੈ। ਜੋ ਉੱਚ ਪੱਧਰੀਆਂ ਡਿਗਰੀਆਂ ਤਾਂ ਯੂਨੀਵਰਸਿਟੀਆਂ ਵਲੋਂ ਦਿੱਤੀਆਂ ਜਾ ਰਹੀਆਂ ਪਰ ਬੱਚਿਆਂ ਨੂੰ ਪੜ੍ਹਾਉਣ ਦਾ ਕੋਈ ਪੁਖਤਾ ਕਾਰਜ ਨਹੀਂ ਹੋ ਰਿਹਾ। ਪੰਡਤਾਂ ਜਾਂ ਉੱਚ ਵਿੱਦਵਾਨਾਂ ਨੇ ਇਸ ਬੋਲੀ ਨੂੰ ਆਮ ਲੋਕਾਂ ਨਾਲ ਜੁੜਨ ਨਹੀਂ ਦਿੱਤਾ। ਪੁਰਾਣੇ ਜ਼ਮਾਨੇ ਵਿੱਚ ਉੱਚ ਕੁੱਲ ਦੇ ਬ੍ਰਾਹਮਣ ਸੰਸਕ੍ਰਿਤ ਨੂੰ ਆਪਣੀ ਜਾਗੀਰ ਸਮਝਦੇ ਸਨ ਤੇ ਸ਼ਾਸਤਰ ਗਿਆਨ ਤੇ ਸ਼ਲੋਕ ਗਾਉਣ ਦੀ ਆਮ ਲੋਕਾਂ ਨੂੰ ਇਜਾਜ਼ਤ ਨਹੀਂ ਸੀ ਉਹੀ ਹਾਲ ਸਾਡੇ ਕੁਛ ਕੁ ਅਖੌਤੀ ਪੰਜਾਬੀ ਵਿੱਦਵਾਨਾਂ ਨੇ ਅੱਜ ਵੀ ਕੀਤਾ ਹੋਇਆ ਹੈ। ਆਪ ਕੁਝ ਕਰਨਾ ਨਹੀਂ ਤੇ ਕਿਸੇ ਨੂੰ ਕਰਨ ਦੇਣਾ ਨਹੀਂ। ਉਹਨਾਂ ਲਈ ਵਿਸ਼ਵ ਭਰ ਵਿੱਚ ਹੁੰਦੀਆਂ ਕਾਨਫਰੰਸਾਂ ਖਾਸ ਕਰਕੇ (ਪੰਜਾਬ ਤੋਂ ਬਾਹਰ) ਸੈਰਨੀ ਕਾਨਫਰੈਂਸਾਂ ਹਨ ਕਿਉਂਕਿ ਉਹਨਾਂ ਨੂੰ ਕਰਵਾਉਣ ਵਾਲੇ ਸਾਹਿਤਕਾਰ ਨਹੀਂ। ਭਲਿਉ ਲੋਕੋ ਸਾਨੂੰ ਤਾਂ ਇਸ ਗੱਲ ਤੇ ਮਾਣ ਹੋਣਾ ਚਾਹੀਦਾ ਹੈ ਕਿ ਹੋਰ ਵਿਵਸਾਇ (ਕਿੱਤੇ) ਨਾਲ ਜੁੜੀਆਂ ਸੰਸਥਾਵਾਂ ਅੱਗੇ ਆ ਰਹੀਆਂ ਹਨ ਅਤੇ ਪੰਜਾਬੀ ਬੋਲੀ ਦੇ ਪ੍ਰਚਾਰ ਪ੍ਰਸਾਰ ਲਈ ਜ਼ਮੀਨੀ ਪੱਧਰ ਤੇ ਕਾਰ-ਜ਼ਸੀਲ ਹਨ। ਮੈਂ ਤਾਂ ਹੈਰਾਨ ਹਾਂ ਕੇ ਕੁਛ ਲੋਕਾਂ ਦੀ ਨਾਂਹ ਪੱਖੀ ਸੋਚ ਤੇ ਜੋ ਕੇਵਲ ਨਕਾਰਾਤਮਕ ਮੁੱਦੇ ਹੀ ਖੜ੍ਹੇ ਕਰਦੀ ਹੈ। ਅਮਲੀ ਰੂਪ ਵਿਚ ਕੁਝ ਨਹੀਂ ਕਰਦੀ।

ਇਸ ਸਮੇਂ ਭਾਰਤੀ ਪੰਜਾਬ ਅਤੇ ਪੱਛਮੀ ਪੰਜਾਬ ਦੋਹਾਂ ਵਿੱਚ ਵੀ ਕੋਈ ਵਿਸ਼ੇਸ਼ ਕਾਰਜ ਪੰਜਾਬੀ ਬੋਲੀ ਦੇ ਪ੍ਰਚਾਰ ਪ੍ਰਸਾਰ ਲਈ ਨਹੀਂ ਹੋ ਰਹੇ, ਕੇਵਲ ਕਾਗਜ਼ੀ ਕਾਰਵਾਈ ਜਾਂ ਹਵਾਈ ਮਸਲੇ ਭਾਵੇਂ ਖੜ੍ਹੇ ਕੀਤੇ ਜਾ ਰਹੇ ਹੋਣ ਪਰ ਪੰਜਾਬੀ ਬੋਲੀ ਨੂੰ ਬੋਲਣ ਤੇ ਲਿਖਣ ਪੜ੍ਹਨ ਵਿਚ ਹਾਲੇ ਵੀ ਸਾਡੀ ਨਵੀਂ ਪੀੜ੍ਹੀ ਦੇ ਲੋਕ ਝਿਜਕਦੇ ਜਾਂ ਸ਼ਾਨ ਦੇ ਖਿਲਾਫ਼ ਸਮਝਦੇ ਹਨ। ਕਾਰਣ ਭਾਵੇਂ ਕਈ ਹਨ ਪਰ ਹਕੀਕਤ ਇਕੋ ਹੀ ਹੈ ਕਿ ਪੰਜਾਬੀ ਪ੍ਰਤੀ ਰਵੱਈਆ ਭਾਵੁਕਤਾ ਹੀਣ ਖੁਸ਼ਕ ਜਿਹਾ ਹੈ। ਅਜੋਕੇ ਹਾਲਾਤ ਵਿੱਚ ਮੈਨੂੰ ਰਸੂਲ ਹਮਜ਼ਾਤੋਵ ਦੀ ਕਵਿਤਾ ਯਾਦ ਆਉਂਦੀ ਹੈ ਜੋ ਮੈਂ ਇੱਥੇ ਪੂਰੀ ਤੇ ਨਹੀਂ ਸੁਣਾਵਾਂਗੀ ਪਰ ਕੁਝ ਸਤਰਾਂ ਜ਼ਰੂਰ ਤੁਹਾਡੇ ਨਾਲ ਸਾਂਝੀਆਂ ਕਰਾਂਗੀ।

ਸੁਪਨੇ ਬੜੀ ਵਿਚਿੱਤਰ ਦੁਨੀਆਂ ਹੁੰਦੇ ਨੇ
ਅੱਜ ਸੁਪਨੇ ਵਿਚ ਦੇਖਾਂ - ਮੈਂ ਮਰਿਆ ਹੋਇਆ
ਸਿਖ਼ਰ ਦੁਪਿਹਰੇ ਦਾਗ਼ਿਸਤਾਨ ਦੀ ਵਾਦੀ ਵਿੱਚ
ਸੀਨੇ ਗੋਲੀ ਖਾਈ ਮੈਂ ਨਿਰਜਿੰਦ ਪਿਆ

ਮੈਂ ਅੰਤਮ ਸਾਹਾਂ 'ਤੇ ਕਿਸੇ ਨੂੰ ਪਤਾ ਨਹੀਂ
ਨਾ ਕੋਈ ਅੱਜ ਵਿਦਾ ਕਹਿਣ ਹੀ ਆਏਗਾ
ਸਿਰਫ਼ ਕਿਤੇ ਅਸਮਾਨੀ ਚੀਲ੍ਹਾਂ ਚੀਕਦੀਆਂ
ਹਿਰਨੀਆਂ ਨੂੰ ਕਿਤੇ ਬੇਵਸ ਹਉਕਾ ਆਏਗਾ

ਮੈਂ ਇੰਝ ਪਿਆ ਨਿਸੱਤਾ ਸਾਂ ਦਮ ਤੋੜ ਰਿਹਾ
ਅਚਨਚੇਤ ਮੇਰੇ ਕੰਨੀਂ ਕੋਈ ਵਾਜ ਪਈ
ਦੋ ਬੰਦੇ ਨੇੜੇ ਸਨ ਆ ਰਹੇ, ਉਹਨਾਂ ਵਿਚ
ਮੇਰੀ ਮਾਂ ਦੀ ਬੋਲੀ ਦੀ ਚਰਚਾ ਚਲ ਰਹੀ

ਔਧਮੋਇਆ ਮੈਂ ਮਾਂ ਬੋਲੀ ਦੀ ਧੁਨੀ ਸੁਣੀ
ਜਾਨ ਪਈ, 'ਤੇ ਇਸ ਚਾਨਣ ਦੀ ਆਈ ਘੜੀ
ਕਿ ਮੇਰੇ ਦੁੱਖਾਂ ਦਾ ਦਾਰੂ ਮਾਂ ਬੋਲੀ
ਨਾਂ ਕੋਈ ਵੈਦ ਹਕੀਮ, ਨਾਂ ਕੋਈ ਜਾਦੂਗਰੀ

ਰਸੂਲ ਹਮਜ਼ਾਤੋਵ ਦੀਆਂ ਇਹ ਪੰਗਤੀਆਂ ਮਾਂ ਬੋਲੀ ਦੀ ਮਹੱਤਤਾ ਨੂੰ ਕਿਨਾਂ ਸੋਹਣਾ ਬਿਆਨ ਕਰ ਗਈਆਂ ਨੇ। ਰਸੂਲ ਹਮਜ਼ਾਤੋਵ ਤੇ ਇਹ ਵੀ ਕਹਿੰਦਾ ਹੈ ਕਿ ਦੁਨੀਆਂ ਦਾ ਸਭ ਤੋਂ ਵਡਾ ਸਰਾਪ ਇਹ ਹੈ ਕਿ ਕੋਈ ਆਪਣੀ ਮਾਂ ਬੋਲੀ ਭੁੱਲ ਜਾਵੇ, ਮਾਂ ਬੋਲੀ ਤੋਂ ਟੁੱਟਿਆ ਵਿਅਕਤੀ ਤਾਂ ਦੁਨੀਆਂ ਦੀ ਭੀੜ ਵਿੱਚ ਗਵਾਚ ਜਾਂਦਾ ਹੈ, ਉਹ ਤਾਂ ਇਥੋਂ ਤਕ ਲਿਖਦਾ ਹੈ ਕਿ ਜਿਸ ਦੇ ਮਨ ਵਿੱਚ ਆਪਣੀ ਮਾਂ ਬੋਲੀ ਲਈ ਪਿਆਰ ਨਹੀਂ, ਉਹ ਮਨੁੱਖ ਇਕ ਮਸਾਣ ਵਾਂਗ ਹੁੰਦਾ ਹੈ।

"ਕਿਸੇ ਵਿੱਦਵਾਨ ਨੇ ਠੀਕ ਹੀ ਕਿਹਾ ਹੈ ਕਿ ਆਪਣੀ ਮਾਤ ਭਾਸ਼ਾ ਦਾ ਸਤਿਕਾਰ ਕਰਨਾ, ਆਪਣੇ ਬਜ਼ੁਰਗਾਂ ਦੇ ਪੈਰੀਂ ਹੱਥ ਲਾਉਣ ਵਾਂਗਰ ਹੈ, ਦੂਜੀਆਂ ਭਾਸ਼ਾਵਾਂ ਖੂਹ ਦੇ ਪਾਣੀ ਵਾਂਗਰ ਹੁੰਦੀਆਂ ਹਨ, ਜਿਸ ਵਿਚ ਛਾਲ ਤਾਂ ਮਾਰੀ ਜਾ ਸਕਦੀ ਹੈ ਪਰ ਦਰਿਆ ਵਾਂਗਰ ਤਾਰੀਆਂ ਨਹੀਂ ਲਾਈਆਂ ਜਾ ਸਕਦੀਆਂ।"

ਮੈਕਸਿਮ ਗੋਰਕੀ ਦੇ ਅਨੁਸਾਰ ਜੋ ਕੌਮਾਂ ਆਪਣੀ ਮਾਂ-ਬੋਲੀ ਤੋਂ ਬੇਮੁੱਖ ਹੋ ਜਾਂਦੀਆਂ ਹਨ, ਉਹਨਾਂ ਦਾ ਪਤਨ ਜਲਦੀ ਹੋ ਜਾਂਦਾ ਹੈ। ਮਹਾਂ ਵਿਦਵਾਨ ਰਵੀਂਦਰਨਾਥ ਟੈਗੋਰ ਨੇ ਵੀ ਕਿਹਾ ਹੈ ਕਿ ਬੱਚੇ ਦੀ ਮੁੱਢਲੀ ਸਿੱਖਿਆ ਮਾਤਭਾਸ਼ਾ ਵਿੱਚ ਹੋਣੀ ਚਾਹੀਦੀ ਹੈ। ਮਾਤਭਾਸ਼ਾ ਤੋਂ ਬਿਨਾਂ ਨਾਂ ਆਨੰਦ ਮਿਲਦਾ ਹੈ ਤੇ ਨਾਂ ਹੀ ਵਿਸਤਾਰ ਹੁੰਦਾ ਹੈ। ਨਾਂ ਹੀ ਸਾਡੀਆਂ ਯੋਜਨਾਵਾਂ ਸਫ਼ਲ ਹੁੰਦੀਆਂ ਹਨ। ਯੂਨੈਸਕੋ ਦੀ ਰਿਪੋਰਟ ਆਉਣ ਤੋਂ ਬਾਅਦ ਸਾਰੇ ਪੰਜਾਬੀਆਂ ਵਿੱਚ ਤੇ ਪੰਜਾਬੀ ਨੂੰ ਪਿਆਰ ਕਰਨ ਵਾਲਿਆਂ ਵਿੱਚ ਚਿੰਤਾ ਦੀ ਲਹਿਰ ਫੈਲੀ ਹੈ ਜੋ ਸੁਭਾਵਿਕ ਹੀ ਹੈ। ਯੂਨੈਸਕੋ ਦੀ ਰਿਪੋਰਟ ਅਨੁਸਾਰ ਵਰਤਮਾਨ ਸੰਸਾਰ ਦੀਆਂ 6000, ਜੀਵਿਤ ਬੋਲੀਆਂ ਵਿਚੋਂ ਅੱਗੇ ਆਉਣ ਵਾਲੇ ਸਾਲਾਂ ਵਿੱਚ ਕੁਝ ਖ਼ਤਮ ਹੋ ਜਾਣਗੀਆਂ ਅਤੇ ਪੰਜਾਬੀ ਬੋਲੀ ਵੀ ਉਹਨਾਂ ਉਸ ਸ਼੍ਰੇਣੀ ਵਿਚ ਰੱਖੀ ਜਾ ਸਕਦੀ ਹੈ। ਜਿਹਨਾਂ ਬੋਲੀਆਂ ਦਾ ਖਦਸ਼ਾ ਅਗਲੇ ਪੰਜਾਹ ਸਾਲਾਂ ਤਕ ਖ਼ਤਮ ਹੋ ਜਾਣ ਦਾ ਹੈ ਭਾਵੇਂ ਇਹ ਗੱਲ ਪੂਰੀ ਸੱਚ ਨਹੀਂ ਲੱਗਦੀ ਕਿਉਂਕਿ ਦੁਨੀਆਂ ਵਿੱਚ ਬੋਲੀਆਂ ਜਾਂਦੀਆਂ ਤਕਰੀਬਨ ਸੱਤ ਕੁ ਹਜ਼ਾਰ ਬੋਲੀਆਂ ਵਿਚੋਂ ਪੰਜਾਬੀ ਬੋਲੀ ਦਸਵੇਂ ਸਥਾਨ ਉੱਤੇ ਆਉਂਦੀ ਹੈ। ਦੁਨੀਆਂ ਦੀ ਕੁੱਲ ਵਸੋਂ ਦਾ 1.44 ਫੀਸਦੀ ਹਿੱਸਾ ਪੰਜਾਬੀ ਬੋਲਦਾ ਹੈ ਅਤੇ ਪੰਜਾਬੀ ਬੋਲਣ ਵਾਲਿਆਂ ਦੀ ਕੁਲ ਗਿਣਤੀ 10.2 ਕਰੋੜ ਹੈ।

ਭਾਵੇਂ ਯੂਨੈਸਕੋ ਦੀ ਪੰਜਾਬੀ ਭਾਸ਼ਾ ਦੇ ਪਤਨ ਦੀ ਰਿਪੋਰਟ ਤੇ ਅਸੀਂ ਬਹੁਤੇ ਸਹਿਮਤ ਨਹੀਂ ਪਰ ਸਾਨੂੰ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਠੋਸ ਕਦਮ ਚੁੱਕਣ ਦੀ ਸਖ਼ਤ ਲੋੜ ਹੈ। ਜਿਸ ਤਰ੍ਹਾਂ ਦਾ ਰੁਝਾਨ ਵੱਧ ਰਿਹਾ ਹੈ, ਪੰਜਾਬੀ ਭਾਸ਼ਾ ਪ੍ਰਤੀ ਨੌਜਵਾਨ ਵਰਗ ਦਾ ਰਵੈਯਾ ਨਕਾਰਾਤਮਕ ਹੁੰਦਾ ਜਾ ਰਿਹਾ ਹੈ ਜੋ ਚਿੰਤਾਜਨਕ ਹੈ। ਸਾਡੇ ਅੱਗੇ ਸਵਾਲ ਪੰਜਾਬੀ ਭਾਸ਼ਾ ਦੇ ਵਿਕਾਸ ਕਰਨ ਦਾ ਹੈ ਤਾਂ ਹੀ ਪੰਜਾਬੀਆਂ ਦੁਆਰਾ ਸਿਰਜਿਆ ਗਿਆਨ ਦੁਨੀਆਂ ਤਕ ਪਹੁੰਚ ਸਕਦਾ ਹੈ।

ਮੁੱਠਾਂ ਮੀਟ ਕੇ ਨੁੱਕਰੇ ਹਾਂ ਬੈਠੀ,
ਟੁੱਟੀ ਹੋਈ ਸਤਾਰ ਰਬਾਬੀਆਂ ਦੀ।
ਪੁੱਛੀ ਬਾਤ ਨਾਂ ਜਿਨ੍ਹਾਂ ਨੇ ਸ਼ਰਫ਼ ਮੇਰੀ,
ਵੇ ਮੈਂ ਬੋਲੀ ਹਾਂ ਉਹਨਾਂ ਪੰਜਾਬੀਆਂ ਦੀ।

ਅਸੀਂ ਸਾਰੇ ਹੀ ਜਾਣਦੇ ਹਾਂ ਪੰਜਾਬੀ ਭਾਸ਼ਾ ਨੂੰ ਸਭ ਤੋਂ ਵਡੀ ਚੁਣੌਤੀ ਸਰਕਾਰਾਂ ਤੋਂ ਹੈ। ਸਾਡੀਆਂ ਸਰਕਾਰਾਂ ਨੇ ਪੰਜਾਬੀ ਬੋਲੀ ਨਾਲ ਹਮੇਸ਼ਾ ਧਰੋਹ ਕਮਾਇਆ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਲੈ ਕੇ ਹੁਣ ਤਕ ਦੀਆਂ ਸਰਕਾਰਾਂ ਨੇ ਪੰਜਾਬੀ ਨੂੰ ਉਸਦਾ ਬਨਦਾ ਸਤਿਕਾਰ ਨਹੀਂ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਵੀ ਰਾਜ ਕਾਜ ਦੀ ਭਾਸ਼ਾ ਫ਼ਾਰਸੀ ਹੀ ਬਣਾਈ ਰੱਖੀ। ਅੰਗਰੇਜ਼ੀ ਰਾਜ ਵੇਲੇ ਪੰਜਾਬੀ ਭਾਸ਼ਾ ਦਾ ਥੋੜ੍ਹਾ ਬਹੁਤ ਵਿਕਾਸ ਹੋਇਆ ਹੈ ਉਹਨਾਂ ਦੇਸੀ ਲੋਕਾਂ ਨਾਲ ਸਬੰਧ ਬਣਾਉਣ ਲਈ ਪੰਜਾਬੀ ਭਾਸ਼ਾ ਨੂੰ ਪੌੜੀ ਵਾਂਗ ਵਰਤਿਆ।

ਆਜ਼ਾਦੀ ਤੋਂ ਬਾਅਦ ਜਿਨੀਆਂ ਵੀ ਸਰਕਾਰਾਂ ਬਣੀਆਂ ਉਹਨਾਂ ਹਿੰਦੀ ਭਾਸ਼ਾ ਦੀ ਪੈਰਵੀ ਹੀ ਕੀਤੀ। 1966-67 ਈ. ਵਿਚ ਲਛਮਣ ਸਿੰਘ ਗਿੱਲ ਦੀ ਸਰਕਾਰ ਨੇ ਰਾਜ ਭਾਸ਼ਾ ਐਕਟ ਬਣਾ ਕੇ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਦਰਜਾ ਦਿੱਤਾ। ਉਸ ਸਮੇਂ ਵਿੱਚ ਜਾ ਕੇ ਸਰਕਾਰੀ ਕੰਮ ਕਾਜ ਪੰਜਾਬੀ ਵਿੱਚ ਕਰਨ ਦਾ ਅਧਿਕਾਰ ਮਿਲਿਆ। ਲਛਮਣ ਸਿੰਘ ਦੀ ਥੋੜ੍ਹ ਚਿਰੀ ਸਰਕਾਰ ਦੇ ਖ਼ਾਤਮੇ ਤੇ ਇਹ ਅਧਿਕਾਰ ਕਾਗਜ਼ਾਂ ਵਿੱਚ ਹੀ ਗੁੰਮ ਹੋ ਕੇ ਰਹਿ ਗਿਆ। ਕਿਸੇ ਵੀ ਸਰਕਾਰ ਨੇ ਉਸਨੂੰ ਸੰਜੀਦਗੀ ਨਾਲ ਲਾਗੂ ਨਹੀਂ ਕੀਤਾ।

ਅੱਜ ਵੀ ਪੰਜਾਬ ਦੇ ਸਰਕਾਰੀ, ਅਰਧ ਸਰਕਾਰੀ, ਦਫ਼ਤਰਾਂ, ਕਾਲਜਾਂ, ਸਕੂਲਾਂ ਵਿੱਚ ਕੰਮ ਕਾਜ ਅੰਗਰੇਜ਼ੀ ਵਿੱਚ ਹੀ ਹੋ ਰਿਹਾ ਹੈ। ਸਰਕਾਰਾਂ ਦੀ ਇਸ ਬੇਰੁਖ਼ੀ ਨੂੰ ਤੋੜਨਾ ਪੰਜਾਬੀ ਭਾਸ਼ਾ ਦੇ ਚਿੰਤਕਾਂ ਲਈ ਸਭ ਤੋਂ ਵਡੀ ਚੁਣੌਤੀ ਹੈ। ਕਿਸੇ ਵੀ ਭਾਸ਼ਾ ਦੇ ਪੂਰਨ ਵਿਕਾਸ ਲਈ ਸਮੇਂ ਦੀ ਸਰਕਾਰ ਦਾ ਸਹਾਈ ਹੋਣਾ ਬਹੁਤ ਜ਼ਰੂਰੀ ਹੈ। ਇਹੀ ਹਾਲ ਪਾਕਿਸਤਾਨੀ ਪੰਜਾਬ ਦਾ ਹੈ। ਉੱਥੇ ਵੀ ਪੰਜਾਬੀ ਨੂੰ ਸਿੱਖਾਂ ਦੀ ਬੋਲੀ ਸੱਮਝ ਕੇ ਰਾਜਨੀਤਕ ਤੇ ਸਿਆਸਤੀ ਵਿਤਕਰਾ ਹੁੰਦਾ ਰਿਹਾ ਹੈ। ਪੁਰਾਣੀਆਂ ਗੱਲਾਂ ਤਾਂ ਛਡੋ ਆਹ ਕਲ ਪਰਸੋਂ ਦੀ ਹੀ ਗਲ ਹੈ। ਜਮੂ ਕਸ਼ਮੀਰ ਵਿੱਚੋਂ ਸਕੂਲੀ ਪੜਾਈ ਵਿੱਚੋਂ ਪੰਜਾਬੀ ਨੂੰ ਬਿਲਕੁਲ ਸਾਫ਼ ਕਰ ਦਿੱਤਾ ਗਿਆ। ਤਿੰਨ ਭਾਸ਼ਾਵਾਂ ਡੋਗਰੀ, ਕਸ਼ਮੀਰੀ ਤੇ ਬੋਧੀ ਹੀ ਸਕੂਲਾਂ ਵਿੱਚ ਪੜ੍ਹਾਈ ਜਾਵੇਗੀ। ਪੰਜਾਬੀ ਦਾ ਆਪਸ਼ਨ ਹੀ ਹਟਾ ਦਿੱਤਾ ਗਿਆ ਹੈ। ਪੰਜਾਬੀ ਭਾਈਚਾਰੇ ਨੂੰ ਪਹਿਲੀ ਸਥਿਤੀ ਬਹਾਲ ਕਰਨ ਲਈ ਪੂਰੀ ਜੱਦੋ-ਜਹਿਦ ਕਰਨੀ ਪਈ ਹੈ।

ਦੋਹਾਂ ਹੀ ਪੰਜਾਬਾਂ ਵਿੱਚ ਮਾਂ ਬੋਲੀ ਸਿਆਸਤਦਾਨਾਂ ਦੀ ਬੇਕਦਰੀ ਦੀ ਸ਼ਿਕਾਰ ਹੈ। ਤੁਹਾਡੇ ਹੱਥ ਵਿੱਚ ਪੰਜਾਬੀ ਭਾਸ਼ਾ ਦਾ ਭਵਿੱਖ ਹੈ। ਸਦਾ ਨਾ ਇਨਸਾਫ਼ੀ ਦੀ ਸ਼ਿਕਾਰ ਰਹੀ ਹੈ। ਪੱਛਮੀ ਪੰਜਾਬ ਵਿੱਚ ਵ ਤੇ ਭਾਰਤੀ ਵਿਚ ਵੀ। ਸਰਕਾਰਾਂ ਤਾਂ ਬਦਲੀਆਂ ਚਹਿੰਦੀਆਂ ਰਹਿੰਦੀਆਂ ਹਨ। ਸਾਡੇ ਦਿਲਾਂ ਵਿੱਚ ਪੰਜਾਬੀ ਦਾ ਦੀਵਾ ਬਲਦਾ ਰਹਿਣਾ ਚਾਹੀਦਾ ਹੈ। ਸਾਨੂੰ ਪੰਜਾਬੀ ਵਿੱਚ ਵੱਧ ਤੋਂ ਵੱਧ ਪੜ੍ਹਨਾ ਚਾਹੀਦਾ ਹੈ। ਆਪਣੀ ਮਾਂ ਬੋਲੀ ਨਾਲ ਵੱਧ ਤੋਂ ਵੱਧ ਜੁੜਨਾ ਚਾਹੀਦਾ ਹੈ।

ਉਹ ਬੰਦੇ ਤੇ ਉਹ ਕੌਮਾਂ ਜਿਹੜੀਆਂ ਆਪਣੀ ਮਾਤ ਭਾਸ਼ਾ ਨਾਲੋਂ ਟੁੱਟ ਜਾਂਦੀਆਂ ਹਨ ਉਹਨਾਂ ਦਾ ਕੋਈ ਭਵਿੱਖ ਨਹੀਂ ਹੁੰਦਾ। ਕੁਝ ਲੋਕ ਪੰਜਾਬ ਵਿਚ ਰਹਿ ਕੇ ਪੰਜਾਬੀ ਦਾ ਰਸਤਾ ਰੋਕੀ ਬੈਠੇ ਹਨ। ਇਸਨੂੰ ਵੱਧਣ ਫੁਲਣ ਨਹੀਂ ਦੇਂਦੇ, ਪੰਜਾਬੀ ਹੋਣ ਤੇ ਪੰਜਾਬੀ ਬੋਲਣ ਦਾ ਮਾਣ ਮਹਿਸੂਸ ਕਰਾਉਣ ਲਈ ਉਪਰਾਲੇ ਕਰਨੇ ਪੈਂਦੇ ਹਨ। ਸਾਨੂੰ ਕੀ ਕਰਨਾ ਚਾਹੀਦਾ ਹੈ, ਸਾਡੇ ਅੱਗੇ ਕੀ ਚੁਣੌਤੀਆਂ ਹਨ ਅਤੇ ਉਹਨਾਂ ਦਾ ਹੱਲ ਲੱਭਣ ਲਈ, ਅੱਜ ਅਸੀਂ ਸਾਰੇ ਇਥੇ ਇਕੱਠੇ ਹਾਂ। ਤੁਹਾਡੇ ਵਰਗੇ ਵਿਦਵਾਨ ਸੱਜਣਾਂ ਨੇ ਇਸ ਗੱਲ ਦਾ ਉੱਤਰ ਦੇਣਾ ਹੈ। ਮਸਲਿਆਂ ਦੇ ਹੱਲ ਲੱਭਣੇ ਹਨ ਕੁਝ ਮਸਲੇ ਮੇਰੀ ਨਜ਼ਰੇ ਵੀ ਆਏ ਹਨ ਜੋ ਭਾਰਤੀ ਪੰਜਾਬ ਵਿੱਚ ਵਾਪਰ ਰਹੇ ਹਨ ਜੋ ਗੰਭੀਰਤਾ ਦੀ ਮੰਗ ਕਰਦੇ ਹਨ।

ਪੰਜਾਬੀ ਭਾਸ਼ਾ ਸਾਹਵੇਂ ਚੁਣੌਤੀਆਂ ਦਰ ਚੁਣੌਤੀਆਂ

1. ਪੰਜਾਬ ਦਾ ਮੁੱਖ ਮੰਤਰੀ ਅਮਰਿੰਦਰ ਸਿੰਘ ਗਵਰਨਰ ਦੇ ਭਾਸ਼ਨ ਉਪਰ ਬਹਿਸ ਦਾ ਜਵਾਬ ਪੰਜਾਬੀ ਦੀ ਥਾਂ ਅੰਗਰੇਜ਼ੀ ਵਿਚ ਦਿੰਦਾ ਹੈ।
2. ਮੁੱਖ ਮੰਤਰੀ ਅਤੇ ਵਿਦਿਆ ਮੰਤਰੀ ਸਹੁੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲੈਂਦੇ ਹਨ।
3. ਤਕਨੀਕੀ ਕਾਲਜਾਂ ਵਿੱਚ ਪੰਜਾਬੀ ਦੀ ਆਪਸ਼ਨ ਖ਼ਤਮ ਕੀਤੀ ਜਾ ਰਹੀ ਹੈ।
4. ਹਰਿਆਣੇ ਵਿੱਚ ਪੰਜਾਬੀ ਦੂਜੀ ਭਾਸ਼ਾ ਹੋਣ ਦੇ ਬਾਵਜੂਦ ਉਸਦਾ ਹਰ ਸਕੂਲ ਵਿੱਚ ਪੜ੍ਹਾਇਆ ਜਾਣਾ ਸੁਨਿਸ਼ਚਿਤ ਨਹੀਂ ਹੋ ਰਿਹਾ।
5. ਪੰਜਾਬ ਵਿੱਚ ਪਹਿਲੀ ਤੋਂ ਅੰਗਰੇਜ਼ੀ ਅਤੇ ਹੁਣ 400 ਸਰਕਾਰੀ ਸਕੂਲਾਂ ਵਿੱਚ ਵੀ ਮਾਧਿਅਮ ਅੰਗਰੇਜ਼ੀ ਬਣਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ।
6. ਹਿਮਾਚਲ ਪ੍ਰਦੇਸ਼ ਵਿੱਚ ਪੰਜਾਬੀ ਨੂੰ ਕੋਈ ਦਰਜਾ ਨਹੀਂ।
7. ਰਾਜਸਥਾਨ ਵਿੱਚ ਵੀ ਪੰਜਾਬੀਆਂ ਦੀ ਗਿਣਤੀ ਕਾਫ਼ੀ ਹੋਣ ਦੇ ਬਾਵਜੂਦ ਪੰਜਾਬੀ ਦੀ ਕੋਈ ਪੁੱਛ ਗਿੱਛ ਨਹੀਂ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ:-

**ਕੀ ਕਰੀਏ ਪੰਜਾਬੀ ਨੂੰ ਬਚਾਉਣ ਲਈ:**

1. ਸਰਕਾਰਾਂ ਦੀ, ਸਿਆਸਦਾਨਾਂ ਦੀ ਬੇਰੁਖੀ ਦਾ ਅਤੇ ਧੱਕੇਸ਼ਾਹੀ-ਪੱਖਪਾਤ ਦਾ ਵਿਰੋਧ ਕੀਤਾ ਜਾਵੇ।
2. ਧਾਰਮਿਕ ਪਛਾਣ ਤੋਂ ਉੱਪਰ ਉੱਠ ਕੇ ਪੰਜਾਬੀ ਪਛਾਣ ਨੂੰ ਤਰਜੀਹ ਦਿੱਤੀ ਜਾਵੇ। ਕੇਵਲ ਸਿੱਖਾਂ ਦੀ ਬੋਲੀ ਜਾਣ ਕੇ ਜੋ ਵਿਤਕਰਾ ਕੀਤਾ ਜਾ ਰਿਹਾ ਹੈ ਉਸਤੋਂ ਉੱਪਰ ਉੱਠ ਕੇ ਸਮੁੱਚੇ ਪੰਜਾਬੀਆਂ ਦੀ ਬੋਲੀ ਸਮਝੀ ਜਾਵੇ ਭਾਵੇਂ ਉਹ ਕਿਸੇ ਵੀ ਧਰਮ ਤੇ ਜਾਤ ਨੂੰ ਮੰਨਣ ਵਾਲੇ ਕਿਉਂ ਨਾ ਹੋਣ।
3. ਦੋਗਲਾਪਣ ਛੱਡ ਕੇ ਘਰ ਤੋਂ ਲੈ ਕੇ ਬਾਹਰ ਤਕ (ਪਰਿਵਾਰ ਵਿੱਚ, ਸਮਾਜ ਵਿੱਚ, ਸਰਕਾਰੀ ਪੱਧਰ ਤੇ) ਪੰਜਾਬੀ ਲਾਗੂ ਕਰੀਏ ਤੇ ਕਰਾਈਏ।
4. ਪੰਜਾਬੀ ਦੇ ਪਰਵਾਸੀ (ਯੂ.ਪੀ.ਬਿਹਾਰੀ) ਪੰਜਾਬੀ ਪੜ੍ਹ ਬੋਲ ਰਹੇ ਨੇ, ਉਹ ਭਵਿੱਖ ਦੀ ਪੂੰਜੀ ਨੇ ਜੋ ਉਹਨਾਂ ਦੀ ਲੋੜ ਹੈ। ਉਹਨਾਂ ਨੇ ਹੀ ਭਵਿੱਖ ਵਿੱਚ ਪੰਜਾਬੀ ਨੂੰ ਬਚਾਉਣਾ ਹੈ।
5. ਮੱਧਵਰਗੀ ਲੋਕਾਂ ਨਾਲ ਤਾਲਮੇਲ ਬਣਾਈ ਰੱਖਣਾ ਪਵੇਗਾ। ਜੇ ਉਹ ਹੱਕ ਵਿੱਚ ਨਹੀਂ ਖੜ੍ਹਦੇ ਤੇ ਘੱਟੋ ਘੱਟ ਵਿਰੋਧ ਵਿੱਚ ਵੀ ਨਾ ਬੋਲਣ। ਭਾਵ ਵਿਰੋਧੀ ਧਿਰ ਨਾਂ ਬਣਨ।
6. ਸਮਾਜ ਸੇਵੀ ਸੰਸਥਾਵਾਂ ਨੂੰ ਪੰਜਾਬੀ ਕਿਤਾਬ ਕਲਚਰ ਇਤਨਾ ਵਧਾ ਦੇਣਾ ਚਾਹੀਦਾ ਹੈ, ਪੰਜਾਬੀ ਪ੍ਰੇਮੀ-ਲੇਖਕ ਜਨ, ਸੰਸਥਾਵਾਂ ਨੂੰ ਮਿਲ ਕੇ ਸਰਕਾਰਾਂ ਤੇ ਇਤਨਾ ਦਬਾਉ ਬਣਾਉਣਾ ਚਾਹੀਦਾ ਹੈ ਕਿ ਉਹ ਆਪਣਾ ਵਤੀਰਾ ਬਦਲਣ ਲਈ ਮਜਬੂਰ ਹੋ ਜਾਣ।
7. ਪਰਵਾਸੀਆਂ ਨੂੰ ਸੁਚੇਤ ਪੱਧਰ ਤੇ ਹੁਣ ਹੋਰ ਵੀ ਵਧੇਰੇ ਹਮਲਾਵਰ ਹੋ ਕੇ ਕੰਮ ਕਰਣ ਦੀ ਲੋੜ।
8. ਜਿਹੜੀਆਂ ਕੌਮਾਂ ਸੁਚੇਤ ਹੋ ਕੇ ਭਾਸ਼ਾ ਤੇ ਸਭਿਆਚਾਰ ਨੂੰ ਬਚਾਉਣ ਲਈ ਲੱਕ ਬੰਨ੍ਹ ਲੈਣ ਉਹਨਾਂ ਭਾਸ਼ਾਵਾਂ ਅਤੇ ਸਭਿਆਚਾਰਾਂ ਨੂੰ ਕੋਈ ਖ਼ਤਰਾ ਨਹੀਂ।
9. ਪੰਜਾਬੀ ਭਾਸ਼ਾ ਦੇ ਤਕਨੀਕੀ ਵਿਕਾਸ ਲਈ ਕਾਰਜ ਹੋ ਰਹੇ ਹਨ, ਹੋਰ ਵੱਧਣ ਅਤੇ ਜ਼ਾਰੀ ਰਹਿਣ।

ਕੈਨੇਡਾ ਵਿੱਚ ਪੰਜਾਬੀ ਦੀ ਦਸ਼ਾ(ਸਥਿਤੀ) ਕੁਝ ਸੁਖਾਵੀਂ ਹੈ। ਨਾਂ ਕੇਵਲ ਕੈਨੇਡਾ ਵਿੱਚ ਸਗੋਂ ਹੋਰ ਮੁਲਖਾਂ ਜਿਵੇਂ ਆਸਟਰੇਲੀਆ, ਅਮੇਰਿਕਾ, ਇੰਗਲੈਂਡ, ਸਿੰਘਾਪੁਰ, ਨਾਰਵੇ ਆਦਿ ਮੁਲਖਾਂ ਵਿੱਚ ਪੰਜਾਬੀ ਕੇਵਲ ਬੋਲੀ ਹੀ ਨਹੀਂ ਸਗੋਂ ਲਿਖੀ ਪੜ੍ਹੀ ਵੀ ਜਾਂਦੀ ਹੈ। ਪਰ ਇਹਨਾਂ ਸਭਨਾਂ ਵਿਚੋਂ ਕੈਨੇਡਾ ਸਭ ਤੋਂ ਅੱਗੇ ਹੈ। ਇਹੀ ਕਾਰਣ ਹੈ ਕਿ ਇਹਨਾਂ ਮੁਲਖਾਂ ਵਿੱਚ ਵਿਸ਼ਵ ਪੰਜਾਬੀ ਕਾਨਫਰੰਸਾਂ ਕਰਵਾਉਣ ਦਾ ਰੁਝਾਨ ਵੀ ਹੈ।

ਕੈਨੇਡਾ ਦੀ ਪਾਰਲਿਆਮੈਂਟ ਵਿੱਚ ਵੀ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਪੰਜਾਬੀ ਬਣ ਗਈ ਹੈ। ਅੰਗਰੇਜ਼ੀ ਤੇ ਫਰੈਂਚ ਤੋਂ ਬਾਅਦ ਪੰਜਾਬੀ ਹੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਬਣ ਚੁੱਕੀ ਹੈ। ਪੰਜਾਬੀ ਸਿੱਖਣ ਲਈ ਲੋਕਾਂ ਵਿੱਚ ਉਤਸ਼ਾਹ ਹੈ। ਆਮ ਪੰਜਾਬੀ ਲੋਕ ਪੰਜਾਬੀ ਬੋਲਣ ਵਿੱਚ ਮਾਣ ਮਹਿਸੂਸ ਕਰਦੇ ਹਨ। ਬਹੁਤ ਸਾਰੇ ਪੰਜਾਬੀ ਸਕੂਲ ਖੁਲ੍ਹ ਗਏ ਹਨ। ਕੈਨੇਡਾ ਦੇ ਸਰਕਾਰੀ ਸਕੂਲਾਂ ਵਿੱਚ ਵੀ ਸ਼ਨੀਚਰਵਾਰ ਨੂੰ ਪੰਜਾਬੀ ਅੰਤਰ ਰਾਸ਼ਟਰੀ ਭਾਸ਼ਾ ਵਜੋਂ ਪੜ੍ਹਾਈ ਜਾਂਦੀ ਹੈ। ਕੈਨੇਡਾ ਵਿੱਚ ਵਸੇਂਦੇ ਪੰਜਾਬੀ ਆਪਣੀ ਬੋਲੀ ਅਤੇ ਪਛਾਣ ਲੁਕਾਉਂਦੇ ਨਹੀਂ, ਇੱਥੇ ਇਹਨਾਂ ਮੁਲਕਾਂ ਵਿੱਚ ਪੰਜਾਬੀ ਬੋਲੀ ਦਾ ਵਰਤਮਾਨ ਵਧੀਆ ਹੈ, ਭਵਿੱਖ ਸੁਆਰ ਸਕੀਏ ਐਸੀ ਕਾਮਨਾ

(ਬਾਕੀ ਅਗਲੇ ਸਫੇ ਤੇ)

### ਅਧਿਆਪਕ ਦਿਵਸ ਨੂੰ ਸਮਰਪਿਤ

# ਅਧਿਆਪਕ ਦੇ ਹੱਥ ਵਿੱਚ ਹੀ ਸਮਾਜ ਦੇ ਨਿਰਮਾਣ ਦੀ ਚਾਬੀ ਹੈ



ਕੁਲਦੀਪ ਚੰਦ
91-94175-63054

ਵਿਸ਼ਵ ਦੇ ਹਰ ਸਮਾਜ ਅਤੇ ਦੇਸ਼ ਵਿੱਚ ਅਧਿਆਪਕ ਦਾ ਵਿਸ਼ੇਸ਼ ਸਥਾਨ ਅਤੇ ਮਹੱਤਵ ਹੈ। ਭਾਰਤ ਵਿੱਚ ਪ੍ਰਾਚੀਨ ਸਮੇਂ ਤੋਂ ਹੀ ਗੁਰੂ ਅਤੇ ਚੇਲਾ ਦੀ ਪ੍ਰਪੰਰਾ ਚਲਦੀ ਆ ਰਹੀ ਹੈ। ਬੇਸ਼ੱਕ ਮਨੁਖੀ ਜੀਵਨ ਵਿੱਚ ਮਾਤਾ-ਪਿਤਾ ਦਾ ਸਥਾਨ ਕੋਈ ਵੀ ਨਹੀਂ ਲੈ ਸਕਦਾ, ਕਿਉਂਕਿ ਉਹ ਹੀ ਸਾਨੂੰ ਇਸ ਰੰਗੀਨ ਖੂਬਸੂਰਤ ਦੁਨੀਆਂ ਵਿੱਚ ਲਿਆਂਦੇ ਹਨ। ਉਹਨਾਂ ਦਾ ਕਰਜ਼ ਅਸੀਂ ਕਿਸੇ ਵੀ ਰੂਪ ਵਿੱਚ ਨਹੀਂ ਉਤਾਰ ਸਕਦੇ ਹਾਂ ਪਰ ਜਿਸ ਸਮਾਜ ਵਿੱਚ ਰਹਿਣ ਯੋਗ ਸਾਨੂੰ ਅਧਿਆਪਕ ਹੀ ਬਣਾਉਂਦੇ ਹਨ ਅਤੇ ਜੀਉਣ ਦਾ ਅਸਲੀ ਸਲੀਕਾ ਅਧਿਆਪਕ ਹੀ ਸਿਖਾਂਦਾ ਹੈ। ਭਾਰਤ ਵਿੱਚ ਬੇਸ਼ੱਕ ਸਦੀਆਂ ਤੱਕ ਵਿੱਦਿਆ ਦਾ ਅਧਿਕਾਰ ਕੁੱਝ ਖਾਸ ਲੋਕਾਂ ਕੋਲ ਹੀ ਸੀਮਿਤ ਰਿਹਾ ਹੈ ਅਤੇ ਇਹ ਰਾਜੇ ਮਹਾਰਾਜੇ ਅਪਣੇ ਬੱਚਿਆਂ ਨੂੰ ਪੜਾਉਣ ਲਈ ਵਿਸ਼ੇਸ਼ ਅਧਿਆਪਕ ਰੱਖਦੇ ਸਨ ਜੋਕਿ ਸਮੇਂ ਦੀ ਹਾਣੀ ਸਿੱਖਿਆ ਉਨ੍ਹਾਂ ਦੇ ਬੱਚਿਆਂ ਨੂੰ ਦੇ ਸਕਣ। ਭਾਰਤੀ ਸਮਾਜਿਕ ਢਾਂਚੇ ਅਨੁਸਾਰ ਇੱਕ ਖਾਸ ਵਰਗ ਅਤੇ ਮਹਿਲਾਵਾਂ ਨੂੰ ਵਿੱਦਿਆ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਸੀ। ਹੋਲੀ ਹੋਲੀ ਸਮੇਂ ਵਿੱਚ ਬਦਲਾਵ ਆਣ ਨਾਲ ਸਿੱਖਿਆ ਦੇ ਦੁਆਰ ਖੁੱਲਦੇ ਗਏ ਅਤੇ ਅਧਿਆਪਕ ਦਾ ਕਿੱਤਾ ਹੋਰ ਵੀ ਮਹੱਤਵਪੂਰਨ ਹੋ ਗਿਆ ਹੈ। ਸਦੀਆਂ ਤੋਂ ਸਿੱਖਿਆ ਤੋਂ ਬਾਂਝੇ ਵਰਗਾਂ ਲਈ ਵਿੱਦਿਆ ਦਾ ਚਾਨਣ ਫੈਲਾਉਣ ਲਈ ਕਈ ਸਮਾਜ ਸੁਧਾਰਕਾਂ ਨੇ ਮੁਹਿੰਮ ਚਲਾਈ। ਸਵਿਤਰੀ ਬਾਈ ਫੂਲੇ, ਬਾਬੂ ਮੰਗੂ ਰਾਮ ਮੂਗੋਵਾਲੀਆ ਆਦਿ ਨੇ ਵਿਦਿਅਕ ਅਦਾਰੇ ਖੋਲੇ ਅਤੇ ਭਾਰੀ ਮੁਸ਼ਕਿਲਾਂ ਦੇ ਬਾਬਜੂਦ ਇਨ੍ਹਾਂ ਵਰਗਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਿੱਖਿਅਤ ਕੀਤਾ। ਦੇਸ਼ ਦੇ ਦੂਰ ਦੁਰਾਡੇ ਭਾਗਾਂ ਵਿੱਚ ਰਹਿੰਦੇ ਲੋਕਾਂ ਤੱਕ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਨੇ ਸਿੱਖਿਆ ਪਹੁੰਚਾਣ ਲਈ ਵਿਸ਼ੇਸ਼ ਭੂਮਿਕਾ ਨਿਭਾਈ ਅਜ਼ਾਦੀ ਤੋਂ ਬਾਦ ਹਰ ਇੱਕ ਲਈ ਸਿੱਖਿਆ ਪਹੁੰਚਾਣਾ ਵਿਸ਼ੇਸ਼ ਉਦੇਸ਼ ਰੱਖਿਆ ਗਿਆ। ਅਧਿਆਪਕ ਦੀ ਮਹੱਤਤਾ ਨੂੰ ਵੇਖਦੇ ਹੋਏ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਵਿੱਚ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ। ਭਾਰਤ ਵਿੱਚ ਅਧਿਆਪਕ ਦਿਵਸ ਸਾਲ 1962 ਤੋਂ ਹਰ ਸਾਲ 5 ਸਤੰਬਰ ਨੂੰ ਮਨਾਇਆ ਜਾਂਦਾ ਹੈ, ਜਦਕਿ ਅੰਤਰਰਾਸ਼ਟਰੀ ਅਧਿਆਪਕ ਦਿਵਸ ਦਾ ਆਯੋਜਨ 5 ਅਕਤੂਬਰ ਨੂੰ ਹੁੰਦਾ ਹੈ। ਭਾਰਤ ਵਿੱਚ ਸਾਬਕਾ ਰਾਸ਼ਟਰਪਤੀ ਸਵਰਗੀ ਡਾਕਟਰ ਸਰਵਪੱਲੀ ਰਾਧਾਕ੍ਰਿਸ਼ਨਨ ਜੀ ਦੇ ਜਨਮ ਦਿਨ ਮੌਕੇ ਉਨ੍ਹਾਂ ਦੇ ਸਨਮਾਨ ਵਿੱਚ ਹਰ ਸਾਲ 5 ਸਤੰਬਰ ਨੂੰ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਵੱਡੇ ਵੱਡੇ ਸਮਾਰੋਹ ਆਯੋਜਿਤ ਕੀਤੇ ਜਾਂਦੇ ਹਨ, ਸਮਾਜ ਵਿੱਚ ਵਧੀਆ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਸਵਰਗੀ ਡਾਕਟਰ ਸਰਵਪੱਲੀ ਰਾਧਾਕ੍ਰਿਸ਼ਨਨ ਜੀ ਇੱਕ ਆਦਰਸ਼ ਅਧਿਆਪਕ ਸਨ। ਉਹਨਾਂ ਲੱਗਭੱਗ 40 ਸਾਲ ਤੱਕ ਸਿੱਖਿਆ ਦੇਣ ਦਾ ਕੰਮ ਕੀਤਾ। ਯੂਨੈਸਕੋ ਨੇ 5 ਅਕਤੂਬਰ ਨੂੰ ਅੰਤਰਰਾਸ਼ਟਰੀ ਅਧਿਆਪਕ ਦਿਵਸ ਘੋਸ਼ਿਤ ਕੀਤਾ ਸੀ। ਸਾਲ 1994 ਤੋਂ ਅੰਤਰਰਾਸ਼ਟਰੀ ਅਧਿਆਪਕ ਦਿਵਸ ਹਰ ਸਾਲ 05 ਅਕਤੂਬਰ ਨੂੰ ਮਨਾਇਆ ਜਾਂਦਾ ਹੈ। ਅਧਿਆਪਕਾਂ ਦੇ ਪ੍ਰਤੀ ਸਹਿਯੋਗ ਨੂੰ ਵਧਾਉਣ ਅਤੇ ਭਵਿੱਖ ਦੀਆਂ ਪੀੜ੍ਹੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਅਧਿਆਪਕਾਂ ਦੇ ਮਹੱਤਵ ਦੇ ਪ੍ਰਤੀ ਜਾਗਰੂਕਤਾ ਲਿਆਉਣ ਦੇ ਮਕਸਦ ਨਾਲ ਇਸਦੀ ਸ਼ੁਰੂਆਤ ਕੀਤੀ ਗਈ ਸੀ। ਇਸ ਮੌਕੇ ਤੇ ਵਿਦਿਆਰਥੀ ਆਪਣੇ ਅਧਿਆਪਕਾਂ ਦਾ ਸਨਮਾਨ ਕਰਦੇ ਹਨ। ਵਿਦਿਆਰਥੀ ਆਪਣੇ ਅਧਿਆਪਕਾਂ ਦੇ ਦੱਸੇ ਰਸਤੇ ਤੇ ਚੱਲਣ ਦਾ ਸੰਕਲਪ ਲੈਂਦੇ ਹਨ। ਇਸ ਮੌਕੇ ਤੇ ਲੱਗਭੱਗ ਸਾਰੇ ਵਿਦਿਅਕ ਅਦਾਰਿਆਂ ਵਿੱਚ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ ਅਤੇ ਅਧਿਆਪਕ ਦੀ ਮਹੱਤਤਾ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਸਾਡੇ ਦੇਸ਼ ਵਿੱਚ ਇਸ ਦਿਨ ਵੱਡੇ ਵੱਡੇ ਸਮਾਰੋਹ ਆਯੋਜਿਤ ਕੀਤੇ ਜਾਂਦੇ ਹਨ ਅਤੇ ਸਮਾਜ ਵਿੱਚ ਵਧੀਆ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਸਮਾਜ ਵਿੱਚ ਵਿੱਦਿਆ, ਵਿੱਦਿਅਕ ਅਦਾਰਿਆਂ ਅਤੇ ਅਧਿਆਪਕਾਂ ਦਾ ਸਥਾਨ ਸਮਾਜ ਅਤੇ ਦੇਸ਼ ਦੇ ਵਿਕਾਸ ਲਈ ਸਭਤੋਂ ਵੱਧ ਮਹੱਤਵਪੂਰਨ ਹੈ, ਪਰ ਹੋਲੀ ਹੋਲੀ ਇਹਨਾਂ ਦੀ ਮਹੱਤਤਾ ਘਟਦੀ ਜਾ ਰਹੀ ਹੈ। ਜਿਸ ਵਿੱਦਿਆ ਨੂੰ ਮਨੁੱਖੀ ਵਿਕਾਸ ਲਈ ਜ਼ਰੂਰੀ ਮੰਨਿਆ ਜਾਂਦਾ ਹੈ ਅੱਜ ਵਪਾਰ ਬਣਦੀ ਜਾ ਰਹੀ ਹੈ। ਅਧਿਆਪਕ ਜਿਸਦੀ ਹਰ ਸਮਾਜ ਅਤੇ ਦੇਸ਼ ਦੇ ਵਿਕਾਸ ਵਿੱਚ ਵੱਡੀ ਭੂਮਿਕਾ ਹੈ ਦਾ ਬਦਲ ਰਿਹਾ ਰੂਪ ਸਮਾਜ ਲਈ ਖਤਰਨਾਕ ਹੈ। ਅੱਜ ਅਧਿਆਪਨ ਦਾ ਕੰਮ ਸੇਵਾ ਨਾਲੋਂ ਵੱਧ ਵਿਉਪਾਰ ਬਣ ਗਿਆ ਹੈ ਅਤੇ ਅਧਿਆਪਕ ਵੀ ਹੁਣ ਗੁਰੂ ਦੀ ਥਾਂ ਵਪਾਰੀ ਬਣਦੇ ਜਾ ਰਹੇ ਹਨ। ਸਮਾਜ ਵਿੱਚ ਸਿੱਖਿਆ ਦੇ ਹੋ ਰਹੇ ਵਪਾਰੀਕਰਣ ਕਾਰਨ ਅੱਜ ਬਹੁਤੇ ਅਧਿਆਪਕ ਸਿਖਿੱਆ ਦੇ ਨਾਮ ਤੇ ਚੱਲਦੀਆਂ ਦੁਕਾਨਾਂ ਵਿੱਚ ਕੰਮ ਕਰ ਰਹੇ ਹਨ, ਅਧਿਆਪਕ ਜਿਸਨੇ ਸਮਾਜ ਨੂੰ ਸੇਧ ਦੇਣੀ ਹੈ ਅਤੇ ਦੇਸ਼ ਦਾ ਭਵਿੱਖ ਮੰਨੇ ਜਾਂਦੇ ਬੱਚਿਆਂ ਨੂੰ ਵਧੀਆ ਬਣਾਉਣਾ ਹੈ ਆਪ ਦਿਸ਼ਾਹੀਣ ਹੋ ਰਿਹਾ ਹੈ। ਅੱਜ ਅਧਿਆਪਕਾਂ ਤੇ ਰਾਜਨੀਤਿਕ ਪ੍ਰਭਾਵ ਵਧ ਰਿਹਾ ਹੈ ਅਤੇ ਅਧਿਆਪਕਾਂ ਨੂੰ ਪੜ੍ਹਾਉਣ ਦੇ ਨਾਲ ਨਾਲ ਹੋਰ ਕਈ ਕੰਮ ਕਰਨੇ ਪੈਂਦੇ ਹਨ ਉਨ੍ਹਾਂ ਦੀ ਅਕਸਰ ਜਨਸੰਖਿਆ ਸਰਵੇਖਣ, ਵੋਟਾਂ ਦੀ ਗਿਣਤੀ, ਪਖਾਨਿਆਂ ਦੀ ਗਿਣਤੀ, ਗਰੀਬਾਂ ਦੀ ਗਿਣਤੀ ਵਿੱਚ ਡਿਊਟੀ ਲੱਗਦੀ ਹੈ ਜਿਸ ਨਾਲ ਉਹ ਮਾਨਸਿਕ ਤੋਰ ਤੇ ਪੀੜ੍ਹਿਤ ਮਹਿਸੂਸ ਕਰਦੇ ਹਨ। ਦੇਸ ਵਿੱਚ ਬਦਲ ਰਿਹਾ ਵਿੱਦਿਅਕ ਢਾਂਚਾ ਵੀ ਅਧਿਆਪਕਾਂ ਦੀ ਭੂਮਿਕਾ ਨੂੰ ਢਾਹ ਲਾ ਰਿਹਾ ਹੈ। ਐਮ ਏ ਬੀਐਡ ਪਾਸ ਅਧਿਆਪਕ ਨਿੱਜੀ ਅਦਾਰਿਆਂ ਵਿੱਚ ਦੋ-ਤਿੰਨ ਹਜਾਰ ਦੀ ਨਿਗੂਣੀ ਤਨਖਾਹ ਤੇ ਕੰਮ ਕਰ ਰਹੇ ਹਨ। ਸਰਕਾਰ ਵਿੱਦਿਆ ਫੈਲਾਉਣ ਦੇ ਨਿਰੋਲ ਸਮਾਜਿਕ ਜ਼ਿੰਮੇਵਾਰੀ ਵਾਲੇ ਕੰਮ ਨੂੰ ਵੀ ਲਾਭਕਾਰੀ ਕੰਮ ਬਣਾ ਰਹੀ ਹੈ। ਸੈਲਫ ਫਾਇਨਾਂਸਡ ਵਿੱਦਿਅਕ ਸੰਸਥਾਵਾਂ ਦੇ ਨਾਮ ਤੇ ਵਪਾਰਿਕ ਵਿੱਦਿਅਕ ਅਦਾਰੇ ਧੜਾਧੜ ਖੁੱਲ ਰਹੇ ਹਨ। ਕਦੀ ਇਹ ਵਿੱਦਿਆ ਮਾਮੂਲੀ ਗੁਰੂ ਦਕਸ਼ਣਾ ਨਾਲ ਗ੍ਰਹਿਣ ਕੀਤੀ ਜਾਂਦੀ ਸੀ ਅੱਜ ਇਸੇ ਵਿੱਦਿਆ ਦੇ ਲਈ ਵਿਦਿਆਰਥੀਆਂ ਨੂੰ ਮੋਟੀ ਰਕਮ ਦਾਨ ਅਤੇ ਫੀਸਾਂ ਦੇ ਨਾਮ ਤੇ ਦੇਣੀ ਪੈਂਦੀ ਹੈ। ਵਪਾਰੀਕਰਨ ਅਤੇ ਨਿੱਜੀਕਰਨ ਨੇ ਸਿੱਖਿਆ ਨੂੰ ਆਪਣੀ ਜਕੜ ਵਿੱਚ ਲੈ ਲਿਆ ਹੈ। ਵਪਾਰਕ ਮੰਡੀ ਵਿੱਚ ਸਿੱਖਿਆ ਖਰੀਦਣ ਵੇਚਣ ਦੀ ਵਸਤੂ ਬਣਦੀ ਜਾ ਰਹੀ ਹੈ ਅਤੇ ਇਸਨੂੰ ਬਾਜ਼ਾਰ ਵਿੱਚ ਨਿਸ਼ਚਿਤ ਫੀਸ ਤੋਂ ਵੱਧ ਪੈਸਾ ਦੇ ਕੇ ਖਰੀਦਿਆ ਜਾ ਸਕਦਾ ਹੈ। ਸਮਾਜ ਅਤੇ ਦੇਸ਼ ਦਾ ਭਵਿੱਖ ਤਿਆਰ ਕਰਨ ਵਾਲੇ ਅਧਿਆਪਕ ਅੱਜ ਖੁਦ ਅਪਣੇ ਭਵਿੱਖ ਲਈ ਚਿੰਤਿਤ ਹਨ ਅਤੇ ਆਏ ਦਿਨ ਰੋਸ ਪ੍ਰਦਰਸ਼ਨ ਅਤੇ ਹੜਤਾਲ ਕਰ ਰਹੇ ਹਨ। ਅਧਿਆਪਕ ਅਤੇ ਵਿਦਿਆਰਥੀਆਂ ਦੇ ਰਿਸ਼ਤਿਆਂ ਵਿੱਚ ਆ ਰਹੀ ਕੁੜੱਤਣ ਅਤੇ ਵਧ ਰਿਹਾ ਫਾਸਲਾ ਵੀ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ। ਵਿੱਦਿਅਕ ਅਦਾਰਿਆਂ ਵਿੱਚ ਬਦਲ ਰਿਹਾ ਮਾਹੋਲ, ਵਧ ਰਿਹਾ ਅਪਰਾਧੀਕਰਨ, ਹੋ ਰਿਹਾ ਰਾਜਨੀਤਿਕਰਣ ਅਧਿਆਪਕ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ ਲਗਾ ਰਿਹਾ ਹੈ।




ਅਧਿਆਪਕ ਬਣਨ ਲਈ ਸਰਕਾਰ ਨੇ ਇੱਕ ਵਿਦਿਅਕ ਪੱਧਰ ਨਿਸ਼ਚਿਤ ਕੀਤਾ ਹੋਇਆ ਹੈ ਜਿਵੇਂ ਪ੍ਰਾਇਮਰੀ ਕਲਾਸਾਂ ਨੂੰ ਪੜਾਉਣ ਵਾਲੇ ਅਧਿਆਪਕਾਂ ਲਈ ਈ ਟੀ ਟੀ ਅਤੇ ਐਨ ਟੀ ਟੀ ਕੋਰਸ ਅਤੇ ਹਾਈ ਸਕੂਲ ਦੀਆਂ ਕਲਾਸਾਂ ਵਾਲੇ ਅਧਿਆਪਕਾਂ ਲਈ ਬੀ ਐਡ ਦੀ ਡਿਗਰੀ ਜਰੂਰੀ ਹੈ। ਪਿਛਲੇ ਕੁੱਝ ਸਾਲਾਂ ਤੋਂ ਇਨ੍ਹਾਂ ਕੋਰਸਾਂ ਨੂੰ ਮੁਕੰਮਲ ਕਰਨ ਤੋਂ ਬਾਦ ਸਰਕਾਰ ਨੇ ਇੱਕ ਅਧਿਆਪਕ ਯੋਗਤਾ ਟੈਸਟ ਪਾਸ ਕਰਨਾ ਲਾਜ਼ਮੀ ਕਰ ਦਿਤਾ ਹੈ ਜੋਕਿ ਭਵਿੱਖ ਦੇ ਅਧਿਆਪਕਾਂ ਲਈ ਮਾਯੂਸੀ ਅਤੇ ਸ਼ੋਸ਼ਣ ਦਾ ਕਾਰਨ ਬਣਦਾ ਜਾ ਰਿਹਾ ਹੈ ਅਤੇ ਸਰਕਾਰ ਲਈ ਕਮਾਈ ਦਾ ਸਾਧਨ ਬਣ ਗਿਆ ਹੈ। ਪਿਛਲੇ ਸਾਲਾਂ ਦੌਰਾਨ ਪੰਜਾਬ ਵਿੱਚ ਹੋਏ ਇਸ ਟੈਸਟ ਨੇ ਤਾਂ ਇਹ ਸਾਬਿਤ ਹੀ ਕਰ ਦਿਤਾ ਕਿ ਐਮ ਏ ਬੀ ਐਡ ਵਿੱਚ ਟੋਪਰ ਰਹਿਣ ਵਾਲੇ ਅਧਿਆਪਕ ਵੀ ਨਿਕੰਮੇ ਹੀ ਹਨ ਅਤੇ 10 ਫਿਸਦੀ ਤੋਂ ਵੀ ਘੱਟ ਪ੍ਰੀਖਿਆਰਥੀਆਂ ਨੇ ਹੀ ਇਹ ਟੈਸਟ ਪਾਸ ਕੀਤਾ ਹੈ। ਹੈਰਾਨੀ ਦੀ ਗੱਲ ਹੈ ਕਿ ਇੱਕ ਪਾਸੇ ਬੀ ਐਡ ਵਿੱਚ ਦਾਖਲੇ ਲਈ ਸਰਕਾਰ ਨੇ 40 ਫਿਸਦੀ ਅੰਕ ਦੀ ਸ਼ਰਤ ਰੱਖੀ ਹੋਈ ਹੈ ਪਰੰਤੂ ਦੂਜੇ ਪਾਸੇ ਇਸ ਟੈਸਟ ਨੂੰ ਪਾਸ ਕਰਨ ਲਈ 60 ਫਿਸਦੀ ਨੰਬਰ ਰੱਖੇ ਗਏ ਸਨ। ਸਰਕਾਰ ਵਲੋਂ ਕਰਵਾਇਆ ਜਾ ਰਿਹਾ ਅਧਿਆਪਕ ਯੋਗਤਾ ਟੈਸਟ ਹੁਣ ਟੈਸਟ ਦੇਣ ਵਾਲਿਆਂ ਲਈ ਪ੍ਰੇਸ਼ਾਨੀ ਦਾ ਕਾਰਨ ਬਣ ਗਿਆ ਹੈ।

ਅਧਿਆਪਕ ਭਰਤੀ ਮਾਮਲੇ ਵਿੱਚ ਦੇਸ ਦੇ ਵੱਖ ਵੱਖ ਸੂਬਿਆਂ ਵਿੱਚ ਹੋਏ ਘੋਟਾਲਿਆਂ ਕਾਰਨ ਵੀ ਅਧਿਆਪਕ ਵਰਗ ਵਿੱਚ ਬੇਚੈਨੀ ਪਾਈ ਜਾ ਰਹੀ ਹੈ। ਨਕਲੀ ਅਤੇ ਜਾਅਲੀ ਡਿਗਰੀਆਂ ਵਾਲੇ ਸਿਫਾਰਸ਼ੀ ਅਤੇ ਰਿਸ਼ਵਤ ਦੇਕੇ ਭਰਤੀ ਹੋਏ ਅਧਿਆਪਕ ਵੀ ਸਿੱਖਿਆ ਦੇ ਨਾਮ ਤੇ ਕਲੰਕ ਹਨ। ਸਮਾਜ ਅਤੇ ਦੇਸ਼ ਦਾ ਭਵਿੱਖ ਤਿਆਰ ਕਰਨ ਵਾਲੇ ਅਧਿਆਪਕ ਅੱਜ ਖੁਦ ਅਪਣੇ ਭਵਿੱਖ ਲਈ ਚਿੰਤਿਤ ਹਨ ਅਤੇ ਅਪਣੇ ਹੱਕਾਂ ਲਈ ਆਏ ਦਿਨ ਰੋਸ ਪ੍ਰਦਰਸ਼ਨ ਅਤੇ ਹੜਤਾਲ ਕਰ ਰਹੇ ਹਨ। ਅਧਿਆਪਕ ਅਤੇ ਵਿਦਿਆਰਥੀਆਂ ਦੇ ਰਿਸ਼ਤਿਆਂ ਵਿੱਚ ਆ ਰਹੀ ਕੁੜੱਤਣ ਅਤੇ ਵਧ ਰਿਹਾ ਫਾਸਲਾ ਵੀ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ। ਵਿਦਿਅਕ ਅਦਾਰਿਆਂ ਵਿੱਚ ਬਦਲ ਰਿਹਾ ਮਾਹੌਲ, ਵਧ ਰਿਹਾ ਅਪਰਾਧੀਕਰਨ, ਹੋ ਰਿਹਾ ਰਾਜਨੀਤਿਕਰਣ ਅਧਿਆਪਕ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ ਲਗਾ ਰਿਹਾ ਹੈ। ਦੇਸ਼ ਵਿੱਚ ਅਧਿਆਪਕ ਦੇ ਮਹੱਤਵ ਨੂੰ ਘਟਾ ਰਹੀ ਅਧਿਆਪਕ ਦੀ ਭੂਮਿਕਾ ਮੁੜ ਕਦੋਂ ਗੁਰੂ ਵਾਲੀ ਭੂਮਿਕਾ ਬਣੇਗੀ ਇਹ ਅਜੇ ਤੱਕ ਇੱਕ ਵੱਡਾ ਸਵਾਲ ਹੈ।

ਜੇਕਰ ਸਰਕਾਰ ਅਤੇ ਸਮਾਜ ਦੇ ਬੁੱਧੀਜਿਵੀ ਵਰਗ ਨੇ ਹੁਣ ਵੀ ਇਸ ਸਬੰਧੀ ਗੰਭੀਰਤਾਂ ਨਾਲ ਨਾਂ ਸੋਚਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਅਧਿਆਪਕ ਜਿਸਨੇ ਸਮਾਜ ਦੇ ਭਵਿਖ ਦਾ ਨਿਰਮਾਣ ਕਰਨਾ ਹੈ ਅਪਣੇ ਮੂਲ ਫਰਜ਼ ਨੂੰ ਭੁੱਲ ਜਾਵੇਗਾ ਤੇ ਹੋਲੀ ਹੋਲੀ ਇਸ ਦਿਨ ਦਾ ਵੀ ਕੋਈ ਮਹੱਤਵ ਨਹੀਂ ਰਹੇਗਾ ਅਤੇ ਇਹ ਦਿਨ ਸਿਰਫ ਇੱਕ ਖਾਨਾਪੂਰਤੀ ਬਣਕੇ ਹੀ ਰਹਿ ਜਾਵੇਗਾ। ਅੱਜ ਜਰੂਰਤ ਹੈ ਕਿ ਅਸੀਂ ਅਪਣੇ ਵਿਦਿਅਕ ਢਾਂਚੇ ਵਿੱਚ ਸੁਧਾਰ ਕਰੀਏ ਅਤੇ ਇਸਦੇ ਹੋ ਰਹੇ ਵਪਾਰੀਕਰਣ ਨੂੰ ਰੋਕੀਏ।

ਸਰਕਾਰਾਂ ਨੂੰ ਵੀ ਇਸ ਪ੍ਰਤੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਤਾਂ ਜੋ ਸਾਡੇ ਸਮਾਜ ਸੁਧਾਰਕਾਂ ਵਲੋਂ ਚਲਾਈ ਗਈ ਸਿਖਿੱਆ ਦੀ ਮੁਹਿੰਮ ਕਾਇਮ ਰਹਿ ਸਕੇ ਤੇ ਦੇਸ਼ ਵਿੱਚ ਅਧਿਆਪਕ ਵਰਗ ਦਾ ਰੁਤਵਾ ਸੱਚਮੁੱਚ ਸਨਮਾਨਯੋਗ ਬਣ ਸਕੇ। ਜੇਕਰ ਸਰਕਾਰ ਅਤੇ ਸਮਾਜ ਦੇ ਬੁੱਧੀਜਿਵੀ ਵਰਗ ਨੇ ਹੁਣ ਵੀ ਇਸ ਸਬੰਧੀ ਗੰਭੀਰਤਾਂ ਨਾਲ ਨਾਂ ਸੋਚਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਅਧਿਆਪਕ ਜਿਸਨੇ ਸਮਾਜ ਦੇ ਭਵਿਖ ਦਾ ਨਿਰਮਾਣ ਕਰਨਾ ਹੈ ਅਪਣੇ ਮੂਲ ਫਰਜ਼ ਨੂੰ ਭੁੱਲ ਜਾਵੇਗਾ ਤੇ ਹੋਲੀ ਹੋਲੀ ਇਸ ਦਿਨ ਦਾ ਵੀ ਕੋਈ ਮਹੱਤਵ ਨਹੀਂ ਰਹੇਗਾ।

# ਉੱਤਰੀ ਕੋਰੀਆ ਮਿਜ਼ਾਈਲ ਦਾਗ਼ਣ ਦੀ ਤਿਆਰੀ 'ਚ- ਟਕਰਾਅ ਵਧਣ ਦੇ ਆਸਾਰ

**ਸਿਓਲ-** ਉੱਤਰ ਕੋਰੀਆ ਵੱਲੋਂ ਇਕ ਹੋਰ ਮਿਜ਼ਾਈਲ ਦਾਗ਼ੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਦੱਖਣੀ ਕੋਰੀਆ ਨੇ ਇਸ ਦਾ ਖ਼ਦਸ਼ਾ ਜਤਾਉਂਦਿਆਂ ਆਪਣੀ ਫ਼ੌਜ ਨੂੰ ਚੌਕਸ ਕਰ ਦਿੱਤਾ ਹੈ। ਪਯੋਂਗਯੈਂਗ ਵੱਲੋਂ ਸਭ ਤੋਂ ਵੱਡਾ ਪਰਮਾਣੂ ਪ੍ਰੀਖਣ ਕੀਤੇ ਜਾਣ ਤੋਂ ਬਾਅਦ ਦੱਖਣੀ ਕੋਰੀਆ 'ਤੇ ਚਿੰਤਾ ਦੀਆਂ ਲਕੀਰਾਂ ਸਾਫ਼ ਨਜ਼ਰ ਆ ਰਹੀਆਂ ਹਨ।

ਰੱਖਿਆ ਮੰਤਰਾਲੇ ਨੇ ਕਿਹਾ ਕਿ ਦੱਖਣੀ ਕੋਰੀਆ ਅਤੇ ਅਮਰੀਕਾ ਵੱਲੋਂ ਉਪਰਲੇ ਇਲਾਕਿਆਂ ਸਬੰਧੀ ਰੱਖਿਆ ਮਿਜ਼ਾਈਲ ਲਾਂਚਰ ਹੋਰ ਤਾਇਨਾਤ ਕੀਤੇ ਜਾਣਗੇ ਜਿਨ੍ਹਾਂ ਨੂੰ ਲੈ ਕੇ ਪੇਈਚਿੰਗ ਨਾਰਾਜ਼ ਸੀ।

ਇਹ ਐਲਾਨ ਉਸ ਸਮੇਂ ਹੋਇਆ ਹੈ ਜਦੋਂ ਸਿਓਲ ਨੇ ਅਭਿਆਸ ਵਜੋਂ ਤੜਕੇ ਕਈ ਬੈਲਿਸਟਿਕ ਮਿਜ਼ਾਈਲਾਂ ਦਾਗ਼ੀਆਂ। ਤਸਵੀਰਾਂ 'ਚ ਛੋਟੀ ਦੂਰੀ ਦੀਆਂ ਮਿਜ਼ਾਈਲਾਂ ਹਿਊਨਮੂ ਨੂੰ ਆਸਮਾਨ 'ਚ ਦਾਗ਼ਿਆ ਦਿਖਾਇਆ ਗਿਆ ਹੈ। ਉੱਤਰ ਕੋਰੀਆ ਨੇ ਐਤਵਾਰ ਨੂੰ ਕਿਹਾ ਸੀ ਕਿ ਉਨ੍ਹਾਂ ਹਾਈਡਰੋਜਨ ਬੰਬ ਧਮਾਕਾ ਕੀਤਾ ਹੈ ਅਤੇ ਇਸ ਨੂੰ ਮਿਜ਼ਾਈਲ 'ਚ ਫਿਟ ਕੀਤਾ ਜਾ ਸਕਦਾ ਹੈ।

ਸਰਹੱਦ ਪਾਰ ਰੇਡੀਏਸ਼ਨ ਦੇ ਨਹੀਂ ਮਿਲੇ ਅੰਸ਼: ਚੀਨ: ਚੀਨ ਅਤੇ ਜਪਾਨ ਨੇ ਅੱਜ ਕਿਹਾ ਹੈ ਕਿ ਉੱਤਰ ਕੋਰੀਆ ਵੱਲੋਂ ਕੀਤੇ ਗਏ ਪਰਮਾਣੂ ਪ੍ਰੀਖਣ ਕਰਕੇ ਰੇਡੀਏਸ਼ਨ ਦੇ ਕੋਈ ਅੰਸ਼ ਨਹੀਂ ਮਿਲੇ ਹਨ। ਇਹ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਜ਼ਮੀਨਦੋਜ਼ ਧਮਾਕੇ ਮਗਰੋਂ ਇਸ 'ਚੋਂ ਰੇਡੀਏਸ਼ਨ ਲੀਕ ਹੋਈ ਹੋਵੇਗੀ।

ਉੱਤਰ ਕੋਰੀਆ ਦੇ ਇਰਾਦਿਆਂ ਨੂੰ ਜਾਣਨ 'ਚ ਨਾਕਾਮ ਰਹੇ: ਅਮਰੀਕਾ, ਜਪਾਨ ਅਤੇ ਦੱਖਣੀ ਕੋਰੀਆ ਵੱਲੋਂ ਲਾਈਆਂ ਗਿਣਤੀਆਂ-ਮਿਣਤੀਆਂ ਉੱਤਰ ਕੋਰੀਆ ਦੇ ਮਾਮਲੇ 'ਚ ਨਾਕਾਮ ਸਾਬਿਤ ਹੋਈਆਂ।

ਆਰਮਜ਼ ਕੰਟਰੋਲ ਐਸੋਸੀਏਸ਼ਨ (ਏਸੀਏ) ਨੇ ਕਿਹਾ ਕਿ ਉੱਤਰ ਕੋਰੀਆ ਵੱਲੋਂ ਕੀਤਾ ਗਿਆ ਤਾਜ਼ਾ ਪ੍ਰੀਖਣ ਪੂਰਬੀ ਏਸ਼ੀਆ 'ਚ ਖ਼ਤਰੇ ਦੀ ਘੰਟੀ ਹੈ। ਉਨ੍ਹਾਂ ਕਿਹਾ ਕਿ ਉੱਤਰ ਕੋਰੀਆ ਦੇ ਪਰਮਾਣੂ ਅਤੇ ਮਿਜ਼ਾਈਲ ਪ੍ਰੋਗਰਾਮ 'ਤੇ ਨੱਥ ਪਾਉਣ 'ਚ ਦੇਰੀ ਦੇ ਨਤੀਜੇ ਵਜੋਂ ਉਹ ਇਹ ਹਥਿਆਰ ਹਾਸਲ ਕਰ ਸਕਿਆ ਹੈ।

ਏਸੀਏ ਮੁਤਾਬਕ ਜੌਰਜ ਬੁਸ਼ ਅਤੇ ਬਰਾਕ ਓਬਾਮਾ ਸਮੇਤ ਕਈ ਸਰਕਾਰਾਂ ਦੀਆਂ ਗਿਣਤੀਆਂ ਮਿਣਤੀਆਂ ਅਸਫ਼ਲ ਹੋ ਗਈਆਂ।

# ਪੰਜਾਬੀ ਭਾਸ਼ਾ ਸਾਹਮਣੇ ਅੰਤਰ ਰਾਸ਼ਟਰੀ ਚੁਣੌਤੀਆਂ

**(ਸਫਾ 18 ਦੀ ਬਾਕੀ)**


ਲੈ ਕੇ ਤੁਰੇ ਹਾਂ। ਪਿਛਲੇ ਕੁਝ ਸਮੇਂ ਤੋਂ ਪੰਜਾਬੀ ਭਾਈਚਾਰੇ ਨੇ ਆਪਣੇ ਆਪ ਨੂੰ ਇੱਥੇ ਸਿਆਸੀ ਤੇ ਆਰਥਿਕ ਤੌਰ ਤੇ ਸਥਾਪਿਤ ਕਰ ਲਿਆ ਹੈ ਅਤੇ ਜਿਸਦੇ ਸਿੱਟੇ ਵੱਜੋਂ ਪੰਜਾਬੀ ਬੋਲੀ ਨੇ ਵੀ ਤਰੱਕੀ ਕਰ ਲਈ ਹੈ। ਕੈਨੇਡਾ ਦੇ ਵੱਡੇ ਸ਼ਹਿਰਾਂ ਜਿੱਥੇ ਪੰਜਾਬੀਆਂ ਦੀ ਬਹੁਤਾਤ ਹੈ ਉੱਥੋਂ ਦੇ ਮੀਡੀਏ ਭਾਵੇਂ ਇਲੈਕਟਰੋਨਿਕ ਮੀਡੀਆ ਹੋਵੇ ਜਾਂ ਪ੍ਰਿੰਟ ਮੀਡੀਆ ਦੋਨਾਂ ਨੇ ਲੋਕਾਂ ਉੱਤੇ ਸਿੱਧਾ ਪ੍ਰਭਾਵ ਪਾਇਆ ਹੈ। ਕਾਰੋਬਾਰ ਚਮਕ ਉੱਠੇ ਹਨ ਤੇ ਇੱਥੋਂ ਦੀਆਂ ਗਤੀਵਿਧੀਆਂ ਨੇ ਪੰਜਾਬੀ ਲੋਕਾਂ ਦਾ ਉਤਸ਼ਾਹ ਵਧਾਇਆ ਹੈ ਤੇ ਮਾਣ ਨਾਲ ਕਹਿੰਦੇ ਹਨ ਕੇ ਅਸੀਂ ਪੰਜਾਬੀ ਹਾਂ। ਇੱਥੋਂ ਦੀ ਪੰਜਾਬੀ ਵੀ ਲੋਕਾਂ ਦੀ ਸਮਝ ਵਿੱਚ ਆਉਣ ਵਾ਼ਲੀ ਹੈ। ਇੱਥੋਂ ਦੇ ਲੋਕ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਅਤੇ ਸਿਖਾਉਣ ਵਿੱਚ ਮਾਣ ਮਹਿਸੂਸ ਕਰਦੇ ਹਨ। ਇਸ ਲਈ ਯਤਨ ਵੀ ਬਹੁਤ ਹੋ ਰਹੇ ਹਨ। ਪੰਜਾਬੀ ਲਿਖਾਈ ਮੁਕਾਬਲੇ, ਪੰਜਾਬੀ ਭਾਸ਼ਣ ਮੁਕਾਬਲੇ, ਪੰਜਾਬੀ ਦਾ ਸ਼ੁੱਧ ਉਚਾਰਣ, ਗੁਰਮਤਿ ਗਿਆਨ ਅਤੇ ਹੋਰ ਵਿਰਾਸਤੀ ਗੁਰਬਾਣੀ ਪਾਠ ਗਿਆਨ ਕੇਂਦਰ ਖੋ਼ਲੇ ਜਾ ਰਹੇ ਹਨ ਜੋ ਬਿਲਕੁਲ ਮੁਫ਼ਤ ਸਿਖਲਾਈ ਵੀ ਦਿੰਦੇ ਹਨ। ਜਦੋਂ ਇਹੋ ਜਿਹੇ ਯਤਨ ਕਿਸੇ ਆਰਥਿਕ ਫਾਇਦੇ ਦੇ ਮੁੱਥਾਜ ਨਾਂ ਹੋਣ ਤੇ ਸਿੱਖਣ ਵਾਲਿਆਂ ਨੂੰ ਵੀ ਕੋਈ ਫੀਸ ਨਾਂ ਦੇਣੀ ਪਵੇ ਤਾਂ ਇਹ ਸ਼ੁਭ ਸ਼ਗਨ ਹੀ ਮੰਨਿਆ ਜਾ ਸਕਦਾ ਹੈ। ਕੋਈ ਵੀ ਬੋਲੀ ਜਦੋਂ ਨਵੀਂ ਪੀੜ੍ਹੀ ਨੂੰ ਸਿਖਾਈ ਜਾਂ ਪੜ੍ਹਾਈ ਜਾਂਦੀ ਹੈ ਤਦ ਹੀ ਤਰੱਕੀ ਕਰਦੀ ਹੈ। ਸਾਨੂੰ ਲੋੜ ਹੈ ਆਮ ਲੋਕਾਂ ਨਾ਼ਲ ਜੁੜਨ ਦੀ ਉਹਨਾਂ ਨੂੰ ਅਤੇ ਉਹਨਾਂ ਦੇ ਬੱਚਿਆਂ ਨੂੰ ਪੰਜਾਬੀ ਨਾਲ ਜੋੜਨ ਦੀ। ਹਾਂ ਵਰਤਮਾਨ ਵਿੱਚ ਕੈਨੇਡਾ ਵਿੱਚ ਕਾਫ਼ੀ ਯਤਨ ਹੋ ਰਹੇ ਹਨ ਜੋ ਕਾਫ਼ੀ ਨਹੀਂ ਹਨ। ਹਾਲੇ ਵੀ ਬਹੁਤ ਲੋਕ ਹਨ, ਬਹੁਤ ਬੱਚੇ ਹਨ ਜਿਹਨਾਂ ਨੂੰ ਪੰਜਾਬੀ ਲਿਖਣੀ-ਪੜ੍ਹਣੀ ਤਾਂ ਦੂਰ ਬੋਲਣੀ ਵੀ ਨਹੀਂ ਆਉਂਦੀ। ਸਾਡਾ ਅਗਲਾ ਕਦਮ ਉਹਨਾਂ ਪੰਜਾਬੀ ਲੋਕਾਂ ਨਾ਼ਲ ਜੁੜਨ ਦਾ ਹੈ ਜੋ ਅਜੇ ਪੰਜਾਬੀ ਲਿੱਖਣ ਪੜ੍ਹਨ ਅਤੇ ਬੋਲਣ ਵਲ ਨਹੀਂ ਰੁਚਿਤ ਹੋਏ। ਸੰਭਾਵਨਾਵਾਂ ਹਮੇਸ਼ਾ ਬਣੀਆਂ ਰਹਿਣ-ੀਆਂ ਚਾਹੀਦੀਆਂ ਹਨ ਤਦੇ ਹੀ ਵਿਕਾਸ ਸੰਭਵ ਹੈ। ਹਾਂ ਸਾਡੇ ਅੱਗੇ ਬਹੁਤ ਵੱਡਾ ਮਸਲਾ ਹੈ, ਉਹ ਹੈ ਪੰਜਾਬੀ ਬੋਲੀ ਨੂੰ ਕੌਮੀ ਤੌਰ ਤੇ ਮਾਨਤਾ ਦਿਵਾਉਣ ਦਾ ਹੈ ਜੋ ਬਹੁਤ ਕਠਿਨਾਈ ਭਰਿਆ ਹੈ। ਕੈਨੇਡਾ ਇਕ ਬਹੁ-ਸਭਿਆਚਾਰਕ ਮੁਲਖ ਹੈ ਤੇ 147 ਬੋ-ਲੀਆਂ ਇਥੇ ਬੋਲੀਆਂ ਜਾਂਦੀਆਂ ਹਨ।

ਜੋ ਅਸੀਂ ਸਰਕਾਰ ਤੋਂ ਪੰਜਾਬੀ ਬੋਲੀ ਬਾਰੇ ਚਾਹੁੰਨੇ ਹਾਂ ਤੇ ਇਹੀ ਬਾਕੀ ਬੋਲੀਆਂ ਬੋਲਣ ਵਾ਼ਲੇ ਵੀ ਚਾਹੁੰਦੇ ਹਨ। ਕੈਨੇਡਾ ਸਰਕਾਰ ਅੰਗਰੇਜ਼ੀ ਅਤੇ ਫਰੈਂਚ ਦੇ ਬੋਲ ਬਾਲੇ ਅਤੇ ਵਿਕਾਸ ਲਈ ਕਰੋੜਾਂ ਡਾਲਰ ਖਰਚ ਕਰਦੀ ਹੈ ਕਿਉਂਕਿ ਉਹ ਸਰਕਾਰੀ ਭਾਸ਼ਾਵਾਂ ਹਨ। ਪਰ ਅਸੀਂ ਹੋਂਸਲਾ ਨਹੀਂ ਹਾਰਨਾ ਸਾਨੂੰ ਨਿਰੰਤਰ ਯਤਨਸ਼ੀਲ ਰਹਿਣ ਦੀ ਲੋੜ ਹੈ। ਅੱਜ ਪੰਜਾਬੀ ਪਾਰ-ਲੀਆਮੈਂਟ ਵਿਚ ਤੀਜੇ ਨੰਬਰ ਤੇ ਸਭ ਤੋਂ ਵੱਧ ਬੋਲੀ ਜਾਣ ਵਾਲੀ ਬੋਲੀ ਬਣ ਚੁੱਕੀ ਹੈ ਅਤੇ ਕੈਨੇਡਾ ਦੇ ਵਿਕਾਸ ਵਿੱਚ ਕਾਫੀ ਸਰਗਰਮ ਭੂਮਿਕਾ ਨਿਭਾਉਂਦੀ ਰਹੀ ਹੈ ਤੇ ਰਹੇਗੀ ਵੀ। ਭਾਵੇਂ ਕੋਮਾਂਤਰੀ ਪੱਧਰ ਤੇ ਮਾਨਤਾ ਦਿਵਾਉਣਾ ਹਾਲੇ ਸੁਫਨੇ ਵਾਂਗਰ ਹੈ ਪਰ ਹੌ਼ਲੀ ਹੌ਼ਲੀ ਆਪਣੀ ਸੂਝ ਬੂਝ ਅਤੇ ਰ਼ਲਕੇ ਜਦੋ ਜਹਿਦ ਕਰਨ ਨਾ਼ਲ ਇਹ ਸੰਭਵ ਹੋ ਸਕਦਾ ਹੈ। ਹੁਣ ਪੰਜਾਬ ਕੇਵਲ ਪੰਜਾਂ ਦਰਿਆਵਾਂ ਤਕ ਸੀਮਿਤ ਨਹੀਂ ਰਿਹਾ, ਪੰਜਾਬ ਖਿਲਰ ਕੇ ਪੂਰੇ ਗਲੋਬ ਤੇ ਫੈਲ ਚੁੱਕਿਆ ਹੈ। ਅਸੀਂ ਇਸ ਗਲੋਬਲੀ ਪੰਜਾਬ ਦੀ ਅਤੇ ਪੰਜਾਬੀ ਦੀ ਸਦਾ ਖ਼ੈਰ ਮੰਗਦੇ ਹਾਂ।

ਤੁਫੈਲ ਖਲਿਸ਼ ਦੇ ਸ਼ੇਅਰ ਨਾਲ ਦੁਆ ਕਰਦੀ ਹਾਂ :

ਮੇਰੇ ਦੇਸ਼ ਦੇ ਮਾਲਕਾ, ਕੋਈ ਉੱਤਰੇ ਨਾਂ ਹਜ਼ਾਬ,
ਤੇਰਾ ਵਸੇ ਕਾਅਬਾ ਸੋਹਣਿਆਂ, ਮੇਰਾ ਵਸਦਾ ਰਹੇ ਪੰਜਾਬ।

# ਸਾਹਿਤਕ ਪੈੜਾਂ- ਇਸ ਹਫ਼ਤੇ ਦੇ ਪੰਜਾਬ ਤੋਂ ਸ਼ਾਇਰ- ਹਰਭਜਨ ਸਿੰਘ ਹੁੰਦਲ



ਹਰਭਜਨ ਸਿੰਘ ਹੁੰਦਲ ਸਮਕਾਲੀ ਕਵਿਤਾ ਵਿਚ ਵੱਖਰਾ ਹਸਤਾਖਰ ਹੈ। ਉਸਨੇ ਪੰਜਾਬੀ ਕਵਿਤਾ ਵਿਚ ਰਾਜਨੀਤਿਕ ਪ੍ਰਤਿਬੱਧਤਾ ਦੀ ਕਵਿਤਾ ਨੂੰ ਅੱਗੇ ਵਧਾਇਆ ਹੈ। ਹੁੰਦਲ ਨੇ ਆਪਣੀਆਂ ਸਮਕਾਲੀ ਲਹਿਰਾਂ ਨਾਲ ਵਿਵਾਦ ਰਚਾਉਂਦਿਆਂ ਆਪਣਾ ਰਸਤਾ ਤੈਅ ਕੀਤਾ ਹੈ। ਉਹ ਅਧਿਆਪਕਾਂ ਦੀਆਂ ਜਥੇਬੰਦੀਆਂ ਵਿਚ ਕੰਮ ਕਰਦਿਆਂ ਹੋਇਆਂ ਅਨੁਭਵਾਂ ਨੂੰ ਕਾਵਿ ਰਚਨਾ ਵਿਚ ਢਾਲਦਾ ਹੈ। ਜੁਝਾਰਵਾਦੀ ਕਵਿਤਾ ਨਾਲ ਉਸਨੇ ਵਿਚਾਰਧਾਰਕ ਸੰਵਾਦ ਰਚਾਇਆ ਹੈ। ਪੰਜਾਬ ਸੰਕਟ ਸਮੇਂ ਵੀ ਉਹ ਅਡੋਲ ਸਿਰਜਣਾ ਵਿਚ ਲੱਗਾ ਰਿਹਾ ਹੈ ਤੇ ਸਮਕਾਲੀ ਸਮੇਂ ਵਿਚ ਵੀ ਉਹ ਉਤਰ-ਆਧੁਨਿਕ ਸਥਿਤੀਆਂ ਨੂੰ ਆਲੋਚਨਾਤਮਕ ਢੰਗ ਨਾਲ ਗ੍ਰਹਿਣ ਕਰਦਾ ਹੈ। ਭਾਵੇਂ ਹੁੰਦਲ ਪ੍ਰਗਤੀਵਾਦੀ ਹੈ ਪ੍ਰੰਤੂ ਇਸ ਲਹਿਰ ਵਿਚ ਆਏ ਖੋਟਾਂ ਦਾ ਵੀ ਉਹ ਲਗਾਤਾਰ ਵਿਰੋਧ ਕਰਦਾ ਆ ਰਿਹਾ ਹੈ। ਹਰਭਜਨ ਸਿੰਘ ਹੁੰਦਲ ਨੇ ਪ੍ਰਮੁੱਖ ਤੌਰ 'ਤੇ ਗਜ਼ਲ ਲਿਖੀ ਹੈ ਭਾਵੇਂ ਉਹ ਲੰਬੀ ਕਵਿਤਾ ਤੇ ਗੀਤ ਵੀ ਰਚਦਾ ਰਿਹਾ ਹੈ। ਵਿਚਾਰਧਾਰਾ ਦਾ ਕਵੀ ਹੋਣ ਦੇ ਬਾਵਜੂਦ ਉਸਦੀ ਕਵਿਤਾ ਕਾਵਿ ਦੇ ਸੁਹਜ ਪ੍ਰਤੀ ਚੇਤੰਨ ਹੈ। ਕਈ ਵਾਰ ਉਹ ਪ੍ਰਚੱਲਿਤ ਛੰਦਾਂ ਵਿਚ ਆਮ ਲੋਕਾਈ ਤੱਕ ਆਪਣੀ ਆਵਾਜ਼ ਪਹੁੰਚਾਉਂਦਾ ਹੈ। ਸ਼ਾਹ ਮੁਹੰਮਦ ਦੀ ਤਰਜ਼ 'ਤੇ ਉਸਨੇ ਬੈਂਤ ਵਿਚ ਸਮਕਾਲੀ ਸਥਿਤੀ ਦਾ ਜਾਇਜ਼ਾ ਲਿਆ ਹੈ। ਕਿਤੇ ਕਿਤੇ ਉਹ ਲੋਕ ਬੋਲੀਆਂ ਜਾਂ ਕਾਵਿ-ਰੂਪਾਂ ਨੂੰ ਵੀ ਵਰਤਦਾ ਹੈ। ਉਸਨੇ ਸੰਨ 1965 ਤੋਂ ਲੈ ਕੇ ਹੁਣ ਤੱਕ ਲੇਖਨ ਦਾ ਲੰਬਾ ਸਫਰ ਤੈਅ ਕੀਤਾ ਹੈ। ਮਾਰਗ, ਮਖੌਟੇ, ਅਸਲ ਗੱਲ, ਕਾਲੇ ਦਿਨ, ਸਫਰ ਦੀਆਂ ਪੈੜਾਂ, ਅੱਗ ਦਾ ਬੂਟਾ, ਚਾਨਣ ਦਾ ਸਿਰਨਾਵਾਂ, ਸ਼ਬਨਮ ਨਹੀਂ ਆਈ, ਨਿੱਤਰੇ ਪਾਣੀ, ਸਤਲੁਜ ਦਾ ਸਿਰਨਾਵਾਂ, ਉਦਾਸ ਹੋਈ ਕਵਿਤਾ, ਰੰਗ ਆਪੋ ਆਪਣਾ, ਮੁਖਬਰੀ ਕਰਦੇ ਦਿਨ ਅਤੇ ਮੇਰੇ ਬੋਲ ਆਦਿ ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਏ ਹਨ।

**– ਡਾ. ਕਰਮਜੀਤ ਸਿੰਘ (91-98763-23862)**

ਕੀਤਾ ਅੱਗ ਦੇ ਵਪਾਰੀਆਂ ਨੇ ਬੜਾ ਨੁਕਸਾਨ।
ਸਾਨੂੰ ਸਰਘੀ ਦੀ ਫੇਰ ਵੀ ਨਾ ਭੁੱਲਦੀ ਪਛਾਣ।

ਰੋਜ਼ ਕੰਨਾਂ ਵਿਚ ਭਰਦੇ ਕੁੜੱਤਣਾਂ ਦੇ ਬੋਲ
ਚੰਨ-ਚਾਨਣੀ 'ਚ ਦਿੰਦੇ ਨੇ ਬਰੂਦ ਰੋਜ਼ ਘੋਲ
ਕੋਈ ਬਹੁੜਿਆ ਨਾ ਰੱਬ ਬੇਗੁਨਾਹਾਂ ਨੂੰ ਬਚਾਣ ...

ਅਸਾਂ ਆਖਿਆ ਕਿ ਸਾਨੂੰ ਤਾਂ ਨੇ ਰੌਣਕਾਂ ਪਸੰਦ
ਲੱਭ ਸਕੋ ਜੇ ਲਿਆਓ, ਕਿਤੋਂ ਹਾਸੇ ਦੀ ਸੁਗੰਧ
ਕਹਿਣ, ਭਾਲਦੇ ਹਾਂ ਪਿੰਡ ਪਿੰਡ ਮੜ੍ਹੀਆਂ ਮਸਾਣ ...

ਅਸਾਂ ਪੁੱਛਿਆ ਕਿ ਕਿੰਨੇ ਅਜੇ ਸਾੜਨੇ ਮਕਾਨ?
ਕਿੰਨੀ ਦੇਰ ਤੀਕ ਰਹਿਣੀ ਟੰਗੀ ਸੂਲੀ ਉਤੇ ਜਾਨ?
ਹੋਰ ਕਿੰਨਿਆਂ ਨਿਦੋਸ਼ਿਆਂ ਦੇ ਸੂਤਣੇ ਪਰਾਣ ..

ਜਿਹਨਾਂ ਵੇਖੀ ਨਹੀਂ ਕੰਜਕਾਂ ਦੀ ਕਦੇ ਮੁਸਕਾਨ
ਚੰਗੀ ਲੱਗਦੀ ਨਾ ਬੱਚਿਆਂ ਦੀ ਤੋਤਲੀ ਜ਼ੁਬਾਨ
ਉਹ ਤਾਂ ਲੋਚਦੇ ਕਿ ਘਰ ਘਰ ਉਤਰੇ ਮੁਕਾਣ ..

ਕੋਈ ਅੱਗ ਦੇ ਵਪਾਰੀਆਂ ਦਾ ਸੋਚੀਏ ਉਪਾਅ
ਮਰ ਜਾਏ ਨਾ ਕੁਆਰੀਆਂ ਦੇ ਗਿੱਧਿਆਂ ਦਾ ਚਾਅ
ਭੁੱਲ ਜਾਏ ਨਾ ਸੁਹਾਗਣਾਂ ਨੂੰ ਪਿਆਰ-ਮੁਸਕਾਣ ...

ਲਹੂ ਭਿੱਜੀ ਪੌਣ ਅੰਦਰ, ਗੀਤ ਰੋਇਆ, ਸਿਸਕਿਆ।
ਬੀਜਿਆ ਬਾਰੂਦ ਹੱਥੀਂ, ਫੁੱਲ ਕਿੱਥੋਂ ਉੱਗਿਆ।

ਮੰਨਿਆ ਤੂੰ ਨਿਕਲਿਆ ਏਂ, ਤਲੀ ਤੇ ਖੰਜਰ ਟਿਕਾ,
ਕਦ ਭਲਾ ਹੈ ਖੰਜਰਾਂ ਨੇ, ਨਕਸ਼ ਕੋਈ ਸਿਰਜਿਆ।

ਚਾਰ ਪੈੜਾਂ ਨਾਲ ਤੇਰੇ, ਜੇ ਕੋਈ ਵੀ ਚੱਲਿਆ,
ਵੇਖਿਆ ਜਾਂ ਕੋਲ ਹੋ ਕੇ, ਤਾਂ ਛਲੇਡਾ ਨਿਕਲਿਆ।

ਸੂਰਮਾ ਮਿਰਜ਼ਾ ਬੜਾ ਸੀ, ਮਾਣ ਤੀਰਾਂ ਤੇ ਬੜਾ,
ਪਰ ਭਰਾਵਾਂ ਬਾਝ ਉਹ ਵੀ, ਜੰਡ ਹੇਠਾਂ ਟੁੱਕਿਆ।

ਤੇਰਿਆਂ ਬੋਲਾਂ 'ਚੋਂ ਲੱਭਾਂ, ਅਰਥ ਵਰਗੀ ਰੋਸ਼ਨੀ,
ਵੱਧ ਰਿਹਾ ਦੋਹਾਂ ਵਿਚਾਲੇ, ਹਰ ਘੜੀ ਕਿਉਂ ਫਾਸਲਾ।

ਨਕਸ਼ ਤੇਰੇ, ਸੁਪਨਿਆਂ ਦੇ ਰੰਗ ਨਾਲੋਂ ਵੱਖਰੇ,
ਜਿਵੇਂ ਸ਼ੀਸ਼ਾ ਫਰਸ਼ ਉਤੇ ਡਿੱਗ ਹੋਵੇ ਤਿੜਕਿਆ।

ਰੌਸ਼ਨੀ ਨੂੰ ਕਤਲ ਕਰਨੈਂ, ਇਹ ਭੁਲੇਖਾ ਖੂਬ ਹੈ,
ਰੌਸ਼ਨੀ ਜੋ ਕਤਲ ਕਰਦੈ, ਰਾਹ ਵਿਚਾਲੇ ਡਿੱਗਿਆ।

ਤਾਰੇ ਤੋੜਦੇ ਨੇ ਕੌਣ ਨਿਰੇ ਨਾਅਰਿਆਂ ਦੇ ਨਾਲ।
ਕੌਣ ਗੀਤ ਨੂੰ ਸਜਾਉਂਦੇ ਨੇ ਸਿਤਾਰਿਆਂ ਦੇ ਨਾਲ।

ਉਹਨੂੰ ਸਿੱਕਿਆਂ ਦੀ ਤਾਂਘ ਨੇ ਮਧੋਲ ਸੁੱਟਿਆ,
ਗੱਲ ਕਰਦਾ ਸੀ ਹੁੰਦਾ ਜੋ ਅੰਗਾਰਿਆਂ ਦੇ ਨਾਲ।

ਜਿਹਦੀ ਅੱਖ ਵਿਚ ਉਸਰੇ ਨੇ ਲੋਭ ਦੇ ਮਹੱਲ,
ਕਦੋਂ ਅੱਖ ਹੈ ਮਿਲਾਉਂਦਾ ਉਹ ਵਿਚਾਰਿਆਂ ਦੇ ਨਾਲ।

ਪਤਾ ਲੱਗਣਾ ਸੀ ਖੂਨ ਹੁੰਦਾ ਕਿਹੜੇ ਰੰਗ ਦਾ,
ਰਲ ਜੂਝਦੇ ਜੇ ਮਿੱਤਰਾਂ-ਪਿਆਰਿਆਂ ਦੇ ਨਾਲ।

ਕਿਹੜੀ ਗੱਲ ਉਤੇ ਆਪਣਾ ਈਮਾਨ ਵੇਚ ਕੇ,
ਜਾ ਕੇ ਬੈਠ ਗਿਆ ਅੱਜ ਹਤਿਆਰਿਆਂ ਦੇ ਨਾਲ।

ਕਿੰਨਾ ਚਿਰ ਛੱਤਾਂ ਤੇ ਚੜ੍ਹ ਕੇ ਸੁਪਨ-ਪਤੰਗ ਉਡਾਉਗੇ।
ਕਦੋਂ ਤੀਕ ਅਕਾਸ਼ਾਂ ਉਤੇ, ਕਾਲਖ-ਟਕੀ ਲਾਉਗੇ।

ਭਰਮ-ਭੁਲੇਖੇ ਕੱਚ ਦੇ ਵਾਂਗੂੰ, ਹੌਲੀ ਹੌਲੀ ਟੁੱਟਣਗੇ,
ਕਰ ਕਰ ਕੱਠੇ ਕੱਚ ਦੇ ਟੋਟੇ, ਕਿਸ ਕਿਸ ਨੂੰ ਦਿਖਲਾਉਗੇ।

ਖੁਸ਼ਬੂਆਂ ਦੀ ਰੁੱਤ ਹੁੰਦੀ ਹੈ, ਆਉਂਦੀ ਏ ਤੇ ਤੁਰ ਜਾਂਦੀ,
ਉਮਰ ਦੀਆਂ ਦਹਿਲੀਜ਼ਾਂ ਉਤੇ ਬੈਠ ਔਂਸੀਆਂ ਪਾਓਗੇ।

ਰੁੱਤਾਂ ਦੇ ਵੀ ਰੰਗ ਹੁੰਦੇ ਨੇ ਤੇ ਰੰਗਾਂ ਦੇ ਦਿਨ ਹੁੰਦੇ,
ਕਿਰ ਜਾਵਣ ਜੇ ਹੱਥਾਂ ਵਿਚੋਂ, ਕਿੱਥੋਂ ਮੋੜ ਲਿਆਉਗੇ।

ਇਕ ਰਾਹ ਬੰਦ ਸੁਰੰਗ ਨੂੰ ਜਾਂਦਾ, ਦੂਜਾ ਸੱਤਾਂ ਰੰਗਾਂ ਨੂੰ,
ਕਿਹੜੇ ਰਾਹ ਨੂੰ ਰੱਦ ਕਰੋਗੇ, ਕਿਹੜੇ ਨੂੰ ਅਪਣਾਓਗੇ।

ਲੋਕ ਕਰਦੇ ਨੇ ਤੇਰੇ ਕਿਰਦਾਰ ਦੀਆਂ ਗੱਲਾਂ।
ਤੇਰੇ ਸੱਜਰੇ ਜਨੂੰਨ, ਜਿੱਤ ਹਾਰ ਦੀਆਂ ਗੱਲਾਂ।

ਕਦੇ ਗੀਤ, ਕਦੇ ਰੰਗ, ਕਦੇ ਮੂਕ-ਵੇਦਨਾ,
ਕਹਿ ਫੇਰ ਵੀ ਨਾ ਹੁੰਦੀਆਂ, ਪਿਆਰ ਦੀਆਂ ਗੱਲਾਂ।

ਜਿਹੜੇ ਚੁੱਪ ਦੇ ਕਿਨਾਰੇ ਬੈਠ ਦਿਨ ਕੱਟਦੇ,
ਸਾਨੂੰ ਆਏ ਸਮਝਾਉਣ ਮੰਝਧਾਰ ਦੀਆਂ ਗੱਲਾਂ।

ਕਿਹਨੂੰ ਮਾਰਦੀ ਨਿਦੋਸ਼ਾ, ਕਿਹਦੀ ਕਰੇ ਹੱਤਿਆ,
ਹੋਣ ਘਰ ਘਰ ਏਸ ਤਲਵਾਰ ਦੀਆਂ ਗੱਲਾਂ।

ਜਦੋਂ ਡੁੱਲ੍ਹਦਾ ਹੈ ਖੂਨ, ਤਾਂ ਬਰੀਕ ਹੱਸਦੀ,
ਤੁਸੀਂ ਕਰਦੇ ਹੋ ਕਿਹੜੀ ਸਰਕਾਰ ਦੀਆਂ ਗੱਲਾਂ।

ਕਿੰਨਾ ਚਿਰ ਛੱਤਾਂ 'ਤੇ ਚੜ੍ਹ ਕੇ ਸੁਪਨ-ਪਤੰਗ ਉਡਾਉਗੇ।
ਕਦੋਂ ਤੀਕ ਅਕਾਸ਼ਾਂ ਉਤੇ, ਕਾਲਖ-ਟਾਂਕੀ ਲਾਉਗੇ।

ਭਰਮ-ਭੁਲੇਖੇ ਕੱਚ ਦੇ ਵਾਂਗੂੰ, ਹੌਲੀ ਹੌਲੀ ਟੁੱਟਣਗੇ,
ਕਰ ਕਰ ਕੱਠੇ ਕੱਚ ਦੇ ਟੋਟੇ, ਕਿਸ ਕਿਸ ਨੂੰ ਦਿਖਲਾਉਗੇ।

ਖੁਸ਼ਬੂਆਂ ਦੀ ਰੁੱਤ ਹੁੰਦੀ ਹੈ, ਆਉਂਦੀ ਏ ਤੇ ਤੁਰ ਜਾਂਦੀ,
ਉਮਰ ਦੀਆਂ ਦਹਿਲੀਜ਼ਾਂ ਉਤੇ ਬੈਠ ਔਂਸੀਆਂ ਪਾਓਗੇ।

ਰੁੱਤਾਂ ਦੇ ਵੀ ਰੰਗ ਹੁੰਦੇ ਨੇ ਤੇ ਰੰਗਾਂ ਦੇ ਦਿਨ ਹੁੰਦੇ,
ਕਿਰ ਜਾਵਣ ਜੇ ਹੱਥਾਂ ਵਿਚੋਂ, ਕਿੱਥੋਂ ਮੋੜ ਲਿਆਉਗੇ।

ਇਕ ਰਾਹ ਬੰਦ ਸੁਰੰਗ ਨੂੰ ਜਾਂਦਾ, ਦੂਜਾ ਸੱਤਾਂ ਰੰਗਾਂ ਨੂੰ,
ਕਿਹੜੇ ਰਾਹ ਨੂੰ ਰੱਦ ਕਰੋਗੇ, ਕਿਹੜੇ ਨੂੰ ਅਪਣਾਓਗੇ।

ਏਸ ਬਾਗ 'ਚੋਂ ਬੁਲਬੁਲ ਰੋਂਦੀ ਅਤੇ ਵਿਲਕਦੀ ਲੰਘੀ ਹੈ।
ਕਿਸ ਨੇ ਤਿਤਲੀ ਸੂਲ ਪਰੋ ਕੇ, ਦਰਵਾਜ਼ੇ ਤੇ ਟੰਗੀ ਹੈ।

ਕੀ ਖਬਰਾਂ ਸੀ ਮਾਂ-ਮਿੱਟੀ ਨੂੰ, ਐਸੇ ਵੀ ਦਿਨ ਦੇਖੇਗੀ,
ਚੜ੍ਹਦੇ ਸੂਰਜ ਉਡਨ ਹਵਾੜੇ, ਸ਼ਾਮ ਲਹੂ ਦੀ ਰੰਗੀ ਹੈ।

ਮਿੱਤਰ ਸਾਨੂੰ ਪੁੱਛਣ ਆਉਂਦੇ, ਰੰਗ ਉਦਾਸੀ ਸਾਡੀ ਦਾ,
ਕੀ ਕਹੀਏ ਕੀ ਰੋਗ ਆਸਾਨੂੰ, ਕਿਹੜੀ ਸ਼ੈ ਦੀ ਤੰਗੀ ਹੈ।

ਕਿੱਥੇ ਹਾਸੇ ਗਏ ਗਲੀ ਦੇ, ਕਿੱਥੇ ਰੌਣਕ ਰੰਗਾਂ ਦੀ,
ਪੌਣ ਅਸਾਡੇ ਵਿਹੜੇ ਵਿਚੋਂ, ਡਰਦੀ ਡਰਦੀ ਲੰਘੀ ਹੈ।

ਲੱਖ ਕੋਸ਼ਿਸ਼ਾਂ ਕਰ ਕੇ ਵੇਖੋ, ਲੁਕੀਆਂ ਨਾ ਖੁਸ਼ਬੋਆਂ ਨੇ,
ਕਿਸ ਨੇ ਮੁੱਠੀ ਵਿਚ ਲਕੋਈ, ਪੀਂਘ ਭਲਾ ਸਤਰੰਗੀ ਹੈ।

ਦੱਸੋ ਕਿਚਰਕੁ ਚੁੱਪ ਦੇ ਵਿਹੜੇ, ਦੜ ਕੇ ਵਕਤ ਗੁਜ਼ਾਰੋਗੇ।
ਹੋਰ ਕਦੋਂ ਤੱਕ ਏਸ ਕਰੁੱਤੇ, ਭੈ ਦੀ ਬੁੱਕਲ ਮਾਰੋਗੇ।

ਬਲਦੀ ਉਤੇ ਤੇਲ ਛਿੜਕਿਆ, ਕਿਹੜੇ ਕਿਹੜੇ ਹੱਥਾਂ ਨੇ,
ਕਿਹੜੇ ਰੋਜ਼ ਇਕੱਠੇ ਹੋ ਕੇ, ਪਾਣੀ ਦੁੱਧ ਨਿਤਾਰੋਗੇ।

ਜਾਦੂਗਰ ਦੀ ਤੇ ਕਾਤਿਲ ਦੀ, ਕਿਸ ਦਿਨ ਸਾਂਝ ਪਛਾਣੋਗੇ,
ਸੋਚਾਂ ਉਤੋਂ ਭਰਮ-ਭੁਲੇਖੇ ਦੀ ਕਦ ਕੁੰਜ ਉਤਾਰੋਗੇ।

ਲਾਲ ਲਹੂ ਦੇ ਹੌਲੀ ਖੇਡਣ, ਕੀ ਏਥੇ ਤੇ ਕੀ ਓਥੇ,
ਪੁੱਛੋ, ਖੋਪਰੀਆਂ ਦੇ ਉਤੇ, ਕਿਹੜਾ ਭਵਨ ਉਸਾਰੋਗੇ।

ਕਿਸ ਦਿਨ ਕਵਿਤਾ ਫੁੱਲ ਬਣੇਗੀ, ਰੰਗ ਕਦੋਂ ਮੁਸਕਾਵਣਗੇ,
ਕਿਸ ਦਿਨ ਤਾਜ਼ੀ ਪੌਣ ਤੁਰੇਗੀ, ਕਿਸ ਦਿਨ ਹਿਰਦੇ ਠਾਰੋਗੇ।

## ਨਾਬਰ ਮਿੱਟੀ

ਕੀ ਪਾ ਦਿੱਤਾ ਸੀ ਬਾਟੇ ਵਿਚ ਦਸਵੇਂ ਗੁਰੂ ਨੇ
ਬਾਣੀ ਦੇ ਸ਼ਬਦ
ਖੰਡੇ ਦੀ ਛੂਹ
ਜਾਂ ਮਾਤਾ ਦੇ ਪਤਾਸੇ?
ਕੀ ਘੋਲ ਦਿੱਤਾ ਸੀ
ਸੁੱਚੇ ਜਲ ਵਿਚ ਗੁਰਾਂ ਦੇ ਹੱਥ ਨੇ
ਕਿ ਚਿੜ੍ਹੀਆਂ ਉੱਠ ਕੇ ਲੱਗੀਆਂ
ਬਾਜ਼ਾਂ ਨਾਲ ਖਹਿਬੜਨ
ਭਾਈ ਲਾਲੋ ਚੁੱਕ ਕੇ ਕਿਰਪਾਨ
ਪੈ ਗਿਆ ਸੀ ਮਲਕ ਭਾਗੋ ਦੇ ਗਲ
ਤੇ ਰਾਜਿਆਂ ਦੀ ਕਲਗੀ ਨੂੰ ਹੱਥ
ਪਾਉਣ ਲੱਗੇ ਆਮ ਜਹੇ, ਘਾਹ ਖੋਤਰਦੇ,
ਸਾਧਾਰਨ ਬੰਦੇ।
ਕੱਲ੍ਹ ਦੇ ਕੰਮੀ- ਕਮੀਣ
ਲੱਗੇ ਤਖਤ ਦੇ ਪਾਵਿਆਂ ਨੂੰ ਝੰਜੋੜਨ।
ਘੋੜਿਆਂ ਦੀਆਂ ਟਾਪਾਂ ਦਿੱਲੀ ਤੀਕ ਸੁਣਨ ਲੱਗੀਆਂ
ਨਗਾਰੇ ਦੀ ਗੂੰਜ, ਪਹਾੜੀ-ਰਾਜਿਆਂ ਦੀ
ਨੀਂਦਰ ਹਰਾਮ ਕਰਨ ਲੱਗੀ।

ਕੀ ਕਰ ਦਿੱਤਾ ਸੀ ਗੁਰਾਂ ਨੇ
ਸ਼ਬਦ ਨੇ
ਅੰਮ੍ਰਿਤ ਦੇ ਬਾਟੇ ਨੇ
ਖੰਡੇ ਦੀ ਛੂਹ ਨੇ
ਕਿ ਵੇਖਦੇ ਹੀ ਵੇਖਦੇ
ਅਬਦਾਲੀ ਦੇ ਘੋੜੇ
ਰਾਵੀ ਦਰਿਆ ਨੂੰ ਟੱਪਣ ਵੇਲੇ ਤ੍ਰੱਬਕਣ ਲੱਗੇ
ਲਹੂ ਵਿਚ ਰੰਗੇ ਗਏ
ਖੇਤਾਂ 'ਚੋਂ ਸਿਰਾਂ ਦੀ ਫਸਲ ਉੱਗਣ ਲੱਗੀ
ਘਰਾਂ ਦੇ ਬਨੇਰਿਆਂ ਤੇ
ਨਾਬਰੀ ਦੇ ਸ਼ਮ੍ਹਾਦਾਨ ਰੌਸ਼ਨ ਹੋ ਗਏ।
ਇਹ ਕਰਾਮਾਤ ਸ਼ਬਦਾਂ ਦੀ ਸੀ,
ਸਤਲੁੱਜ ਦੇ ਪਾਣੀ ਦੀ,
ਸ਼ਹਾਦਤ ਦੀ,
ਜਾਂ ਕਿ ਆਨੰਦਪੁਰ ਦੀ
ਨਾਬਰ ਮਿੱਟੀ ਦੀ।

ਚੰਨ-ਤਾਰਿਆਂ ਦੀ ਰਾਤ ਵੀ ਘਿਨਾਉਣੀ ਲੱਗਦੀ।
ਹੁਣ ਚਾਨਣੀ ਦੀ ਜਗ੍ਹਾ, ਲਹੂ-ਨਦੀ ਵੱਗਦੀ।

ਕਦੇ ਚਾਨਣੀ 'ਚ ਖੇਡਦੇ ਸੀ ਬਾਲ ਮਿਲ ਕੇ
ਹੁਣ ਘੇਰਦੇ ਅਨੇਕ ਨੇ ਸਵਾਲ ਮਿਲ ਕੇ
ਦੂਰ ਦੂਰ ਤੀਕ ਨਹੀਂ ਕੋਈ ਬੱਤੀ ਜੱਗਦੀ ...

ਕਦੇ ਦੋਸਤੀ ਦਾ ਨਿੱਘ ਸੀ ਪਿਆਰੇ ਭਾਲਦੇ
ਮਾਰੇ ਡਰ ਦੇ, ਮਹਿਮਾਨ ਘਰ ਆਏ, ਟਾਲਦੇ
ਕੋਈ ਮਾਰਦੀ ਨਾ ਕਿਸੇ ਨੂੰ ਨਮੋਸ਼ੀ ਜੱਗ ਦੀ ...

ਰੋਜ਼ ਪਿੰਡ ਦੀਆਂ ਗਲੀਆਂ 'ਚ ਰੱਤ ਡੁੱਲ੍ਹਦੀ
ਕਾਲੀ ਬੋਲੀ ਏ ਹਨੇਰੀ ਸਿਰਾਂ ਉੱਤੇ ਝੁੱਲਦੀ
ਕਿਤੇ ਪੈੜ ਵੀ ਨਾ ਲੱਭਦੀ 'ਸੰਧੂਰੀ ਪੱਗ' ਦੀ ...

ਸਾਡੇ ਸਿਰਾਂ ਤੇ ਅਚੇਤ ਹੀ ਨੇ ਟੁੱਟਦੇ ਪਹਾੜ
ਇਹਨਾਂ ਨਿੱਤ ਦਿਆਂ ਸਾਕਿਆਂ ਨੇ ਸੁੱਟਿਆ ਉਜਾੜ
ਕੋਈ ਅੱਖ ਨਾ ਕ੍ਰੋਧ ਵਿਚ ਦਿਸੇ ਮਘਦੀ ..

ਅਸੀਂ ਲੱਭਦੇ ਹਾਂ ਸਰਘੀ ਦੀ ਰੌਸ਼ਨੀ ਮਹਾਨ
ਅਸੀਂ ਭਾਲਦੇ ਹਾਂ ਚਾਨਣੀ ਦੇ ਨਵੇਂ ਸ਼ਮ੍ਹਾਦਾਨ
ਸਾਡੇ ਵਿਹੜਿਆਂ 'ਚ ਖੇਡਿਓ ਨਾ ਖੇਡ ਅੱਗ ਦੀ ..

## ਕਾਫੀ

### (ਬੁੱਲ੍ਹੇ ਸ਼ਾਹ ਦੇ ਨਾਂ)

ਭਾਈ ਜੀ!
ਤੁਸੀਂ ਵਿੱਢੇ ਕੰਮ ਅਵੱਲੇ!
ਕੰਮ ਅਵੱਲੇ, ਹੋਣ ਨਾ ਪੂਰੇ
ਪਵੇ ਨਿਮੋਸ਼ੀ ਪੱਲੇ।

ਪੜ੍ਹਦੇ ਰੋਜ਼ ਇਲਾਹੀ ਬਾਣੀ
ਅਰਥਾਂ ਦੀ ਪਰ ਸਾਰ ਨਾ ਜਾਣੀ
ਪੰਨੇ ਬਹੁਤ ਉਥੱਲੇ।

ਕੀਤੇ ਰਾਤ ਦਿਨੇਂ ਅਰਦਾਸੇ।
ਫਿਰ ਕਿਉਂ ਹਿਰਦੇ ਰਹੇ ਪਿਆਸੇ।
ਹਉਮੈ ਬੂਹੇ ਮੱਲੇ।

ਹਰ ਕੀ ਪੌੜੀ ਰਹੇ ਖਲੋਤੇ
ਰੂਹ ਦੇ ਦਾਗ ਗਏ ਨਾ ਧੋਤੇ
ਵਗਦੇ ਤੁਸੀਂ ਦੁਵੱਲੇ।

ਦੱਸਣਾ, ਕੀ ਗੁਰਬਾਣੀ ਕਹਿੰਦੀ?
ਕਿਉਂ ਇਹ ਜੀਭ ਤਰਸਦੀ ਰਹਿੰਦੀ?
ਲੋਚੇ, ਦਹੀਂ ਤੇ ਭੱਲੇ।

ਕਾਲੀ ਸਿਰੋਂ ਹਨੇਰੀ ਝੁੱਲੀ
ਇਕ ਨਾ ਗੰਢ ਤੁਹਾਥੋਂ ਖੁੱਲ੍ਹੀ
ਫਿਰ ਝੱਲੇ ਦੇ ਝੱਲੇ!

ਓਸ ਨਗਰ ਕੀ 'ਹੁੰਦਲ' ਜਾਵੇ?
ਜਿੱਥੋਂ ਸੱਚ ਦੀ ਮਹਿਕ ਨਾ ਆਵੇ
ਕੁਫਰ ਪਵੇ ਨਿੱਤ ਪੱਲੇ।

ਜੂਝਦੇ ਹੋਏ ਲਹੂ ਦਾ ਕਿੱਸਾ ਸੁਣਾਉਂਦੇ ਰਹੀਦਾ।
ਪੌਣ ਦੀ ਝੋਲੀ 'ਚ ਖੁਸ਼ਬੂ ਗੀਤ ਪਾਉਂਦੇ ਰਹੀਦਾ।

ਰੋਜ਼ ਡੁੱਬਦੇ ਵੇਖਦੇ ਹਾਂ ਸੱਧਰਾਂ ਦੇ ਕਾਫਲੇ,
ਰੋਜ਼ ਹੀ ਪਰ ਕਲਪਣਾ ਦੇ ਪੁੱਲ ਬਣਾਉਂਦੇ ਰਹੀਦਾ।

ਮੰਨਿਆ ਕਿ ਚਮਚਿਆਂ ਦੀ ਹੋਏਗੀ ਹਸਤੀ ਬੜੀ,
ਲੰਘਦੇ ਹੋਏ ਕੋਲ ਦੀ ਸ਼ੀਸ਼ਾ ਵਿਖਾਉਂਦੇ ਰਹੀਦਾ।

ਤੇਰੀਆਂ ਪਲਕਾਂ ਦੀ ਛਾਵੇਂ ਬੈਠ ਕੇ ਨਾ ਵੇਖਿਆ,
ਗੱਲ ਗੱਲ ਤੇ ਵੇਖ ਤੇਰੀ ਬਾਤ ਪਾਉਂਦੇ ਰਹੀਦਾ।

ਸੋਚਦੇ ਤਾਂ ਹੋਣਗੇ ਕਿ ਖੰਭ ਨੇ ਕੱਟੇ ਗਏ,
ਬਿਨਾਂ ਖੰਭਾਂ ਟੀਸੀਆਂ ਤੇ ਨੀਝ ਲਾਉਂਦੇ ਰਹੀਦਾ।

ਹਾਕਮਾਂ ਨੇ ਬੋਲਣਾ ਤੇ ਮੁਸਕਰਾਉਣਾ ਰੋਕਿਆ,
ਵੇਖ ਲੈ ਗੁਸਤਾਖੀਆਂ ਕਿ ਮੁਸਕਰਾਉਂਦੇ ਰਹੀਦਾ।

ਹਾਰ ਕੇ ਨਾ ਛੱਡਿਆ ਹੈ ਲੜਨ ਦਾ ਜਜ਼ਬਾ ਅਸਾਂ,
ਹਾਰ ਕੇ ਵੀ ਜਿੱਤ ਦੇ, ਨਕਸ਼ੇ ਬਣਾਉਂਦੇ ਰਹੀਦਾ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਅਮਰੀਕਾ ਤੋਂ ਸ਼ਾਇਰ- ਹਰਜਿੰਦਰ ਕੰਗ

## ਗਜ਼ਲ

### ਗੁਰਦਿਆਲ ਰੌਸ਼ਨ

ਨਹੀਂ ਉਹ ਦਿਨ ਨਹੀਂ ਸੀ ਰਾਤ ਹੀ ਸੀ।
ਕਹਾਣੀ ਪਿਆਰ ਦੀ ਇੱਕ ਬਾਤ ਹੀ ਸੀ।

ਤਿਰੇ ਘਰ ਵਿੱਚ ਜੋ ਦੀਪਕ ਬਲ ਰਹੇ ਸਨ,
ਉਹ ਮੇਰੇ ਜਲ ਰਹੇ ਜਜ਼ਬਾਤ ਹੀ ਸੀ।

ਜ਼ਿਦੇ ਵਿੱਚ ਰੰਗ ਸੀ ਆਪਣੇ ਲਹੂ ਦਾ,
ਤੁਸੀਂ ਦੱਸੋ ਕਿ ਉਹ ਪ੍ਰਭਾਤ ਹੀ ਸੀ?

ਉਦੇ ਵਾਅਦੇ ਨਿਰੇ ਵਾਅਦੇ ਹੀ ਤਾਂ ਸਨ,
ਉਦੀ ਹਰ ਬਾਤ ਵੀ ਤਾਂ ਬਾਤ ਹੀ ਸੀ।

ਉਦੇ ਚਿਹਰੇ ਤੇ ਸੈਆਂ ਰੰਗ ਸਨ ਪਰ,
ਮਿਰੇ ਹੋਠਾਂ ਤੇ ਇੱਕੋ ਬਾਤ ਹੀ ਸੀ।

ਭਿਆਨਕ 'ਔੜ' ਸੀ 'ਰੌਸ਼ਨ' ਲਈ ਉਹ,
ਤੁਹਾਡੇ ਵਾਸਤੇ ਬਰਸਾਤ ਹੀ ਸੀ।

## ਗਜ਼ਲ

### ਵਿਜੇ ਵਿਵੇਕ

ਯਾਰੋ ਹਵਾ ਤਾਂ ਮੈਥੋਂ ਪਾਸੇ ਦੀ ਜਾ ਰਹੀ ਹੈ।
ਮੇਰੀ ਤੜਪ ਹੀ ਮੇਰੇ ਪੱਤੇ ਹਿਲਾ ਰਹੀ ਹੈ।

ਇਸ ਤੋਂ ਨਾ ਡਰ ਇਹ ਰੂਹ ਹੈ ਮੋਏ ਸਾਜ਼ਿੰਦਿਆਂ ਦੀ,
ਸੁੱਤੀ ਸਿਤਾਰ 'ਚੋਂ ਜੋ ਤਰਜ਼ਾਂ ਜਗਾ ਰਹੀ ਹੈ।

ਦਾਦੀ ਦੀ ਬਾਤ ਵਾਲੀ 'ਕੋਕੋ' ਚੁਰਾ ਕੇ ਸਭ ਕੁਝ,
ਬਾਲਾਂ ਦੇ ਸੁਪਨਿਆਂ ਵਿੱਚ ਤਾੜੀ ਵਜਾ ਰਹੀ ਹੈ।

ਕਿੰਨੇ ਕਦਮ ਹੀ ਰੁਕ ਗਏ, ਲੱਗਾ ਹਰੇਕ ਨੂੰ ਹੀ,
ਕੋਇਲ ਇਹ ਗੀਤ ਸ਼ਾਇਦ ਮੈਨੂੰ ਸੁਣਾ ਰਹੀ ਹੈ।

ਆਉਂਦੀ ਹੈ ਸ਼ਰਮ ਮੈਨੂੰ, ਲਿਖਦਾਂ ਹਨੇਰ ਕਿੰਨਾ,
ਕਹਿੰਦਾ ਹਾਂ ਮੇਰੀ ਕਵਿਤਾ ਦੀਵੇ ਜਗਾ ਰਹੀ ਹੈ।

## ਗਜ਼ਲ

### ਜਸਵਿੰਦਰ

ਹਨੇਰੇ ਹੋ ਗਏ ਜਦ ਵੀ ਸਵਾਏ।
ਅਸੀਂ ਹਰ ਮੋੜ 'ਤੇ ਦੀਵੇ ਜਗਾਏ।

ਅਸੀਂ ਬਿਰਖਾਂ ਕਿਨਾਰੇ ਮੇਲ ਦਿੱਤੇ,
ਜਦੋਂ ਪਰਛਾਵਿਆਂ ਦੇ ਪੁਲ ਬਣਾਏ।

ਕਿਹਾ ਪੌਣਾਂ ਇਨ੍ਹਾਂ ਨੂੰ ਪੀੜ ਦੇਵੋ,
ਕਮਾਦਾਂ ਨੇ ਜਦੋਂ ਸ਼ਮਲੇ ਹਿਲਾਏ।

ਬਿਖਰ ਨਾ ਜਾਣ ਇਹ ਅੰਗਿਆਰ ਧੁਖਦੇ,
ਜ਼ਰਾ ਹੌਲੀ ਗੁਜ਼ਰ ਜਾਈਂ ਹਵਾਏ।

ਹੈ ਆਪੋ ਆਪਣੀ ਔਕਾਤ ਸਭ ਦੀ,
ਕੋਈ ਚੰਬਾ ਕੋਈ ਥੋਹਰ ਉਗਾਏ।

ਉਦਾਸੀ, ਖੌਫ, ਹਉਕੇ, ਅੱਥਰੂ, ਗਮ,
ਖਜ਼ਾਨੇ ਧਰਤ ਨੇ ਕੀ ਕੀ ਛੁਪਾਏ।

ਕਰੋਗੇ ਕੀ ਹਵਾ ਦਾ ਪੰਛੀਆਂ ਦਾ,
ਤੁਸੀਂ ਹੱਦਾਂ ਤੇ ਜੋ ਪਹਿਰੇ ਬਿਠਾਏ।

ਨਮੀ ਅੱਖਾਂ ਦੀ ਦਿਲ ਦਾ ਖ਼ੂਨ ਦੇਵੋ,
ਵਿਚਾਰੇ ਹਰਫ਼ ਨੇ ਚਿਰ ਦੇ ਤਿਹਾਏ।

## ਕਾਵਿ-ਕਥਨ

ਸੰਸਕ੍ਰਿਤ ਵਿੱਚ ਛੰਦ ਦਾ ਨਾਉਂ ਹੀ ਕਵਿਤਾ ਹੈ। ਛੰਦ-ਸ਼ਾਸਤ੍ਰ ਇੱਕ ਵੇਦ ਹੈ। ਛੰਦ ਵਿਦਿਆ ਦਾ ਪ੍ਰਮਾਣਿਕ ਗ੍ਰੰਥ ਪਿੰਗਲ ਰਿਸ਼ੀ ਦਾ "ਛੰਦ ਸੂਤ੍ਰ" ਹੈ। ਵਿਆਕਰਣ ਵਿਚ ਜੋ ਸਥਾਨ ਪਾਣਿਨੀਯ ਰਿਸ਼ੀ ਦੀ "ਅਸ਼ਟਾਧਿਆਈ" ਨੂੰ ਪ੍ਰਾਪਤ ਹੈ, ਛੰਦ ਸ਼ਾਸਤ੍ਰ ਵਿਚ ਉਹੀ ਸਥਾਨ ਪਿੰਗਲ ਰਿਸ਼ੀ ਦੇ "ਛੰਦ ਸੂਤ੍ਰ" ਦਾ ਹੈ। ਇਹ ਇੰਨਾ ਲੋਕਪ੍ਰਿਯ ਹੋਇਆ ਕਿ ਇਸ ਦਾ ਨਾਉਂ ਹੀ ਪਿੰਗਲ ਰਿਸ਼ੀ ਦੇ ਨਾਂ 'ਤੇ 'ਪਿੰਗਲ' ਪੈ ਗਿਆ। ਅਰੂਜ਼ ਅਰਬੀ ਪਿੰਗਲ ਢੰਗ ਦਾ ਨਾਂ ਹੈ ਜਿਸ ਦੀ ਕਾਢ ਅੱਠਵੀਂ ਸਦੀ ਵਿੱਚ ਖ਼ਲੀਲੀ ਬਿਨ ਅਹਿਮਦ ਨੇ ਕੱਢੀ। ਪੰਜਾਬੀ ਵਿੱਚ ਸੂਫ਼ੀ ਕਾਵਿ ਕਿੱਸਾ-ਕਾਵਿ, ਗੁਰਮਤਿ ਕਾਵਿ, ਲੋਕ ਗੀਤ, ਮਾਹੀਏ, ਟੱਪੇ ਆਦਿ ਸਭ ਛੰਦ ਆਧਾਰਿਤ ਹਨ। ਇਸੇ ਲਈ ਗ਼ਜ਼ਲ ਅਰਬੀ ਫ਼ਾਰਸੀ ਤੋਂ ਉਰਦੂ ਰਾਹੀਂ ਪੰਜਾਬੀ 'ਚ ਪ੍ਰਵੇਸ਼ ਕਰ ਗਈ ਤੇ ਮਕਬੂਲ ਹੋ ਗਈ। ਪੰਜਾਬੀ ਵਿੱਚ ਪ੍ਰਚੱਲਿਤ ਪਿੰਗਲ ਬਾਝ ਕਵੀਸ਼ਰੀ ਗੀਤਾ ਬਾਝ ਗਿਆਨ। ਸੱਯਦ ਵਾਰਿਸ ਸ਼ਾਹ ਨੇ ਵੀ ਆਖਿਆ ਹੈ "ਜਾਹਲ ਸ਼ਾਇਰਾਂ ਨੂੰ ਜ਼ਰਾ ਸਮਝ ਆਵੇ ਸ਼ਿਰ ਮੌਜ਼ੂੰ ਲਿਖ ਸੁਣਾਈਏ ਜੀ ਇਲਮ ਸ਼ਾਇਰੀ ਦਾ ਜਿਸਨੂੰ ਪਤਾ ਨਹੀਂ, ਉਸਨੂੰ ਇਲਮ ਅਰੂਜ਼ ਪੜ੍ਹਾਈਏ ਜੀ।" **-ਹਰਜਿੰਦਰ**



**ਹਰਜਿੰਦਰ ਕੰਗ**

559-917-4890
kangharjind@yahoo.com

## ਗਜ਼ਲ

### ਗੁਰਭਜਨ ਗਿੱਲ

ਗੁਰੂ ਤੇਰੇ ਪੁੱਤਰਾਂ ਤੇ ਇਹ ਵੀ ਦਿਨ ਆਉਣਾ ਸੀ।
ਹੱਟੀਆਂ ਤੋਂ ਇਨ੍ਹਾਂ ਦਸਤਾਰਾਂ ਬੰਨਵਾਉਣਾ ਸੀ।

ਕੰਧ ਸਰਹੰਦ, ਚਮਕੌਰ ਸਾਨੂੰ ਪੁੱਛਦੀ ਹੈ,
ਕੱਚਾ ਸੀ ਯਕੀਨ ਜੇ ਤਾਂ ਏਥੇ ਕਾਹਨੂੰ ਆਉਣਾ ਸੀ।

ਝੂਠ ਦੀ ਮੁਥਾਜੀ, ਸਾਰਾ ਦਿਨ ਕਟੀ ਜਾਣ ਜਿਹੜੇ,
ਇਹੋ ਜਿਹੇ ਨਿਗੱਲਿਆਂ ਤੋਂ, ਤੂੰ ਵੀ ਕੀਹ ਕਰਾਉਣਾ ਸੀ।

ਤਲੀ ਉੱਤੇ ਸੀਸ ਵਾਲੀ ਫੋਟੋ ਘਰੀਂ ਟੰਗ ਕੇ ਤੂੰ,
ਪੱਥਰਾਂ ਦੇ ਅੱਗੇ ਸਿੰਘਾ! ਮੱਥਾ ਕਿਉਂ ਘਸਾਉਣਾ ਸੀ।

ਗੁਰੂ ਵਾਲੇ ਪੰਥ ਨੂੰ, ਗ੍ਰੰਥ ਗੁਰੂ ਭੁੱਲ ਗਿਆ,
ਸਾਡੀ ਜ਼ੁੰਮੇਵਾਰੀ ਅਸੀਂ ਪੜ੍ਹਨਾ ਪੜ੍ਹਾਣਾ ਸੀ।

ਗੁਰੂ ਵਾਲਾ ਸ਼ਬਦ ਜਿੰਨ੍ਹਾਂ ਦਿਲ 'ਚੋਂ ਵਿਸਾਰ ਦਿੱਤਾ,
ਮੰਦਰਾਂ 'ਚ ਜਾ ਕੇ ਉਨ੍ਹਾਂ ਟੱਲ ਹੀ ਵਜਾਉਣਾ ਸੀ।

ਯਾਰੜੇ ਤਾਂ ਸੁੱਤੇ ਪਏ ਨੇ ਨਰਮ ਗਦੇਲਿਆਂ ਤੇ,
ਹਾਲ ਤੂੰ ਮੁਰੀਦਾਂ ਵਾਲਾ ਕਿਸ ਨੂੰ ਸੁਣਾਉਣਾ ਸੀ।

## ਗਜ਼ਲ

### ਸੁਰਜੀਤ ਸਖ਼ੀ

ਕਦੀ ਤਾਂ ਗੀਤ ਲਗਦਾ ਹੈ, ਕਦੀ ਸਰਗਮ ਜਿਹਾ ਲਗਦੈ।
ਉਹ ਮੁਖੜਾ ਭੈਰਵੀ ਦਾ, ਸੁਰ ਉਦ੍ਹਾ ਪੰਚਮ ਜਿਹਾ ਲਗਦੈ।

ਉਹ ਸਿਰ ਤੋਂ ਪੈਰ ਤੱਕ ਥਲ ਹੈ, ਪਰ ਉਸ ਨੂੰ ਥਲ ਕਿਵੇਂ ਕਹੀਏ,
ਚੁਗਿਰਦਾ ਉਸ ਦੀਆਂ ਅੱਖਾਂ ਦਾ ਕਾਫ਼ੀ, ਨਮ ਜਿਹਾ ਲਗਦੈ।

ਲਈ ਫਿਰਦਾ ਹੈ ਹਰ ਇਨਸਾਨ, ਏਥੇ ਤਰਜਮਾਂ ਆਪਣਾ,
ਤੁਹਾਡਾ ਸ਼ਹਿਰ ਵਿਚ ਪੂਰਬ ਵੀ ਕੁਝ ਪੱਛਮ ਜਿਹਾ ਲਗਦੈ।

ਹਵਾਵਾਂ, ਤੜਪਦੇ ਪੱਤੇ, ਕਿਸੇ ਤੂਫ਼ਾਨ ਦੀ ਆਹਟ,
ਇਹ ਮੌਸਮ ਵੀ, ਮਿਰੇ ਅੰਦਰ ਦੇ ਹੀ ਮੌਸਮ ਜਿਹਾ ਲਗਦੈ।

ਬਹਾਰਾਂ ਦੇ ਖ਼ਿਜ਼ਾਵਾਂ ਦਾ, ਇਹ ਮੁੜ ਮੁੜ ਕੇ ਗਲੇ ਮਿਲਣਾ,
ਕਦੇ ਇਹ ਜਸ਼ਨ ਲੱਗਦਾ ਹੈ, ਕਦੇ ਮਾਤਮ ਜਿਹਾ ਲਗਦੈ।

## ਗਜ਼ਲ

### ਸੋਮ ਦੱਤ 'ਦਿਲਗੀਰ'

ਮੈਂ ਵਿਦਾਈ ਦੇ ਸਮੇਂ ਰੋਇਆ ਨਹੀਂ।
ਦਾਗ਼ ਤੇਰਾ ਮੈਂ ਅਜੇ ਧੋਇਆ ਨਹੀਂ।

ਮੈਂ ਹਵਾ ਦੇ ਵਾਂਗਰਾਂ ਬੇਰੰਗ ਸੀ,
ਇਸ ਲਈ ਮੈਂ ਹੋ ਕੇ ਵੀ ਹੋਇਆ ਨਹੀਂ।

ਖੁਸ਼ਕ ਮੌਸਮ ਜ਼ਰਦ ਪੱਤੇ ਨਾਲ ਨੇ,
ਫੇਰ ਵੀ ਫੁੱਲ ਜੀਅ ਰਿਹਾ ਮੋਇਆ ਨਹੀਂ।

ਸਿਰਫ਼ ਕੰਡੇ ਲੈ ਕੇ ਉੱਗਰੇ ਜੋ ਕਦੇ,
ਬੀਜ ਇੰਜ ਉਲਫ਼ਤ ਦਾ ਮੈਂ ਬੋਇਆ ਨਹੀਂ।

ਮੇਰੇ ਘਰ ਦਾ ਤਿੜਕਿਆ ਸ਼ੀਸ਼ਾ ਕਿਉਂ?
ਮੈਂ ਤਾਂ ਆਪਣੇ ਰੂ-ਬ-ਰੂ ਹੋਇਆ ਨਹੀਂ।

ਮਹਿਲ ਵਾਂਗਰ ਇਸ ਦਫ਼ਾ ਬਰਸਾਤ ਵਿੱਚ,
ਝੌਂਪੜਾ ਮੇਰਾ ਵੀ 'ਤੇ ਚੋਇਆ ਨਹੀਂ।

ਖੁਰ ਨਾ ਜਾਏ ਤੇਰਾ ਚਿਹਰਾ ਅੱਖ 'ਚੋਂ,
ਇਸ ਲਈ ਜੀਅ ਭਰ ਕੇ ਮੈਂ ਰੋਇਆ ਨਹੀਂ।

ਮੈਂ ਹਕੀਕਤ ਜਾਣਦਾ ਸੀ ਖ਼ੁਆਬ ਦੀ,
ਇਸ ਲਈ ਮੈਂ ਰਾਤ ਭਰ ਸੋਇਆ ਨਹੀਂ।

## ਗਜ਼ਲ

### ਕੁਲਵਿੰਦਰ

ਮੈਂ ਪੱਥਰ ਦੇ ਘਰੋਂ ਸ਼ੀਸ਼ੇ ਦੇ ਘਰ ਤੀਕਰ ਕਿਵੇਂ ਜਾਵਾਂ।
ਮੈਂ ਆਪਣੇ ਮੈਲੇ ਚਿਹਰੇ ਨੂੰ ਬਹੁਤ ਚਾਹੁੰਦਾ ਹਾਂ ਲਿਸ਼ਕਾਵਾਂ।

ਘਰੋਂ ਤੁਰਿਆ ਸਾਂ ਇਸ ਕਾਰਨ ਕਰਾਂਗਾ ਛਾਂ ਮੈਂ ਰਾਹੀਆਂ ਨੂੰ,
ਗੁਆ ਬੈਠਾਂ ਮੈਂ ਸੜਦੇ ਥਲ 'ਚ ਪਰ ਅਪਣਾ ਹੀ ਪਰਛਾਵਾਂ।

ਮੈਂ ਡਰਦਾ ਇਸ ਲਈ ਜਸ਼ਨਾ 'ਚ ਹੁਣ ਸ਼ਾਮਿਲ ਨਹੀਂ ਹੁੰਦਾ,
ਕਿਤੇ ਮੈਂ ਸ਼ੋਖ਼ ਰੰਗਾਂ ਵਿਚ ਉਤਰ ਕੇ ਗਰਕ ਨਾ ਜਾਵਾਂ।

ਉਡੀਕੋ ਨਾ ਤੁਸੀਂ ਘਰ, ਪਰਤ ਮੈਂ ਸਕਦਾ ਨਹੀਂ ਵਣ 'ਚੋਂ,
ਸਬੂਤਾ ਮੈਂ ਨਹੀਂ ਬਚਿਆ ਕਿ ਮੈਨੂੰ ਖਾ ਲਿਆ ਗੁਾਵਾਂ।

ਇਹ ਪੀਲੇ ਪੱਤ ਦੱਸਦੇ ਦਾਸਤਾਂ ਜੰਗਲ ਦੀ ਹੀ ਕੇਵਲ,
ਗੁਜ਼ਰੀਆਂ ਨਾਲ ਮੇਰੇ ਵਣ 'ਚ ਜੋ ਦੱਸਣ ਨਾ ਘਟਨਾਵਾਂ।

ਜਾਂ ਸੂਰਜ ਹੈ ਸਿਖ਼ਰ 'ਤੇ ਜਾਂ ਗੁਆ ਚੁੱਕੇ ਨੇ ਹੋਂਦ ਆਪਣੀ,
ਕਿ ਇੱਕ ਵੀ ਸ਼ਖ਼ਸ ਦਾ ਹੁਣ ਸ਼ਹਿਰ ਵਿੱਚ ਦਿਸਦਾ ਨਾ ਪਰਛਾਵਾਂ।

ਗਲੀਚਾ ਹੈ ਸਵਾਗਤ ਵਾਸਤੇ ਪਰ ਹੇਠ ਨੇ ਕਿਰਚਾਂ,
ਤੇ ਉਹ ਚਾਹੁੰਦੇ ਨੇ ਨੰਗੇ ਪੈਰ ਮੈਂ ਹਸਦਾ ਤੁਰੀ ਜਾਵਾਂ।

## ਗਜ਼ਲ

### ਆਜ਼ਾਦ ਜਾਲੰਧਰੀ

ਖੇਡਦੇ ਸਨ ਜੋ ਕਦੇ ਬਚਪਨ ਦਿਆਂ ਯਾਰਾਂ ਦੇ ਨਾਲ।
ਆ ਗਏ ਛਡਕੇ ਵਤਨ ਘਰ ਬਾਰ ਪਰਿਵਾਰਾਂ ਦੇ ਨਾਲ।

ਦਿਲ ਦੇ ਬੀਮਾਰਾਂ ਤੋਂ ਬਚਕੇ ਆਏ ਸਾਂ ਏਥੇ ਮਗਰ,
ਦੋਸਤੀ ਕਰਨੀ ਪਈ ਏ ਰੂਹ ਦੇ ਬੀਮਾਰਾਂ ਦੇ ਨਾਲ।

ਜਾਲ ਵਿਚ ਫਸਦੇ ਨੇ ਪੰਛੀ ਦਾਣਿਆਂ ਦੇ ਲੋਭ ਨੂੰ,
ਹੋ ਰਿਹਾ ਇਹ ਖੇਲ ਸਦੀਆਂ ਤੋਂ ਹੈ ਲਾਚਾਰਾਂ ਦੇ ਨਾਲ।

ਲੈ ਕੇ ਪਰਦੇਸਾਂ 'ਚ ਆਈਆਂ ਜਿਹਨਾਂ ਨੂੰ ਮਜ਼ਬੂਰੀਆਂ,
ਮੈਂ ਕਈ ਦੇਖੇ ਨੇ ਰੋਂਦੇ ਲਗਕੇ ਦੀਵਾਰਾਂ ਦੇ ਨਾਲ।

ਘੋਲਕੇ ਮੈਅ ਦੇ ਪਿਆਲੇ ਵਿਚ ਇਹ ਪਾ ਜਾਂਦੇ ਨੇ ਗਮ,
ਰਾਤ ਦਿਨ ਪਏ ਖੇਡਦੇ ਨਾਦਾਨ ਅੰਗਿਆਰਾਂ ਦੇ ਨਾਲ।

ਮਿਲ ਗਏ ਡਾਲਰ ਬੜੇ ਔਲਾਦ ਪਰ ਹੱਥੋਂ ਗਈ,
ਜੂਝਦੇ ਮਾਪੇ ਨੇ ਫਿਰ ਵੀ ਆਪਣੇ ਰੁਜ਼ਗਾਰਾਂ ਦੇ ਨਾਲ।

ਇਸ ਮਸ਼ੀਨਾਂ ਦੇ ਸ਼ਹਿਰ ਵਿਚ ਆ ਤੇ ਪੁੱਜੇ ਹਾਂ ''ਅਜ਼ਾਦ''
ਕਿਸ ਤਰ੍ਹਾਂ ਦੌੜਾਂਗੇ ਯਾਰੋ, ਤੇਜ਼ ਰਫਤਾਰਾਂ ਦੇ ਨਾਲ।

## ਗਜ਼ਲ

### ਸਾਂਵਲ ਧਾਮੀ

ਜੇ ਇਉਂ ਖ਼ਾਬਾਂ 'ਚ ਆ ਕੇ ਵਿਲਕਣਾ ਸੀ।
ਤੂੰ ਮੈਨੂੰ ਅਲਵਿਦਾ ਕਿਉਂ ਆਖਣਾ ਸੀ?

ਉਹ ਡੁੱਬ ਗਈਆਂ ਨੇ ਚੰਦ ਕੁ ਹੰਝੂਆਂ ਵਿੱਚ,
ਜਿਨ੍ਹਾਂ ਅੱਖਾਂ ਨੇ ਦਰਿਆ ਡੋਬਣਾ ਸੀ।

ਹਵਾ ਹੀ ਮੋੜ ਕੇ ਲੈ ਆਈ ਘਰ ਨੂੰ,
ਮੈਂ ਹਾਲੇ ਹੋਰ ਕੁਝ ਦਿਨ ਭਟਕਣਾ ਸੀ।

ਬਿਨਾਂ ਦਸਤਕ ਉਹ ਮੇਰੇ ਰੂ-ਬ-ਰੂ ਏ,
ਬੁਰੀ ਹੋਈ ਮੈਂ ਚਿਹਰਾ ਬਦਲਣਾ ਸੀ।

ਮੇਰੇ ਹੱਥ ਮੂਰਤਾਂ ਜੇ ਨਾ ਬਣਾਉਂਦੇ,
ਤੇਰੀ ਮਿੱਟੀ ਨੂੰ ਰੱਬ ਕਿਸ ਆਖਣਾ ਸੀ?

ਮੇਰੇ ਨੈਣਾਂ ਦੇ ਪਥਰਾ ਜਾਣ ਪਿੱਛੋਂ,
ਤੇਰੇ ਚਿਹਰੇ ਤੋਂ ਪਰਦਾ ਸਰਕਣਾ ਸੀ।

ਜੇ ਤੂੰ ਹੁੰਦਾ ਤੇਰੇ ਸਾਹਵਾਂ 'ਚ ਸਾਂਵਲ'।
ਕਿਸੇ ਨੇ ਸਿਸਕੀਆਂ ਹੋ ਮਹਿਕਣਾ ਸੀ।

## ਗਜ਼ਲ

### ਗੁਰਦੀਪ ਦੇਹਰਾਦੂਨ

ਦਰਦ ਦਾ ਅਪਮਾਨ ਸਹਿ ਹੋਣਾ ਨਹੀਂ।
ਜਜ਼ਬਿਆਂ ਤੋਂ ਚੁੱਪ ਰਹਿ ਹੋਣਾ ਨਹੀਂ।

ਬਦਲ ਚੁੱਕੀ ਹੈ ਹਕੀਕਤ ਦਰਦ ਦੀ,
ਬਣ ਕੇ ਹੰਝੂ ਇਸ ਤੋਂ ਵਹਿ ਹੋਣਾ ਨਹੀਂ।

ਸ਼ਿਕਵਿਆਂ ਨੂੰ ਲੱਭਣਾ ਪੈਣਾ ਹੈ ਰਾਹ,
ਚੁੱਪ ਕਰਕੇ ਹੋਰ ਬਹਿ ਹੋਣਾ ਨਹੀਂ।

ਮੁਸਕਰਾ ਕੇ ਵੀ ਕਹਿਣ ਜੇ ਦਿਲ ਦਾ ਹਾਲ,
ਹੰਝੂਆਂ ਤੋਂ ਝੂਠ ਕਹਿ ਹੋਣਾ ਨਹੀਂ।

ਹਾਕਮਾਂ ਦੇ ਹੁਕਮ ਦਾ ਇਹ ਅੰਤ ਹੈ,
ਮੈਥੋਂ ਹੇਠਾਂ ਹੋਰ ਲਹਿ ਹੋਣਾ ਨਹੀਂ।

ਇਸ ਦੇ ਪਾਣੀ ਵਿਚ ਕੋਈ ਤੜਪ ਹੈ,
ਇਸ ਨਦੀ ਤੋਂ ਟਿਕ ਕੇ ਵਹਿ ਹੋਣਾ ਨਹੀਂ।

# ਰਾਜ ਕਪੂਰ ਦੇ ਖ਼ਾਨਦਾਨ ਦਾ ਨਵਾਂ ਚਸ਼ਮ-ਓ-ਚਿਰਾਗ਼

ਕਪੂਰ ਖ਼ਾਨਦਾਨ ਦੀ ਚੌਥੀ ਪੀੜ੍ਹੀ ਦਾ ਇੱਕ ਹੋਰ ਮੈਂਬਰ ਆਦਰ ਜੈਨ ਵੀ ਹੁਣ ਬੌਲੀਵੁੱਡ ਨਾਲ ਜੁੜ ਚੁੱਕਿਆ ਹੈ। ਉਸ ਦੀ ਪਹਿਲੀ ਫ਼ਿਲਮ ਯਸ਼ਰਾਜ ਫ਼ਿਲਮਜ਼ ਦੀ 'ਕੈਦੀ ਬੈਂਡ' ਹੈ ਜੋ 25 ਅਗਸਤ ਨੂੰ ਰਿਲੀਜ਼ ਹੋਈ।

ਆਦਰ ਜੈਨ ਦੀ ਮਾਂ ਰੀਮਾ ਜੈਨ ਆਪਣੇ ਸਮੇਂ ਦੇ ਮਸ਼ਹੂਰ ਅਭਿਨੇਤਾ ਰਾਜ ਕਪੂਰ ਦੀ ਧੀ ਹੈ। ਆਦਰ ਦੇ ਮਮੇਰੇ ਭਰਾ ਰਣਬੀਰ ਕਪੂਰ ਨੇ ਜਦੋਂ ਤੋਂ ਉਸ ਨੂੰ ਮੀਡੀਆ ਦੇ ਸਾਹਮਣੇ ਪੇਸ਼ ਕੀਤਾ ਹੈ, ਉਦੋਂ ਤੋਂ ਹੀ ਉਹ ਲਗਾਤਾਰ ਸੁਰਖੀਆਂ ਵਿੱਚ ਹੈ। ਪਰਿਵਾਰ ਦੇ ਸਿਰ 'ਤੇ ਉਸ ਨੂੰ ਫ਼ਿਲਮ ਮਿਲਣ ਦੀਆਂ ਵੀ ਗੱਲਾਂ ਕੀਤੀਆਂ ਜਾ ਰਹੀਆਂ ਹਨ।

ਆਦਰ ਸਕੂਲ ਦੀ ਪੜ੍ਹਾਈ ਵਿੱਚ ਕਾਫ਼ੀ ਕਮਜ਼ੋਰ ਸੀ। ਉਸ ਵਕਤ ਉਸ ਦੀ ਰੁਚੀ ਫੁੱਟਬਾਲ ਵਿੱਚ ਸੀ। ਜਮਾਤ ਵਿੱਚ ਉਹ ਇੱਕਦਮ ਪਿੱਛੇ ਵਾਲੀ ਸੀਟ ਉੱਤੇ ਬੈਠਦਾ ਸੀ। ਗਿਆਰ੍ਹਵੀਂ ਜਮਾਤ ਵਿੱਚ ਪਹੁੰਚਦੇ ਹੀ ਉਸ ਦੇ ਦਿਮਾਗ਼ ਵਿੱਚ ਬਸ ਗਿਆ 'ਮੈਨੂੰ ਅਦਾਕਾਰ ਹੀ ਬਣਨਾ ਹੈ।'



ਜਦੋਂ ਉਸ ਨੇ ਇਹ ਗੱਲ ਆਪਣੇ ਪਿਤਾ ਨੂੰ ਦੱਸੀ ਤਾਂ ਉਨ੍ਹਾਂ ਕਿਹਾ ਕਿ ਜੋ ਵੀ ਕਰਨਾ ਹੈ ਕਰੋ, ਪਰ ਦਿਲ ਲਗਾ ਕੇ ਕਰੋ ਕਿਉਂਕਿ ਅਦਾਕਾਰੀ ਬਹੁਤ ਔਖੀ ਹੁੰਦੀ ਹੈ। ਆਦਰ ਦੀ ਮਾਂ ਰੀਮਾ ਜੈਨ ਤਾਂ ਅਕਸਰ ਹੀ ਆਪਣੇ ਪਿਤਾ ਰਾਜ ਕਪੂਰ ਨਾਲ ਸੈੱਟ ਉੱਤੇ ਜਾਂਦੀ ਸੀ। ਰੀਮਾ ਨੇ ਹੀ ਆਦਰ ਨੂੰ ਅਦਾਕਾਰੀ ਵਿੱਚ ਆਪਣੇ ਨਾਨਾ ਦੀ ਤਰ੍ਹਾਂ ਜਨੂੰਨ ਅਤੇ ਸਮਰਪਣ ਦੀ ਭਾਵਨਾ ਪੈਦਾ ਕਰਕੇ ਅੱਗੇ ਬਣਨ ਲਈ ਪ੍ਰੇਰਿਤ ਕੀਤਾ। ਕਿਉਂਕਿ ਰਾਜ ਕਪੂਰ ਦੀ ਉਮਰ ਜਦੋਂ 23 ਸਾਲ ਸੀ ਤਾਂ ਉਸ ਨੇ ਫ਼ਿਲਮ ਨਿਰਮਾਣ, ਨਿਰਦੇਸ਼ਨ, ਲੇਖਣ ਦੇ ਨਾਲ ਨਾਲ ਉਨ੍ਹਾਂ ਵਿੱਚ ਅਭਿਨੈ ਵੀ ਕੀਤਾ ਸੀ। ਲਤਾ ਮੰਗੇਸ਼ਕਰ ਅਤੇ ਮੁਕੇਸ਼ ਨਾਲ ਬੈਠਕੇ ਸੰਗੀਤ ਨਿਰਦੇਸ਼ਨ ਵੀ ਕੀਤਾ। ਦੂਜੀ ਤਰਫ਼ ਆਦਰ ਜੈਨ ਦੀ ਉਮਰ ਫ਼ਿਲਮੀ ਕਰੀਅਰ ਦੀ ਸ਼ੁਰੂਆਤ ਕਰਨ ਸਮੇਂ 23 ਸਾਲ ਹੈ।

ਆਪਣੇ ਨਾਨਾ ਜੀ ਦੇ ਪਦ ਚਿੰਨ੍ਹਾਂ 'ਤੇ ਚੱਲਣ ਲਈ ਆਦਰ ਨੇ ਇਸ ਖੇਤਰ ਵਿੱਚ ਆਉਣ ਤੋਂ ਪਹਿਲਾਂ ਅਮਰੀਕਾ ਦੇ ਨਿਊਯਾਰਕ ਸਕੂਲ ਜਾ ਕੇ ਫ਼ਿਲਮ ਮੇਕਿੰਗ ਦਾ ਕੋਰਸ ਕੀਤਾ। ਉੱਥੇ ਫ਼ਿਲਮ ਦੇ ਹਰ ਵਿਭਾਗ ਦੀ ਜਾਣਕਾਰੀ ਹਾਸਲ ਕੀਤੀ। ਉਸਤੋਂ ਬਾਅਦ ਮੁੰਬਈ ਵਾਪਸ ਆ ਕੇ ਫਰਹਾ ਖ਼ਾਨ ਨਾਲ 'ਹੈਪੀ ਨਿਊ ਯੀਅਰ' ਅਤੇ ਕਰਨ ਜੌਹਰ ਨਾਲ 'ਐ ਦਿਲ ਹੈ ਮੁਸ਼ਕਿਲ' ਫ਼ਿਲਮ ਵਿੱਚ ਬਤੌਰ ਸਹਾਇਕ ਨਿਰਦੇਸ਼ਕ ਕੰਮ ਕੀਤਾ। ਇਹ ਸਭ ਸਿੱਖਣ ਤੋਂ ਬਾਅਦ ਹੀ ਉਸ ਨੇ ਅਦਾਕਾਰੀ ਦੇ ਖੇਤਰ ਵਿੱਚ ਕਦਮ ਰੱਖਿਆ।

ਵੱਡੇ ਫ਼ਿਲਮੀ ਪਰਿਵਾਰ ਨਾਲ ਸਬੰਧਿਤ ਹੋਣ 'ਤੇ ਵੀ ਆਦਰ ਨੂੰ ਪਹਿਲੀ ਫ਼ਿਲਮ ਕਾਫ਼ੀ ਸੰਘਰਸ਼ ਕਰਨ ਤੋਂ ਬਾਅਦ ਮਿਲੀ। ਲਗਾਤਾਰ ਤਿੰਨ ਮਹੀਨੇ ਤਕ ਤਾਂ ਉਹ ਔਡੀਸ਼ਨ ਹੀ ਦਿੰਦਾ ਰਿਹਾ। ਫਿਰ ਉਸ ਦੀ ਮੁਲਾਕਾਤ ਆਦਿੱਤਿਆ ਚੋਪੜਾ ਨਾਲ ਹੋਈ ਜਿਸ ਨੇ ਉਸ ਨੂੰ ਸਖ਼ਤ ਮਿਹਨਤ ਕਰਨ ਦਾ ਗੁਰ ਦੇ ਕੇ 'ਕੈਦੀ ਬੈਂਡ' ਫ਼ਿਲਮ ਦੀ ਪੇਸ਼ਕਸ਼ ਕੀਤੀ।

## ਪਿੰਡ ਘੁਲਾਲ ਦਾ ਸਰਕਾਰੀ ਪ੍ਰਾਇਮਰੀ ਸਕੂਲ

(ਸਫਾ 6 ਦੀ ਬਾਕੀ)


ਚੁੱਕੇ ਹਨ ਜਿਸ ਨਾਲ ਘੁਲਾਲ ਸਕੂਲ ਦਾ ਨਾਂ ਹੋਰ ਵੀ ਚਮਕਿਆ ਹੈ।

ਇਹ ਸਕੂਲ ਜ਼ਿਲ੍ਹੇ ਦਾ ਇੱਕ ਅਜਿਹਾ ਸਕੂਲ ਹੈ ਜਿੱਥੇ ਕੱਬ ਬੁੱਲ-ਬੁੱਲ ਗਰੁੱਪ ਵੀ ਚਲ ਰਿਹਾ ਹੈ, ਜੋ ਵਿਦਿਆਰਥੀਆਂ ਵਿਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਦਾ ਹੋਇਆ ਇਕ ਚੰਗਾ ਸਮਾਜਿਕ ਨਾਗਰਿਕ ਬਣਨ ਵਿਚ ਸਹਾਇਤਾ ਕਰਦਾ ਹੈ। ਸਕੂਲ ਵਿਦਿਆਰਥੀ ਜ਼ਿਲ੍ਹੇ ਤੋਂ ਬਾਹਰ ਵੀ ਕੱਬ-ਬੁੱਲ ਬੁੱਲ ਦੇ ਕੈਂਪ ਲਗਾ ਚੁੱਕੇ ਹਨ। ਫਿਰੋਜ਼ਪੁਰ ਕੱਬ-ਬੁੱਲ ਬੁੱਲ ਦੇ 100 ਵੇਂ ਉਤਸਵ ਤੇ ਲੱਗੇ ਕੈਂਪ ਵਿਚ ਸਕੂਲ ਬੱਚਿਆਂ ਨੇ ਲੁਧਿਆਣਾ ਜ਼ਿਲ੍ਹੇ ਲਈ ਵੱਖ ਵੱਖ ਗਤੀਵਿਧੀਆਂ ਵਿਚ ਪ੍ਰਾਪਤੀਆਂ ਪ੍ਰਾਪਤ ਕਰਕੇ ਜ਼ਿਲ੍ਹਾ ਲੁਧਿਆਣਾ ਦਾ ਨਾਂ ਰੋਸ਼ਨ ਕੀਤਾ। ਸਕੂਲ ਵਿਚ ਛਾਂਦਾਰ, ਫਲਦਾਰ ਅਤੇ ਸਜਾਵਟੀ ਬੂਟੇ ਵੀ ਲੱਗੇ ਹੋਏ ਹਨ ਜੋ ਸਕੂਲ ਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਰਹੇ ਹਨ। ਸਕੂਲ ਇੰਚਾਰਜ ਸੰਜੀਵ ਕੁਮਾਰ ਨੇ ਦੱਸਿਆ ਕਿ ਸਕੂਲ ਅੱਜ ਜਿਸ ਵੀ ਮੁਕਾਮ 'ਤੇ ਹੈ, ਉਹ ਸਭ ਦਾਨੀ ਸੱਜਣਾ, ਗ੍ਰਾਮ ਪੰਚਾਇਤ, ਸਕੂਲ ਕਮੇਟੀ, ਪਿੰਡ ਵਾਸੀਆਂ ਤੇ ਅਧਿਆਪਕਾਂ ਦੇ ਆਪਸੀ ਤਾਲ ਮੇਲ ਸਦਕਾ ਹੈ।

ਪ੍ਰਮਾਤਮਾ ਕਰੇ ਇਸ ਸਕੂਲ ਨੂੰ ਹੋਰ ਵੀ ਸਹਿਯੋਗ ਮਿਲੇ ਅਤੇ ਸਕੂਲ ਹੋਰ ਵੀ ਤਰੱਕੀ ਹਾਸਲ ਕਰੇ ਅਤੇ ਪ੍ਰਾਈਵੇਟ ਸਕੂਲਾਂ ਨੂੰ ਮਾਤ ਪਾਉਂਦਾ, ਇਹ ਸਕੂਲ ਆਪਣੀ ਵਿਲੱਖਣ ਪਹਿਚਾਣ ਪੂਰੀ ਦੁਨੀਆਂ ਵਿਚ ਛੱਡੇ।

## ਭਾਰ ਢੋਣ ਵਾਲ਼ੇ ਰਿਸ਼ਤਿਆਂ ਅਤੇ ਵੱਖੋ-ਵੱਖ ਪੀੜ੍ਹਾਂ ਦੀ ਦਾਸਤਾਨ "ਦਿਲ ਦੀ ਅਵਾਜ਼"

ਬਾਈ ਰਾਠੇਸ਼ਵਰ ਸਿੰਘ 'ਰਾਠੀ' ਨੂੰ ਮੈਂ ਅਮਰੀਕਾ ਦੇ ਕਈ ਨਾਮਵਰ ਅਖ਼ਬਾਰਾਂ ਵਿੱਚ ਪੜ੍ਹਿਆ ਹੋਇਆ ਸੀ, ਪਰ ਕਦੇ ਮਿਲ਼ਿਆ ਨਹੀਂ ਸੀ। ਪਰ ਮੇਰੀ ਅਮਰੀਕਾ ਫ਼ੇਰੀ ਸਮੇਂ ਜਿੰਨੀ ਵਾਰ ਵੀ ਸਾਡੇ ਮੇਲ਼ ਹੋਏ, ਉਹ ਸੈਕਰਾਮੈਂਟੋ ਵਾਸੀ, ਮੇਰੇ ਜਿਗਰੀ ਮਿੱਤਰ ਦਿਲ ਨਿੱਝਰ (ਦਲਬੀਰ ਨਿੱਝਰ) ਦੇ ਘਰ ਹੋਏ। ਜਦ ਬਾਈ ਰਾਠੀ ਨੂੰ ਮੈਂ ਪਹਿਲੀ ਵਾਰ ਮਿਲ਼ਿਆ, ਤਾਂ ਦੇਖਣ ਪਰਖਣ ਤੋਂ ਉਹ ਮੈਨੂੰ ਲੇਖਕ ਘੱਟ, ਪੰਜਾਬ ਪੁਲਿਸ ਦਾ ਠਾਣੇਦਾਰ ਜ਼ਿਆਦਾ ਲੱਗਿਆ। ਪਰ ਜਦੋਂ ਮੈਂ ਬਾਈ ਰਾਠੀ ਦੀਆਂ ਰਚਨਾਵਾਂ, ਖ਼ਾਸ ਤੌਰ 'ਤੇ ਕਹਾਣੀਆਂ ਪੜ੍ਹੀਆਂ, ਤਾਂ ਮੇਰੇ ਸਾਰੇ ਗ਼ਿਲੇ-ਸ਼ਿਕਵੇ ਦੂਰ ਹੋ ਗਏ ਅਤੇ ਉਸ ਵਿਚ ਮੈਨੂੰ ਇੱਕ ਸੰਵੇਦਨਸ਼ੀਲ ਅਤੇ ਇਮਾਨਦਾਰ ਲੇਖਕ ਦਿਸਿਆ! ਸਿੱਧੀ ਅਤੇ ਸਪੱਸ਼ਟ ਗੱਲ ਮੂੰਹ 'ਤੇ ਮਾਰਨ ਵਾ਼ਲਾ ਨਿਰਪੱਖ ਅਤੇ ਨਿਰਲੇਪ ਲੇਖਕ...! ਬਾਈ ਰਾਠੀ ਕੋ਼ਲ ਗੱਲ ਚਿਤਰਣ ਦਾ ਢੰਗ ਹੈ, ਜੁਗਤ ਅਤੇ ਨੀਤੀ ਹੈ। ਉਹ ਰੋੜਾ ਮਾਰ ਕੇ ਬੇਰ ਵੱਲ ਝਾਕੀ ਜਾਣ ਦਾ ਆਦੀ ਨਹੀਂ, ਅਤੇ ਨਾ ਹੀ ਬੋਤੇ ਦੇ ਲਮਕਦੇ ਬੁੱਲ੍ਹ ਵੱਲ ਦੇਖੀ ਜਾਣ ਵਾ਼ਲਾ ਬੰਦਾ ਹੈ, ਉਹ ਤਾਂ ਸ਼ਬਦਾਂ ਦੇ ਬਾਣ ਨਾ਼ਲ ਕਿੱਕਰ ਤੋਂ ਕਾਟੋ ਲਾਹੁੰਣ ਦਾ ਸ਼ੌਕੀਨ ਹੈ।




ਰਾਠੀ ਹੱਸਣ-ਖੇਡਣ ਅਤੇ ਮਜ਼ਾਕ ਕਰਨ ਵਾ਼ਲਾ ਹੱਸਮੁਖ ਬੰਦਾ ਅਤੇ ਯਾਰਾਂ ਦਾ ਯਾਰ ਹੈ। ਅੱਜ ਕੱਲ੍ਹ ਆਰ-ਪ੍ਰੀਵਾਰ ਸਮੇਤ ਪੱਕੇ ਤੌਰ 'ਤੇ ਕੈਲੇਫ਼ੋਰਨੀਆਂ ਵਸਦਾ ਹੈ। ਲੇਖਣੀ ਪੱਖੋਂ ਜਿੱਥੇ ਲੋਕ 'ਤੂਤੀ' ਜਿਹੀ ਵਜਾਉਂਦੇ ਹਨ, ਉਥੇ ਬਾਈ ਰਾਠੀ "ਨਗਾਰਾ" ਖੜਕਾਉਂਦਾ ਹੈ! ਸ਼ਬਦਾਂ ਦਾ ਨਿਧੜਕ ਨਗਾਰਾ! ਕਹਾਣੀ ਜਾਂ ਕਵਿਤਾ ਨੂੰ ਗੋ਼ਲ-ਮੋ਼ਲ ਕਰਨਾ ਉਸ ਦੀ ਫ਼ਿਤਰਤ ਨਹੀਂ, ਗਜ ਵਾਂਗ ਸਿੱਧੀ ਅਤੇ ਨੰਗੀ ਚਿੱਟੀ ਪੇਸ਼ਕਾਰੀ ਉਸ ਦੀ ਦਲੇਰੀ ਹੈ! ਰਾਠੀ ਕੋ਼ਲ ਖੁੱਲ੍ਹਾ-ਡੁੱਲ੍ਹਾ ਸ਼ਬਦ ਭੰਡਾਰ ਹੈ, ਮਿੱਠੀ ਬੋਲੀ ਹੈ, ਕਹਾਣੀ, ਕਵਿਤਾ ਸਿਰਜਣ ਦੀ ਤਕਨੀਕ ਹੈ, ਨਿੱਗਰ ਵਿਸ਼ੇ ਹਨ, ਬੇਬਾਕ ਅਤੇ ਬਿਨਾ ਝਿਜਕ ਗੱਲ ਕਹਿਣ ਲਈ ਫ਼ੌਲਾਦੀ ਜਿਗਰਾ ਹੈ।

ਸਾਹਿਤਕ ਤੌਰ 'ਤੇ ਉਸ ਨਾ਼ਲ ਮੇਰੀ ਵਾਕਫ਼ੀਅਤ ਉਸ ਦੀ ਕਹਾਣੀ "ਝਿੜੀ ਵਾਲ਼ਾ ਖੂਹ" ਤੋਂ ਹੋਈ। ਅਤੇ ਫਿਰ ਕਵਿਤਾ...। ਗ਼ਜ਼ਲ ਮੈਂ ਪੜ੍ਹਦਾ ਹੀ ਨਹੀਂ। ਇਸ ਦੇ ਦੋ ਖ਼ਾਸ ਕਾਰਨ ਹਨ। ਇੱਕ ਤਾਂ ਗ਼ਜ਼ਲ ਰਾਕਟ ਵਾਂਗ ਮੇਰੇ ਸਿਰ ਉਪਰੋਂ ਦੀ ਘੂਕਦੀ ਲੰਘ ਜਾਂਦੀ ਹੈ, ਦੂਜਾ ਕਾਰਨ ਇਹ ਵੀ ਹੈ ਕਿ 'ਕਈ' ਪੰਜਾਬੀ ਲੇਖਕ ਖਾਂਦੇ ਪੰਜਾਬ ਦਾ ਹਨ ਅਤੇ "ਲੇਡੇ" ਹਿੰਦੀ, ਉਰਦੂ ਜਾਂ ਫ਼ਾਰਸੀ ਦੇ ਕਰਦੇ ਨੇ! ਸਰ੍ਹੋਂ ਦੇ ਸਾਗ ਨਾ਼ਲ ਡਬਲਰੋਟੀ ਖਾਣ ਦੀ ਬਿਰਤੀ...! ਇਸ ਗੱਲ ਕਰਕੇ ਮੈਨੂੰ ਖਿਝ ਆਉਂਦੀ ਹੈ! ਹਰ ਲੇਖਕ ਦੀ ਇਹ ਹੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਜੋ ਲਿਖਿਆ ਜਾਵੇ, ਉਹ "ਆਮ" ਲੋਕਾਂ ਲਈ 'ਸਰਲ ਭਾਸ਼ਾ' ਵਿਚ ਲਿਖਿਆ ਜਾਵੇ, ਨਾ ਕਿ ਜਟਿਲ ਭਾਸ਼ਾ ਵਿਚ! ਮੇਰੀ ਨਜ਼ਰ ਵਿਚ ਉਹ ਲੇਖਕ ਹੀ ਲੋਕਾਂ ਨੇ ਪ੍ਰਵਾਨ ਕੀਤੇ, ਜਿਹਨਾਂ ਨੇ ਆਮ ਲੋਕਾਂ ਦੀ ਸਮਝ ਵਿਚ ਆਉਣ ਵਾ਼ਲਾ ਸੁਖਾ਼ਲਾ ਸਾਹਿਤ ਰਚਿਆ। ਉਸ ਲੇਖਕ ਨੂੰ ਪੜ੍ਹਨ ਦਾ ਸੁਆਦ ਹੀ ਕੀ ਆਉਣਾ ਸੀ, ਜਿਸ ਦੇ ਸ਼ਬਦਾਂ ਦੇ ਅਰਥ ਹੀ ਸਾਨੂੰ 'ਸ਼ਬਦ-ਕੋਸ਼' ਵਿੱਚੋਂ ਲੱਭਣੇ ਪੈਣ? ਅਜਿਹੇ ਲੋਕ "ਬੁੱਧੀਜੀਵੀਆਂ" ਦੇ ਲੇਖਕ ਤਾਂ ਹੋ ਸਕਦੇ ਹਨ, ਸਾਡੇ ਵਰਗੇ ਪੇਂਡੂ ਲੋਕਾਂ ਦੇ ਲੇਖਕ ਨਹੀਂ!

"ਦਿਲ ਦੀ ਅਵਾਜ਼" ਬਾਈ ਰਾਜੇਸ਼ਵਰ ਰਾਠੀ ਦਾ ਪਲੇਠਾ ਕਾਵਿ-ਸੰਗ੍ਰਹਿ ਹੈ। ਕਵਿਤਾ "ਧੀਆਂ" ਵਿਚ ਲੇਖਕ ਨੇ ਖ਼ੁਦਗਰਜ਼, ਮਤਲਬੀ ਅਤੇ ਬੇਰਹਿਮ ਰਿਸ਼ਤਿਆਂ ਦੀ ਗੱਲ ਕੀਤੀ ਹੈ। "ਅਮਰੀਕਾ" ਨਾਂ ਦੀ ਕਵਿਤਾ ਵਿੱਚ ਕਮਾਲ ਦਾ ਵਿਅੰਗ ਅਤੇ ਢੰਗ ਹੈ। "ਇੱਕ ਸੀ ਕੁੜੀ" ਵਿੱਚ ਲੇਖਕ ਨੇ ਅਜਬ ਅਤੇ ਗਜ਼ਬ ਦੀ ਗੱਲ ਕੀਤੀ ਹੈ ਅਤੇ "ਆਪਣੀ ਕਹਾਣੀ" ਵਿੱਚ ਢ਼ਲਦੀ ਉਮਰ ਦੀ ਬਾਤ ਪਾਉਂਦਾ, ਹਾਰਦੇ ਸਰੀਰ ਦੀ ਗੱਲ ਕਰਦਾ ਹੈ, ਜੋ ਹਰ ਵਿਅਕਤੀ ਦੇ ਹਿੱਸੇ ਆਉਣੀ ਹੈ, ਇਸ ਦਾ ਹੇਰਵਾ ਕਰਨਾ ਫ਼ਜ਼ੂਲ ਹੈ! "ਠਾਹ ਸੋਟਾ" ਤੋਂ ਲੈ ਕੇ "ਨਵੀਂ ਕਹਾਣੀ ਹੋ ਗਈ" ਤੱਕ ਇਹ ਹਰ ਪੰਜਾਬ, ਪੰਜਾਬੀ ਅਤੇ ਸਿੱਖੀ ਨੂੰ ਮੁਹੱਬਤ ਕਰਨ ਵਾ਼ਲੇ ਵਿਅਕਤੀ ਦੇ ਮਨ ਦਾ ਵਲਵਲਾ ਹੈ। "ਸੁਪਨੇ ਦਾ ਸ਼ਹਿਰ" ਵਿੱਚ ਲੇਖਕ ਨੇ ਗੁੱਝੀ, ਪਰ ਬੜੀ ਕਰਾਰੀ ਸੱਟ ਮਾਰੀ ਹੈ। ਬਾਈ ਰਾਠੇਸ਼ਵਰ ਸਿੰਘ ਰਾਠੀ ਨੂੰ ਰਚਨਾ ਬੁਣਨੀ ਆਉਂਦੀ ਹੈ, ਸਿਰਜਣ ਦੀ ਮੁਹਾਰਤ ਹਾਸਲ ਹੈ, ਸ਼ਬਦਾਂ ਦਾ ਮਾਂਦਰੀ ਹੈ, ਵਿਸ਼ੇ ਨੂੰ ਕੀਲ ਕੇ ਪਟਾਰੀ ਵਿਚ ਸੁੱਟਣਾਂ ਅਤੇ ਫਿਰ ਸ਼ਬਦ ਤਕਨੀਕ ਦੀ ਬੀਨ ਵਜਾ ਕੇ ਉਸ ਦੇ ਫ਼ਣ ਦੇ ਦਰਸ਼ਣ ਕਰਵਾਉਣੇ ਉਸ ਦੀ ਪ੍ਰਾਪਤੀ ਹੈ! ਮੈਂ ਬਾਈ ਰਾਠੇਸ਼ਵਰ ਸਿੰਘ 'ਰਾਠੀ' ਨੂੰ ਉਹਨਾਂ ਦੇ ਕਾਵਿ-ਸੰਗ੍ਰਹਿ "ਦਿਲ ਦੀ ਅਵਾਜ਼" ਲਈ ਹਾਰਦਿਕ ਵਧਾਈ ਪੇਸ਼ ਕਰਦਾ ਹਾਂ!!

***-ਸ਼ਿਵਚਰਨ ਜੱਗੀ ਕੁੱਸਾ***

## ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ ਦੀ ਮੀਟਿੰਗ

**ਯੂਬਾ ਸਿਟੀ-** ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਯੂਬਾ ਸਿਟੀ (ਕੈਲੇਫੋਰਨੀਆ) ਦੀ ਮੀਟਿੰਗ ਬੀਤੀ 27 ਅਗਸਤ ਨੂੰ 5640 ਆਬਰਨ ਬੁਲੇਵਾਰਡ ਤੇ ਮਾਉਂਟੈਨ ਮਾਈਕ ਪੀਜ਼ਾ ਤੇ ਆਯੋਜਿਤ ਕੀਤੀ ਗਈ, ਜਿਸ ਵਿਚ ਸਾਹਿਤਕ ਸਭਾ ਦਾ ਆਗਾਜ਼ ਕਰਨ ਤੋਂ ਪਹਿਲਾਂ ਸਭਾ ਦੀ ਕਾਰਜਕਾਰਨੀ ਦੇ ਕੁਝ ਨੁਕਤੇ ਵੀ ਚਰਚਾ ਦਾ ਵਿਸ਼ਾ ਰਹੇ।

ਨਵੇਂ ਪ੍ਰਧਾਨ ਜਸਵੰਤ ਜੱਸੀ ਸ਼ੀਮਾਰ ਜੀ ਨੇ ਸਭਾ ਦੇ ਨਵੇਂ ਅਹੁਦੇਦਾਰਾਂ ਦਾ ਐਲਾਨ ਕੀਤਾ, ਜਿਸ ਵਿਚ ਗੋਗੀ ਸੰਧੂ ਬਤੌਰ ਜਨਰਲ ਸਕੱਤਰ ਜ਼ਿੰਮੇਵਾਰੀ ਨਿਭਾਉਣਗੇ। ਹਰਭਜਨ ਸਿੰਘ ਢੇਰੀ ਉਪ ਪ੍ਰਧਾਨ, ਪ੍ਰਮਿੰਦਰ ਸਿੰਘ ਰਾਏ ਆਰਗੇਨਾਈਜ਼ਰ, ਮਨਜੀਤ ਕੌਰ ਸੇਖੋਂ ਖਜਾਨਚੀ ਵਜੋਂ ਸੇਵਾ ਨਿਭਾਉਣਗੇ। ਫੈਸਲਾ ਕੀਤਾ ਗਿਆ ਕਿ ਸਾਹਿਤਕ ਸਕੱਤਰ, ਮਾਣਯੋਗ ਡਾਇਰੈਕਟਰਜ਼ ਦਾ ਨਾਮ ਨੇੜ ਭਵਿੱਖ ਵਿਚ ਐਲਾਨਿਆ ਜਾਵੇਗਾ।

ਇਸ ਹਫਤੇ ਦੌਰਾਨ ਬੈਂਕ ਦਾ ਅਕਾਊਂਟ ਵੀ ਤਬਦੀਲ ਕਰ ਲਿਆ ਜਾਵੇਗਾ। ਦੂਜੀਆਂ ਸਹਿ-ਸਭਾਵਾਂ ਨਾਲ ਬਿਨਾਂ ਕਿਸੇ ਰੰਜਸ਼ ਦੇ ਆਪਣੇ ਮੁੱਖ ਸਾਹਿਤਕ ਪ੍ਰੋਗਰਾਮਾਂ, ਸੈਮੀਨਾਰਾਂ ਵਿਚ ਸਾਹਿਤ ਤੇ ਬੋਲੀ ਦੇ ਝੰਡੇ ਹੇਠ ਬੁਲਾਵਾ ਦੇ ਕੇ ਨਿਵਾਜਿਆ ਜਾਵੇਗਾ। ਪਹਿਲੇ ਪ੍ਰਧਾਨ ਦਿਲ ਨਿੱਝਰ ਹੋਰਾਂ ਬੀਤੇ ਵਰ੍ਹੇ ਦੀ ਲੇਖਾ-ਜੋਖਾ ਪੁਸਤਕ ਮੌਜੂਦਾ ਪ੍ਰਧਾਨ ਨੂੰ ਸੌਂਪਣ ਦਾ ਵਾਅਦਾ ਕੀਤਾ ਤਾਂ ਜੋ ਸਭਾ ਦਾ ਇਤਿਹਾਸ ਸਾਂਭਿਆ ਜਾ ਸਕੇ।

ਇਸ ਮਹੀਨੇਵਾਰ ਇਕੱਤਰਤਾ ਵਿਚ ਵਿਸ਼ੇਸ਼ ਤੌਰ 'ਤੇ ਸਮਰੱਥ ਸ਼ਾਇਰਾ ਬੀਬੀ ਸੁਰਜੀਤ ਕੌਰ ਜੀ, ਭਾਅ ਜੀ ਸ. ਕੇਹਰ ਸਿੰਘ, ਗੁਰਿੰਦਰ ਸੂਰਾਪੁਰੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ, ਜਿਹਨਾਂ ਦੀ ਬਦੌਲਤ ਸਭਾ ਦੀ ਸਾਹਿਤਕ ਮੀਰੀ ਅਤੇ ਅਮੀਰੀ ਮਹਿਸੂਸ ਕੀਤੀ ਗਈ।

ਪ੍ਰਧਾਨ ਸ਼ੀਮਾਰ ਜੀ ਨੇ ਕਾਰਜਕਾਰਨੀ ਦੇ ਨਾਮ ਐਲਾਨ ਕਰਦਿਆਂ ਦੇਸ਼ ਦੇ ਦਰਦ ਭਿੱਜੀ ਭਾਵਪੂਰਨ ਕਵਿਤਾ ਸੁਣਾ ਕੇ ਸਾਹਿਤਕ ਮਾਹੌਲ ਦਾ ਆਗਾਜ਼ ਕੀਤਾ। ਫਿਰ ਚੱਲ ਸੋ ਚੱਲ, ਗੋਗੀ ਸੰਧੂ ਨੇ ਬੜੇ ਦਿਲ ਲੁਭਾਉਣੇ ਅੰਦਾਜ਼ ਵਿਚ ਸਟੇਜ ਦਾ ਸੰਚਾਲਨ ਕੀਤਾ ਤੇ ਮਾਹੌਲ ਨੂੰ ਸਰਗਰਮ ਰੱਖਿਆ।

ਗੁਰਪਾਲ ਖਹਿਰਾ ਜੀ ਦੀ ਆਮਦ ਨੇ ਵੀ ਸਦਾ ਵਾਂਗ ਸਭਾ ਦੇ ਬਗੀਚੇ ਵਿਚ ਵਿਸ਼ੇਸ਼ ਮਹਿਕ ਵੰਡੀ। ਨੰਨੀ ਜਿਹੀ ਪਰੀ ਇਸ਼ਾਨਾ ਸੂਰਾਪੁਰੀ ਦੀ ਸ਼ਮੂਲੀਅਤ ਨੇ ਨਵੀਂ ਪੀੜ੍ਹੀ ਦੀ ਪ੍ਰਤੀਨਿਧਤਾ ਦਾ ਸੰਦੇਸ਼ ਦਿੱਤਾ। ਪੁਰਾਣੇ ਸਮੁੱਚੇ ਮੈਂਬਰਾਂ ਨੇ ਵਕਤ ਸਿਰ ਪਹੁੰਚ ਕੇ ਆਪਣੀ ਭਰਵੀਂ ਹਾਜ਼ਰੀ ਨਾਲ ਨਵੀਂ ਕਾਰਜਕਾਰਨੀ ਦੀ ਸਮਰੱਥ ਸ਼ੁਰੂਆਤ ਨੂੰ ਪੁਖਤਾ ਸਬੂਤ ਦੇ ਦਿੱਤਾ।




ਕੁੱਲ ਮਿਲਾ ਕੇ ਇਹ ਇਕੱਤਰਤਾ ਕਾਮਯਾਬੀ ਨਾਲ ਸਿਖਰ ਚੜ੍ਹੀ। ਕਵੀ ਦਰਬਾਰ ਵਿਚ ਹੇਠ ਲਿਖੇ ਕਵੀਆਂ ਨਾ ਭਾਗ ਲਿਆ- ਰਮੇਸ਼ ਬੰਗੜ, ਅਜਮੇਰ ਗੋਗੀ, ਅਜੈਬ ਸਿੰਘ ਚੀਮਾ, ਗੁਰਿੰਦਰ ਸੂਰਾਪੁਰੀ, ਜਸਵੰਤ ਜੱਸੀ ਸ਼ੀਮਾਰ, ਗੁਰਪਾਲ ਸਿੰਘ ਖੈਹਰਾ, ਹਰਬੰਸ ਸਿੰਘ ਜਗਿਆਸੂ, ਪਰਮਿੰਦਰ ਸਿੰਘ ਰਾਏ, ਕਮਲ ਬੰਗਾ, ਹਰਭਜਨ ਸਿੰਘ ਢੇਰੀ, ਦਿਲ ਨਿੱਜਰ, ਤਤਿੰਦਰ ਕੌਰ, ਸ. ਕੇਹਰ ਸਿੰਘ, ਬੀਬੀ ਸੁਰਜੀਤ ਕੌਰ, ਮਨਜੀਤ ਕੌਰ ਸੇਖੋਂ, ਰਾਜਕੁਮਾਰ, ਬਿਲਾਲ ਸਿੰਘ।

ਇਸ ਮੌਕੇ ਡਾ. ਸੁਰਜੀਤ ਪਾਤਰ ਦੇ ਪੰਜਾਬੀ ਕਲਾ ਪ੍ਰੀਸ਼ਦ ਦੇ ਚੇਅਰਮੈਨ ਬਣਨ ਦੀ ਖੁਸ਼ੀ ਵਿਚ ਮੀਟਿੰਗ ਸਾਂਝੀ ਕੀਤੀ ਗਈ ਅਤੇ ਉਹਨਾਂ ਨੂੰ ਮੁਬਾਰਕਬਾਦ ਭੇਜੀ ਗਈ।

## ਗਾਇਕਾ ਸੁਖਵੰਤ ਸੁੱਖੀ ਵੱਲੋਂ ਮੱਖਣ ਲੁਹਾਰ ਦਾ ਲਿਖਿਆ ਗੀਤ "ਖ਼ੁਸ਼ੀ" ਰਿਲੀਜ਼




ਇਹ ਗੀਤ ਯੂ ਟਿਊਬ ਤੇ ਜਾ ਕੇ Mtrack ਚੈਨਲ ਉੱਤੇ ਸੁਣਿਆ ਜਾ ਸਕਦਾ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਨੇ ਹੜ੍ਹ ਪੀੜਤਾਂ ਲਈ ਸਮਾਨ ਦਾ ਟਰੱਕ ਭੇਜਿਆ










**ਯੂਬਾ ਸਿਟੀ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਮਹਾਨ ਉਪਰਾਲਾ ਕਰਦੇ ਹੋਏ ਟੈਕਸਸ ਹੜ੍ਹ ਪੀੜਤਾਂ ਦੀ ਮਦਦ ਲਈ ਗੁਰੂ ਘਰ ਵੱਲੋਂ 3 ਸਤੰਬਰ ਦਿਨ ਐਤਵਾਰ ਨੂੰ ਖਾਣ-ਪੀਣ ਦੇ ਸਮਾਨ ਦਾ ਟਰੱਕ ਭੇਜਿਆ ਗਿਆ, ਜਿਸ ਵਿਚ ਬੇਅੰਤ ਸੰਗਤਾਂ ਨੇ ਸੇਵਾ ਕੀਤੀ ਅਤੇ ਪ੍ਰਬੰਧਕ ਕਮੇਟੀ ਦੇ ਇਸ ਕਾਰਜ ਨੂੰ ਸ਼ਲਾਘਾਯੋਗ ਆਖਿਆ। ਇਸ ਮੌਕੇ 'ਤੇ ਯੂਬਾ ਸਿਟੀ ਦੇ ਮੇਅਰ ਸ੍ਰੀ ਸਟੈਨਲੀ ਕਲੀਵਲੈਂਡ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਗੁਰੂ ਘਰ ਵਿਚ ਹੋਰ ਸਮਾਜਿਕ ਭਲਾਈ ਦੇ ਕਾਰਜਾਂ ਦੀ ਸ਼ਲਾਘਾ ਕੀਤੀ। ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਅਤੇ ਸਮੂਹ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਵੱਲੋਂ ਇਸ ਮਹਾਨ ਕਾਰਜ ਨੂੰ ਸਫਲ ਬਣਾਉਣ ਲਈ ਸਮੂਹ ਸਾਧ ਸੰਗਤ ਦਾ ਧੰਨਵਾਦ ਕੀਤਾ।

ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਹੋਰ ਟਰੱਕ ਜੋ 9 ਸਤੰਬਰ ਦਿਨ ਸ਼ਨੀਵਾਰ ਨੂੰ ਟੈਕਸਸ ਲਈ ਰਵਾਨਾ ਹੋਵੇਗਾ, ਲਈ ਕਿਸੇ ਵੀ ਪਰਿਵਾਰ ਨੇ ਸੇਵਾ ਕਰਨੀ ਹੋਵੇ, ਉਹ ਗੁਰੂ ਘਰ ਆ ਕੇ ਸੇਵਾ ਕਰ ਸਕਦੇ ਹਨ ਜੀ।

## ਫਰਿਜਨੋ ਤੋਂ ਸਊਥ-ਈਸਟ ਟੈਕਸਾਸ ਲਈ ਹੜ ਪੀੜਤ ਲੋਕਾਂ ਦੀ ਮਦਦ ਲਈ ਰਸਦ ਅਤੇ ਹੋਰ ਸਮਾਨ ਦੇ ਦੋ ਟਰੱਕ ਰਵਾਨਾ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਪਿਛਲੇ ਦਿਨੀਂ ਹਰੀਕੇਨ ਹਾਰਵੇ ਕਾਰਨ ਭਾਰੀ ਹੜ੍ਹਾਂ ਕਾਰਨ ਸਾਊਥ ਈਸਟ ਟੈਕਸਾਸ ਬੁਰੀ ਤਰਾਂ ਨਾਲ ਤਬਾਹ ਹੋ ਗਿਆ ਸੀ। ਇਸ ਤੁਫ਼ਾਨ ਨਾਲ ਤਕਰੀਬਨ ਪੰਜਾਹ ਦੇ ਕਰੀਬ ਲੋਕ ਮਾਰੇ ਜਾ ਚੁੱਕੇ ਹਨ। ਦਰਜਨਾਂ ਲੋਕੀਂ ਹਾਲੇ ਵੀ ਗੁੰਮ ਹਨ। ਤੀਹ ਹਜਾਰ ਘਰਾਂ ਵਿੱਚ ਬਿਜਲੀ ਗੁੱਲ ਹੈ ਅਤੇ ਹਜਾਰਾਂ ਲੋਕ ਬੇਘਰ ਹੋਏ ਡਾਹਢੀਆਂ ਦੁਸ਼ਵਾਰੀਆਂ ਝੱਲ ਰਹੇ ਹਨ। ਇਸ ਮੌਕੇ ਹਲਾਤਾਂ ਨਾਲ ਨਜਿੱਠਣ ਲਈ ਫੌਜ ਬੁਲਾਈ ਗਈ ਹੈ। "ਮਾਨਸ ਕੀ ਜਾਤ ਸਬਹਿ ਇਕੋ ਪਹਚਾਨ ਬੋਹ" ਦੇ ਉਪਦੇਸ਼ ਤੇ ਪਹਿਰਾ ਦਿੰਦਿਆਂ ਫਰਿਜ਼ਨੋ ਦੀ ਜੈਕਾਰਾ ਸੰਸਥਾਂ ਨੇ ਪਹਿਲ ਕਰਦਿਆਂ ਗੁਰਦਵਾਰਾ ਸਿੰਘ ਸਭਾ ਫਰਿਜਨੋ ਅਤੇ ਗੁਰਦਵਾਰਾ ਨਾਨਕ ਪ੍ਰਕਾਸ਼ ਫਾਉਲਰ ਵਿਖੇ ਸਾਊਥ ਟੈਕਸਾਸ ਹੜ ਪੀੜਤਾਂ ਦੀ ਮੱਦਦ ਲਈ ਕੁਲੈਸ਼ਨ ਸੈਂਟਰ ਖੋਲੇ ਹਨ। ਜਿਥੇ ਵੱਡੀ ਗਿਣਤੀ ਵਿੱਚ ਪੰਜਾਬੀ ਅਤੇ ਹੋਰ ਭਾਈਚਾਰਿਆ ਨਾਲ ਸਬੰਧਤ ਲੋਕ ਰੋਜ਼ਮਰਾ ਦੀ ਜਿੰਦਗੀ ਵਿੱਚ ਕੰਮ ਆਉਣ ਵਾਲਾ ਸਮਾਨ ਜਮਾਂ ਕਰਵਾ ਰਹੇ ਹਨ। ਜੈਕਾਰਾ ਸੰਸਥਾ ਦੇ ਬੁਲਾਰੇ ਇਕਬਾਲ ਬੈਂਸ ਨੇ ਕਿਹਾ ਕਿ ਅਸੀਂ ਇੱਕ ਯੂ ਹਾਲ ਟਰੇਲਰ ਤੇ ਪਿੱਕਅਪ ਟਰੱਕ ਲਿਜਾਣ ਬਾਰੇ ਸੋਚਿਆ ਸੀ ਲੇਕਿਨ ਜਦੋਂ ਸ਼ੋਸ਼ਲ ਮੀਡੀਏ ਜ਼ਰੀਏ ਜਾਣਕਾਰੀ ਲੋਕਾਂ ਤੱਕ ਪਹੁੰਚੀ ਤਾਂ ਸਮਾਨ ਦੇ ਦੋ 53 ਫੁੱਟੇ ਟਰੇਲਰ ਭਰ ਗਏ। ਉਹਨਾਂ ਇਸ ਮੌਕੇ ਪੀ ਸੀ ਏ (ਪੰਜਾਬੀ ਕਲਚਰਲ ਐਸੋਸੀਏਸ਼ਨ) ਅਤੇ ਆਪਕਾ ਸੰਸਥਾਂ ਦਾ ਸਹਿਯੋਗ ਲਈ ਸ਼ੁਕਰੀਆ ਅਦਾ ਕੀਤਾ ਤੇ ਕਿਹਾ ਕਿ ਦੋਵਾਂ ਸੰਸਥਾਵਾਂ ਨੇ ਦਸ ਹਜਾਰ ਡਾਲਰ ਦਾ ਵੱਡਾ ਯੋਗਦਾਨ ਪਾਕੇ ਇਸ ਕਾਰਜ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜਨ ਵਿੱਚ ਸਾਡਾ ਸਾਥ ਦਿੱਤਾ ਹੈ। ਇਸ ਮੌਕੇ ਪੀ ਸੀ ਏ ਮੈਂਬਰ ਗੁਰਦਵਾਰਾ ਸਿੰਘ ਸਭਾ ਫਰਿਜਨੋ ਵਿਖੇ ਆਪਣੀਆਂ ਡਿਉਟੀਆਂ ਨਿਭਾ ਰਹੇ ਹਨ ਅਤੇ ਦੂਸਰਾ ਟਰੇਲਰ ਭਰਨ ਲਈ ਪੂਰੇ ਉਤਸ਼ਾਹਿਤ ਹਨ। ਉਹਨਾਂ ਲੋਕਾਂ ਨੂੰ ਬੇਨਤੀ ਕੀਤੀ ਕਿ ਕਿਰਪਾ ਕਰਕੇ ਪੁਰਾਣਾ ਸਮਾਨ ਨਾ ਲਿਆਦਾ ਜਾਵੇ ਖਾਸ ਕਰ ਕੱਪੜੇ ਵਗੈਰਾ। ਜਿਆਦਾ ਓਹਨਾਂ ਪਾਣੀ, ਸੋਡੇ, ਗੇਟਰੇਡ, ਡਾਇਪਰ, ਸੈਨੇਟਾਇਜ਼ਰ ਅਤੇ ਕੈਂਨ ਫੂਡ ਆਦਿ ਡੋਨੇਟ ਕਰਨ ਦੀ ਅਪੀਲ ਕੀਤੀ। ਉਹਨਾਂ ਸਮੂਹ ਪੰਜਾਬੀ ਸੰਸਥਾਵਾਂ ਨੂੰ ਵੀ ਇਸ ਕਾਰਜ ਲਈ ਅੱਗੇ ਆਉਣ ਦੀ ਅਪੀਲ ਕੀਤੀ। ਉਹਨਾਂ ਵਿਸ਼ੇਸ਼ ਤੌਰ ਤੇ ਟਰੱਕਰ ਸੁਰਜੀਤ ਘੋਲੀਆ ਤੇ ਦਲਜੀਤ ਸਿੰਘ ਸਿੱਧੂ ਦਾ ਟਰਾਂਸਪੋਰਟ ਸਾਧਨਾ ਲਈ ਧੰਨਵਾਦ ਕੀਤਾ। ਪੀਸੀਏ ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਦੱਸਿਆ ਕਿ ਪੀਸੀਏ ਅਤੇ ਆਪਕਾ ਗਰੁਪ ਤਕਰੀਬਨ 16000 ਹਜਾਰ ਡਾਲਰ ਇਹਨਾਂ ਰਾਹਤ ਕਾਰਜਾ ਲਈ ਖਰਚ ਚੁਕਿਆ ਹੈ ਅਤੇ ਆਸ ਹੈ ਤਕਰੀਬਨ ਵੀਹ ਹਜਾਰ ਡਾਲਰ ਦੀ ਰਾਹਤ ਸਮੱਗਰੀ ਇਸ ਦੂਸਰੇ ਟਰੇਲਰ ਜਰੀਏ ਫਰਿਜ਼ਨੋ ਦੀ ਸੰਗਤ ਵੱਲੋਂ ਸਾਊਥ ਈਸਟ ਟੈਕਸਾਸ ਲਈ ਰਵਾਨਾ ਹੋਵੇਗੀ। ਉਹਨਾਂ ਕਿਹਾ ਕਿ ਇਹ ਮੌਕਾ ਸਿੱਖ ਪਹਿਚਾਣ ਲਈ ਵੀ ਮੀਲ ਪੱਥਰ ਸਾਬਤ ਹੋਵੇਗਾ।





## ਯੂਬਾ ਸਿਟੀ ਇਲਾਕੇ ਦੀਆਂ ਸਿੱਖ ਸੰਗਤਾਂ ਵੱਲੋਂ ਹੂਸਟਨ ਹੜ੍ਹ ਪੀੜਤਾਂ ਲਈ ਟਰੱਕ ਰਵਾਨਾ




**ਯੂਬਾ ਸਿਟੀ–** ਬੀਤ ਐਤਵਾਰ ਨੂੰ ਸਮੂਹ ਯੂਬਾ ਸਿਟੀ ਇਲਾਕੇ ਦੀਆਂ ਸੰਗਤਾਂ ਲਾਈਵ ਓਕ ਗਰਿੱਡਲੀ ਦੀਆਂ ਸੰਗਤਾਂ ਵੱਲੋਂ ਇਕ ਟਰੱਕ ਸਾਰਿਆਂ ਦੇ ਸਹਿਯੋਗ ਨਾਲ ਹੂਸਟਨ ਨੂੰ ਰਵਾਨਾ ਕੀਤਾ ਗਿਆ, ਜਿਸ ਵਿਚ ਹਰ ਇਕ ਨੇ ਆਪਣਾ ਫਰਜ਼ ਸਮਝਦੇ ਹੋਏ ਹਰ ਇਕ ਲੋੜੀਂਦੀ ਵਸਤੂ, ਪਾਣੀ, ਜੂਸ, ਡਾਇਪਰ, ਬਿਸਕੁਟ, ਸ਼ਾਲਾਂ, ਕੰਬਲ ਅਤੇ ਹਰ ਇਕ ਤਰਾਂ ਦੀ ਰੋਜ਼ਾਨਾ ਵਰਤੋਂ ਦੀਆਂ ਵਸਤੂਆਂ ਸ਼ਾਮਲ ਸਨ, ਇਸ ਵਿਚ ਸਾਰੇ ਗੁਰੂ ਘਰਾਂ ਅਤੇ ਲੰਗਰਾਂ ਵਾਲੇ ਵੀਰਾਂ ਵੱਲੋਂ ਅਤੇ ਹਰ ਇਕ ਮਾਇ.-ਭਾਈ ਸਿੱਖ ਸੰਗਤਾਂ ਅਤੇ ਇਲਾਕੇ ਨਿਵਾਸੀਆਂ ਵੱਲੋਂ ਭਰਪੂਰ ਸਹਿਯੋਗ ਦਿੱਤਾ ਗਿਆ। ਇਸ ਮੌਕੇ ਯੂਬਾ ਸਿਟੀ ਦੇ ਮੇਅਰ ਅਤੇ ਕਾਉਂਟੀ ਦੇ ਸੁਪਰਵਾਈਜ਼ਰ ਵੀ ਹਾਜ਼ਰ ਸਨ। ਟਰੱਕ ਲੈ ਕੇ ਜਾਣ ਵਾਲੇ ਭਾਈ ਸਤਨਾਮ ਸਿੰਘ ਨੂੰ ਗੁਰੂ ਘਰ ਵਿਖੇ ਅਰਦਾਸ ਕਰਨ ਉਪਰੰਤ ਰਵਾਨਾ ਕੀਤਾ ਗਿਆ। ਗੁਰੂ ਘਰ ਦੀ ਕਮੇਟੀ ਵੱਲੋਂ ਸਮੂਹ ਸੇਵਾਦਾਰਾਂ ਦਾ ਧੰਨਵਾਦ ਕੀਤਾ।

**ਰਿਪੋਰਟ– ਹਰਵਿੰਦਰ ਸਿੰਘ**
(530-713-9202)



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

## 3525 Highway 99, West Corning, CA 96021

Across the Street from TA Truck Stop